ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

SATJUG
ਸਤਿਜੁਗ

ਸੰਮਤ 2074
2018 ਈਸਵੀ



ਸਤਿਜੁਗ

ਜਗਤ ਮਾਤਾ ਚੰਦ ਕੌਰ – ਸਿਮ੍ਰਿਤੀ ਅੰਕ

Namdhari Elibrary NamdhariElibrary@gmail.com

ਸਤਿਗੁਰ ਆਇਓ ਸਰਣਿ ਤੁਹਾਰੀ

Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

ਸ੍ਰੀ ਮਾਤਾ ਚੰਦ ਕੌਰ ਜੀ – ਸਿਮ੍ਰਿਤੀ ਅੰਕ
2018 ਈ. (2074 ਬਿ.)

ਮਾਤਾ ਕੈ ਮਨਿ ਬਹੁਤੁ ਬਿਗਾਸੁ

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥
ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ॥
ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ॥
ਰਾਮ ਨਾਮੁ ਨ ਛੋਡਾ ਗੁਰਿ ਦੀਆਂ ਬੁਝਾਇ॥

–ਮਹਲਾ 3

❖❖❖❖

ਮਾਤਾ ਕੈ ਮਨਿ ਬਹੁਤੁ ਬਿਗਾਸੁ॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥

–ਮਹਲਾ 5

Namdhari Elibrary NamdhariElibrary@gmail.com

ਸਤਿਜੁਗ

ਬਸੰਤ ਅੰਕ

18 ਫੱਗਣ ਤੋਂ 8 ਚੇਤਰ—2074-75
(1 - 21 ਮਾਰਚ) 2018
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203
ਜਿਲਦ 26
ਨੰਬਰ 4, 5, 6

ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015
ਫ਼ੋਨ : 01140519403
E:mail:satjugweekly@gmail.com
Website:www.satjugonline.com

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਹਰਵਿੰਦਰ ਸਿੰਘ ਹੰਸਪਾਲ ਦੇ ਪ੍ਰਬੰਧ ਨਾਲ,
ਮਿਸਟਰ ਪ੍ਰਿੰਟ, ਨਰਾਇਣਾ
ਨਵੀਂ ਦਿੱਲੀ ਵਿੱਚ ਛਪਿਆ,
ਦਫ਼ਤਰ ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-110015
ਤੋਂ ਪ੍ਰਕਾਸ਼ਤ ਹੋਇਆ।
(ਨਾਮਧਾਰੀ ਦਰਬਾਰ ਵਾਸਤੇ)

THE SATJUG
Namdhari Gurdwara
Ramesh Nagar, New Delhi-15
RNI No. 55658/93.....
Postal Regd. No. DL (W) 01/2055/18-20
Licence No. U(C)-169/2015-17
to post without pre-payment at
New Delhi PSO

ਇਕ ਸਾਲ	ਦੇਸ - 250 ਰੁ.	
	ਪ੍ਰਦੇਸ - 30 ਪੌਂਡ	
ਪੰਜ ਸਾਲ	ਦੇਸ - 1000 ਰੁ.	
	ਪ੍ਰਦੇਸ - 120 ਪੌਂਡ	

Designed and Typeset at
CADCON INC, New Delhi
singhharkeerat139@gmail.com
Ph : 9871278465

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015
Ph : 01140519403

ਤਤਕਰਾ

ਸਫ਼ਾ	ਲਿਖਤ	...	ਲੇਖਕ
9	ਮਾਤਾ ਚੰਦ ਕੌਰ ਜੀ - ਤੇਰੇ ਕਵਣੁ ਕਵਣੁ ਗੁਣ ਗਾਵਾਂ	...	ਮਾਸਟਰ ਨਿਹਾਲ ਸਿੰਘ
17	ਇਲਾਕਾ ਸ੍ਰੀ ਜੀਵਨ ਨਗਰ ਦੀ ਕਹਾਣੀ	...	ਸੰਤ ਪ੍ਰੀਤਮ ਸਿੰਘ ਕਵੀ
19	ਮੈਨੂੰ ਉਪਕਾਰਾਂ ਦੀ ਨਾ ਗਿਣਤੀ ਹੀ ਆਈ ਏ (ਕਵਿਤਾ)	...	ਮਾਸਟਰ ਅਮਰੀਕ ਸਿੰਘ
20	ਮਹਾਨ ਉਸਰੱਈਏ - ਮਾਤਾ ਚੰਦ ਕੌਰ ਜੀ	...	ਸ. ਸੁਵਰਨ ਸਿੰਘ ਵਿਰਕ
23	ਤਾਂ ਮੈਨੂੰ ਆਪਣੇ ਕਰੀਬ ਪਾਵੇਂਗੇ-ਬਹੁਤ ਕਰੀਬ (ਕਵਿਤਾ)	...	ਸੰਤ ਸੁਖਵਿੰਦਰ ਸਿੰਘ ਲਾਇਲ
24	ਬਿਰਧ ਆਸ਼ਰਮ ਅਤੇ ਮਾਤਾ ਚੰਦ ਕੌਰ ਜੀ	...	ਸ. ਜਸਵਿੰਦਰ ਸਿੰਘ ਹਿਸਟੋਰੀਅਨ
27	ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ	...	ਡਾ. ਦਰਸ਼ਨ ਸਿੰਘ ਮੌਜੂਖੇੜਾਂ
28	ਮੇਰਾ ਮਨੋਰਥ ਸਦਾ ਸਤਿਗੁਰੂ ਜੀ ਦੀਆਂ ਖੁਸ਼ੀਆਂ-ਮਾਤਾ ਚੰਦ ਕੌਰ ਜੀ	...	ਸੰਤ ਜਗਤਾਰ ਸਿੰਘ
30	ਮਾਤਾ ਜੀ ਨੇ ਆਪਣੀ ਜ਼ਿੰਮੇਵਾਰੀ ਬਾਖੂਬੀ ਪੂਰੀ ਤਰ੍ਹਾਂ ਨਿਭਾਈ	...	ਸ. ਐਚ. ਐਸ. ਹੰਸਪਾਲ
32	ਅਪਾਰ ਬਖਸ਼ਿਸ਼ਾਂ ਦੇ ਮਾਲਕ ਮਾਤਾ ਚੰਦ ਕੌਰ ਜੀ	...	ਸ੍ਰੀ ਦੇਵਿੰਦਰ ਸਿੰਘ ਗਿਲ, ਜੀਆ ਨੱਥਾ
36	ਐਸੀ ਸੀ ਸਾਡੀ ਮਾਂ ਮਾਤਾ ਚੰਦ ਕੌਰ	...	ਸੰਤ ਗੁਰਬਚਨ ਸਿੰਘ ਨਾਮਧਾਰੀ
39	ਮਾਤਾ ਜੀ ਦਾ ਰੁਤਬਾ	...	ਸੂਬਾ ਬਲਵਿੰਦਰ ਸਿੰਘ ਝੱਲ
41	ਮਹਿਮਾ ਮਾਤਾ ਚੰਦ ਕੌਰ ਜੀ ਦੀ (ਕਵਿਤਾ)	...	ਸ. ਹਰਬੰਸ ਸਿੰਘ
42	ਮਾਤਾ ਚੰਦ ਕੌਰ ਜੀ ਸੇਵਾ, ਸਾਦਗੀ ਤੇ ਸ਼ਰਧਾ ਦੀ ਮੂਰਤੀ	...	ਪ੍ਰੋ. ਤਾਰਾ ਸਿੰਘ ਅਨਜਾਣ
43	ਸੱਚੇ ਦਿਲਦਾਰ ਦਾ (ਕਵਿਤਾ)	...	ਸੂਬਾ ਨਿਰੰਜਨ ਸਿੰਘ ਟਮਕੌਦੀ
44	ਮਾਤਾ ਜੀ ਨੇ ਆਪਣੇ ਬਚਨਾਂ ਨਾਲ ਸੰਗਤਾਂ ਦੀਆਂ ਝੋਲੀਆਂ ਭਰ ਦਿੱਤੀਆਂ	...	ਬੀਬੀ ਕੰਵਲਜੀਤ ਕੌਰ, ਬੰਕੌਕ
48	ਮਸਤਾਨਗੜ੍ਹ ਆਬਾਦ ਕਰਨ ਵਿੱਚ ਮਾਤਾ ਜੀ ਦਾ ਯੋਗਦਾਨ	...	ਸ. ਮੁਖਤਿਆਰ ਸਿੰਘ ਬਾਜੇ ਵਾਲੇ
50	ਮਾਤਾ ਜੀ ਉਪਕਾਰ ਜੋ ਕੀਤੇ ਭੁੱਲ ਨਹੀਂ ਸਕਦੇ ਸਾਰੇ (ਕਵਿਤਾ)	...	ਸੰਤ ਹਰਭਜਨ ਸਿੰਘ ਐਲਨਾਬਾਦ
51	ਮਾਤਾ ਜੀ ਦੀ ਸੇਵਾ ਭਾਵਨਾ	...	ਸ. ਲਖਵਿੰਦਰ ਸਿੰਘ ਬਾਜਵਾ
53	ਮਾਤਾ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਸਾਕਾਰ ਕੀਤਾ	...	ਮਾਸਟਰ ਗੋਬਿੰਦ ਸਿੰਘ ਬੁਰਜ ਬਰੋਤ
55	ਨਾਮਧਾਰੀ ਪੰਥ ਨੂੰ ਸੰਕਟ ਚੋਂ ਉਭਾਰਿਆ ਮਾਤਾ ਚੰਦ ਕੌਰ ਜੀ ਨੇ	...	ਸੰਤ ਕੇਸਰ ਸਿੰਘ, ਲਾਡੀ
56	ਕਿੱਥੇ ਤੁਰ ਗਏ ਮਾਤਾ ਜੀ (ਕਵਿਤਾ)	...	ਸ. ਗੁਰਮੀਤ ਸਿੰਘ
57	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਸਾਰੂ ਕਾਰਜ	...	ਸ. ਗੁਰਜੀਤ ਸਿੰਘ
59	ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਆਜ਼ਾਦੀ ਦੇ 70 ਵਰ੍ਹੇ	...	ਸ੍ਰੀ ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ
62	ਸ੍ਰੀ ਜਗਜੀਤ ਨਗਰ ਇਕ ਸਵ੍ਰਗ	...	ਸ. ਸੁਵਰਨ ਸਿੰਘ ਵਿਰਕ
63	ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਦਾ ਪਾਲਣ ਕਰਨ ਵਾਲੇ ਸ੍ਰੀ ਮਾਤਾ ਚੰਦ ਕੌਰ ਜੀ	...	ਸ. ਗੁਰਚਰਨ ਸਿੰਘ ਚੰਨ
67	ਮਾਤਾ ਜੀ ਦੇ ਬਚਨ ਅਟੱਲ ਸਨ	...	ਬੀਬੀ ਹਰਭਜਨ ਕੌਰ ਚਾਨਾ (ਯੂ. ਕੇ.)
69	ਸੁੱਖਾਂ ਦੀਆਂ ਝੋਲੀਆਂ ਭਰਨ ਵਾਲੇ ਮਾਤਾ ਚੰਦ ਕੌਰ ਜੀ	...	ਸੰਤ ਪੂਰਨ ਸਿੰਘ ਨਿਰਾਲਾ
71	ਐ ਜਗਤ ਮਾਂ ਐ ਮੇਰੀ ਚੰਦ ਕੌਰ ਮਾਂ	...	ਬੀਬੀ ਨਰਿੰਦਰ ਕੌਰ, ਦਿੱਲੀ
73	ਕਹਿਰ ਕਮਾਇਆ ਪਾਪੀਆ (ਕਵਿਤਾ)	...	ਬੀਬੀ ਜਸ਼ਨਪ੍ਰੀਤ ਕੌਰ ਭੰਗੂ
74	ਹੋਲਾ ਮਹੱਲਾ ਸਾਡੇ ਨਾਨਕੇ ਪਿੰਡ	...	ਬੀਬੀ ਸਿੰਦਰ ਕੌਰ, ਦਿੱਲੀ
76	ਵਿਸ਼ਾਲ ਹਿਰਦੇ ਵਾਲੀ ਮਾਂ ਮਾਤਾ ਚੰਦ ਕੌਰ ਜੀ	...	ਡਾ. ਰਜਵੰਤ ਕੌਰ ਸੰਧੂ
78	ਚਾਨਣ ਮੁਨਾਰਾ ਮਾਤਾ ਚੰਦ ਕੌਰ ਜੀ	...	ਪ੍ਰਿੰਸੀਪਲ ਸਤਵੰਤ ਕੌਰ
80	ਮਾਤਾ ਜੀ ਦੀ ਅਮਰ ਕਹਾਣੀ (ਕਵਿਤਾ)	...	ਪ੍ਰੋ. ਤਾਰਾ ਸਿੰਘ ਅਨਜਾਣ
81	ਪੂਜਯ ਮਾਤਾ ਚੰਦ ਕੌਰ ਜੀ ਦੀ ਸੇਵਾ ਭਾਵਨਾ	...	ਸੰਤ ਸਰਦਾਰ ਸਿੰਘ ਅਮਰਾਸਰ ਕਲਾਂ
83	ਬੀਤੇ ਪਲ - ਅੰਤਿਮ ਪਲ	...	ਕਵੀਸ਼ਰ ਗੁਰਸੇਵਕ ਸਿੰਘ
84	ਮਾਤਾ ਜੀ ਦੀ ਸੇਵਾ	...	ਬੀਬੀ ਹਰਭਜਨ ਕੌਰ ਚਾਨਾ (ਯੂ. ਕੇ.)
85	ਸੇਵਾ ਦੀ ਮਿਸਾਲ ਮਾਤਾ ਚੰਦ ਕੌਰ ਜੀ	...	ਸ. ਬਲਦੇਵ ਸਿੰਘ ਵੜੈਚ
86	ਜਿੰਦਾਂ ਮਾਤਾ ਜੀ ਸਾਨੂੰ ਪਿਆਰ ਦਿੱਤਾ (ਕਵਿਤਾ)	...	ਜਥੇਦਾਰ ਕਮਾਲ ਸਿੰਘ ਕਮਾਲ
87	ਸਤਿਗੁਰੂ ਸਾਹਿਬਾਨਾਂ ਦੀ ਕਿਰਪਾ ਬਖਸ਼ਿਸ਼	...	ਸ. ਲਖਵਿੰਦਰ ਸਿੰਘ ਬਾਜਵਾ
88	ਸਾਡੀ ਝੋਲੀ ਚ ਕੀਰਨੇ ਪਾ ਗਏ ਓ (ਕਵਿਤਾ)	...	ਬੀਬੀ ਰਜਿੰਦਰ ਕੌਰ ਪੰਨੂ
89	ਜਗਤ ਮਾਤਾ ਨੂੰ ਗੋਲੀਆਂ ਮਾਰਨ ਵਾਲਿਆ (ਕਵਿਤਾ)	...	ਸੰਤ ਸਾਧੂ ਸਿੰਘ ਕਿਸਾਨ
90	ਵਿਛੋੜਾ ਮਾਤਾ ਚੰਦ ਕੌਰ ਦਾ (ਕਵਿਤਾ)	...	ਕਵੀ ਕਰਨੈਲ ਸਿੰਘ ਅਸਪਾਲ
91	ਮਾਤਾ ਚੰਦ ਕੌਰ ਜੀ ਦੀਆਂ ਯਾਦਾਂ (ਕਵਿਤਾ)	...	ਸੰਤ ਪੂਰਨ ਸਿੰਘ ਨਿਰਾਲਾ
92	गुरु माता एक संघर्ष	...	डॉ. रेणु द्विवेदी
94	सर्वआदरणीय माता चंद कौर जी	...	स. सुरजीत सिंह जोबन
96	Sri Mata Chand Kaur Image of Sewa, Humility and Faith	——	Prof. Tara Singh Anjan
98	Role Model - Mata Chand Kaur Ji	——	Principal Satwant Kaur
101	Mata Chand Kaur Ji - She Shined like Goddess	——	Sri H. S. Hanspal Ex. M.P,

Namdhari Elibrary NamdhariElibrary@gmail.com

ਪ੍ਰਵਚਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਾਧ ਸੰਗਤ ਜੀ ਤੁਸੀਂ ਨਾਮ ਜਪਕੇ ਤੇ ਵੇਖੋ ਤੁਹਾਡਾ ਧਨ ਕਿੰਨਾਂ ਵਧਦਾ ਹੈ। ਖਾਦਾਂ ਪਾਓ, ਪੈਲੀ ਖਰੀਦੋ, ਵਪਾਰ ਕਰੋ, ਇਹ ਤੇ ਬੜਾ ਕੁਛ ਕਰਦੇ ਹਾਂ, ਪਰ ਅਸੀਂ ਨਾਮ ਜਪਣ ਵਾਲਾ ਤਜਰਬਾ ਨਹੀਂ ਕਰਦੇ। ਨਾਮ ਵਿੱਚ ਸਭ ਤੋਂ ਵੱਡੀ ਚੀਜ਼ ਇਹ ਹੈ ਕਿ -"ਜਿਸ ਕੋਲ ਨਾਮ ਹੈ ਉਸਨੂੰ ਕਦੀ ਦੁੱਖ ਜਾਪਦਾ ਹੀ ਨਹੀਂ ਭਾਵ ਦੋਵੇਂ ਹਾਲਾਤ ਉਸਨੂੰ ਕਦੇ ਮਹਿਸੂਸ ਨਹੀਂ ਹੁੰਦੇ"। ਜਿਹੜਾ ਆਦਮੀਂ ਨਾਮ ਨਹੀਂ ਜਪਦਾ ਉਹਦੇ ਕੋਲ ਦੋਵਾਂ ਹਾਲਤਾਂ ਵਿੱਚ ਦੁੱਖ ਆਉਂਦਾ ਹੈ।

ਜਿਸ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥

ਬਾਣੀ ਵਿੱਚ ਸਤਿਗੁਰਾਂ ਨੇ ਇਹ ਵੀ ਲਿਖਿਆ ਹੈ:

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥

ਇਹਨਾਂ ਦੋਵਾਂ ਹਾਲਤਾਂ ਤੋਂ ਬਚਨ ਵਾਸਤੇ, ਜਿਸ ਤਰ੍ਹਾਂ ਸਾਈਕਲ ਦੇ ਅੱਗੇ ਪਿਛੇ ਇਕ-ਇਕ ਪਹੀਆ ਹੁੰਦਾ ਹੈ ਜਿਹੜੇ ਉਹਨੂੰ ਚਲਾਉਣ ਦੀ ਜਾਚ ਸਿਖ ਲੈਣ ਬੜਾ ਸਫਰ ਕਰ ਲੈਂਦੇ ਨੇ ਨਹੀਂ ਤੇ ਆਦਮੀ ਡਿਗ ਪੈਂਦਾ ਹੈ, ਗੋਡੇ ਗਿੱਟੇ ਭਨਾਉਂਦਾ ਹੈ। ਸੋ ਬੈਲੇਂਸ ਕਰੋ ਦੋਹਾਂ ਚੀਜ਼ਾਂ ਨੂੰ, ਇਹ ਦੋਵੇਂ ਚੀਜ਼ਾਂ ਸਾਨੂੰ ਦੁੱਖ ਨਾ ਦੇਣ-

ਜਨਮੇ ਕਉ ਵਾਜਹਿ ਵਾਧਾਏ ਸੋਹਿਲੜੇ ਅਗਿਆਨੀ ਗਾਏ॥

ਭਜਨ ਬਾਣੀ ਕਰਨਾ ਤੇ ਕਰਾਉਣਾ, ਨਾਮ ਜਪਣਾ, ਨਾਮ ਜਪਾਉਣਾ, ਇਸ਼ਨਾਨ ਕਰਨਾ, ਇਸ਼ਨਾਨ ਕਰਾਉਣਾ, ਦਾਨ ਕਰਨਾ, ਦਾਨ ਕਰਾਉਣਾ, ਇਹ ਸਭ ਵਸਤੂਆਂ ਤੁਹਾਡੇ ਵਿੱਚ ਹੋਣੀਆਂ ਚਾਹੀਦੀਆਂ ਹਨ।

ਗੁਰ ਉਪਦੇਸ਼

ਸ੍ਰੀ ਸਤਿਗੁਰੂ ਉਦੈ ਸਿੰਘ ਜੀ

ਮਾਤਾ ਜੀ ਨੇ ਆਪਣਾ ਆਪ ਕਦੀ ਜਤਾਇਆ ਨਹੀਂ

ਇੱਕ ਵਾਰੀ ਸਾਰੇ ਰਸਨਾ ਪਵਿੱਤਰ ਕਰੀਏ ਬੜੇ ਪਿਆਰ ਨਾਲ ਆਖੀਏ "ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।" ਇੱਕਵਾਰੀ ਉਸ ਮਾਂ ਨੂੰ ਵੀ ਯਾਦ ਕਰੀਏ ਜਿਸਨੇ ਕਦੀ ਆਪਣਾ ਆਪ ਜਤਾਇਆ ਨਹੀਂ ਦੂਸਰੇ ਨੂੰ ਸਹੀ ਰਾਹ ਤੇ ਤੁਰਨਾ ਸਿਖਾਇਆ ਉਹਨਾਂ ਨੂੰ ਵੀ ਯਾਦ ਕਰਦੇ ਹੋਏ ਆਖੀਏ "ਧੰਨ ਸ੍ਰੀ ਮਾਤਾ ਚੰਦ ਕੌਰ ਜੀ।" ਮੇਰੀ ਸੰਭਾਲ ਅਨੁਸਾਰ ਮਾਤਾ ਜੀ ੬੬-੬੭ ਸੰਨ ਤੋਂ ਜਦੋਂ ਮੇਰੀ ੭-੮ ਸਾਲ ਦੀ ਉਮਰ ਸੀ, ਜਿਹੜਾ ਵੀ ਕੰਮ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ, ਮਾਤਾ ਜੀ ਨੇ ਕਰਵਾਇਆ। ਉਦੋਂ ਮਾਤਾ ਜੀ ਨੇ ਹੁਕਮ ਅਨੁਸਾਰ ਮਸਤਾਨਗੜ੍ਹ ਆਬਾਦ ਕੀਤਾ ਸੀ। ਇਥੋਂ ਤੱਕ ਕਿ ਉਦੋਂ ਕਣਕਾਂ ਵਢਣੀਆਂ, ਕਣਕਾਂ ਦੀਆਂ ਭਰੀਆਂ ਭਰਨੀਆਂ, ਨਰਮੇ ਚੁਗਣੇ। ਮਾਤਾ ਜੀ ਨੇ ਮਸਤਾਨਗੜ੍ਹ ਉਸਾਰਿਆ ਵੀ ਮਸਤਾਨਗੜ੍ਹ ਮੇਲੇ ਵੀ ਕਰਵਾਏ।

ਸ੍ਰੀ ਭੈਣੀ ਸਾਹਿਬ ਸ਼ਾਇਦ ਹੀ ਕੋਈ ਬਿਲਡਿੰਗ ਹੋਵੇ ਜਿਸ ਵਿੱਚ ਮਾਤਾ ਜੀ ਦੇ ਹੱਥਾਂ ਦੀਆਂ ਇੱਟਾਂ ਜਾਂ ਰੋੜਾ ਨਾ ਲਗਿਆ ਹੋਵੇ।ਪ੍ਰਤਾਪ ਮੰਦਰ ਦੀ ਉਸਾਰੀ ਹੋਈ ਮਾਤਾ ਜੀ ਆਪਣੇ ਸਿਰ ਉੱਤੇ ਟੋਕਰੀਆਂ ਚੁੱਕ ਚੁੱਕ ਕੇ ਇਥੇ ਇੱਟਾਂ ਢੋਈਆਂ। ਇਥੇ ਰੇਤਾ ਢੋਇਆ। ਹਰ ਵੇਲੇ ਉਨ੍ਹਾਂ ਦਾ ਧਿਆਨ ਸੇਵਾ ਵਿੱਚ ਹੀ ਰਿਹਾ। ਜਦੋਂ ਕੋਈ ਆਪਣੇ ਇਲਾਜ ਵਾਸਤੇ, ਬੱਚੀ ਦੇ ਵਿਆਹ, ਪੜ੍ਹਾਈ-ਲਿਖਾਈ ਵਾਸਤੇ ਮਾਤਾ ਜੀ ਕੋਲ ਗਿਆ ਉਹ ਨਿਰਾਸ਼ ਹੋ ਕੇ ਨਹੀਂ ਪਰਤਿਆ। ਜਾਣ ਲਗਾ ਉਹ ਸਿੱਖ ਧੰਨ ਮਾਤਾ ਚੰਦ ਕੌਰ ਜੀ, ਧੰਨ ਮਾਤਾ ਚੰਦ ਕੌਰ ਜੀ ਆਖ ਧੰਨ ਭਾਗ ਸਮਝਦਾ।

ਸਾਦਗੀ

ਆਪਾਂ ਗੱਲ ਸਾਦਗੀ ਦੀ ਕਰੀਏ। ਜੇ ਕਿਸੇ ਸਾਦਗੀ ਸਿਖਣੀ ਹੋਵੇ, ਤਾਂ ਉਹ ਮਾਤਾ ਜੀ ਕੋਲੋਂ ਸਿੱਖੇ। ਤੁਸੀਂ ਮਾਤਾ ਜੀ ਦੀਆਂ ਲੱਗੀਆਂ ਫੋਟੋਆਂ ਵੇਖੀਆਂ ਨੇ ਮਾਤਾ ਜੀ ਨੇ ਕਦੇ ਸੋਹਣੇ ਬਸਤਰ ਪਾਉਣ ਦੀ ਕੋਸ਼ਿਸ਼ ਨਹੀਂ ਸੀ ਕੀਤੀ।

ਤੁਸੀਂ ਮਾਤਾ ਜੀ ਦੇ ਚਿਹਰੇ ਦਾ ਨੂਰ ਵੇਖਿਆ ਏ? ਜੇ ਤੁਸੀਂ ਫੋਟੋਆਂ ਵੇਖੋ, ਜਿਹੜਾ ਉਨ੍ਹਾਂ ਦੇ ਚਿਹਰੇ ਉੱਤੇ ਨੂਰ ਏ ਉਹ ਕਿਸੇ ਮੇਕਅਪ ਨਾਲ ਨਹੀਂ ਆਉਂਦਾ, ਉਹ ਨੂਰ ਸੇਵਾ ਨਾਲ ਹੀ ਆਉਂਦਾ ਏ। ਰੱਬ ਨੂੰ ਕਿਸੇ ਨੇ ਗਾ ਕੇ ਪਾਇਆ, ਕਿਸੇ ਨੇ ਨਾਮ ਜਪ ਕੇ ਪਾਇਆ ਪਰ ਮਾਤਾ ਜੀ ਨੇ ਸੇਵਾ ਕਰਕੇ ਪਾਇਆ।

ਗੁਰ ਉਪਦੇਸ਼

ਹੁਕਮਾਂ ਦੀ ਪਾਲਣਾ

ਮਾਤਾ ਜੀ ਨੇ ਗੁਰਬਾਣੀ ਮੁਤਾਬਿਕ 'ਸੱਚੇ ਮਾਰਗਿ ਚਲਦਿਆ ਉਸਤਤ ਕਰੇ ਜਹਾਨ' ਦੇ ਰਾਹ ਤੇ ਸਭ ਨੂੰ ਚਲਣਾ ਸਿਖਾਇਆ। ਉਹਨਾਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਹੁਕਮਨਾਮਾ "ਖਿਮਾ ਧੀਰਜ ਵਾਲਿਆਂ ਦੇ ਸਦਾ ਗੁਰੂ ਅੰਗ ਸੰਗ ਏ" ਨੂੰ ਸਾਕਾਰ ਕੀਤਾ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਤੇ ਅਰਦਾਸ ਕਰੀਏ ਕਿ ਅਸੀਂ ਵੀ ਮਾਤਾ ਜੀ ਜਿਸ ਤਰ੍ਹਾਂ ਜ਼ਿੰਦਗੀ ਵਿੱਚ ਰਹੇ ਨੇ ਸਾਨੂੰ ਉਹਦੇ ਵਿੱਚੋਂ ਕੁੱਝ ਕਣ ਬਖਸ਼ੋ। ਅਸੀਂ ਵੀ ਮਾਤਾ ਜੀ ਵਰਗੀ ਸੇਵਾ ਕਰ ਸਕੀਏ। ਅਸੀਂ ਵੀ ਕਿਸੇ ਗਰੀਬ ਨੂੰ ਵੇਖ ਕੇ ਦੁਖੀ ਹੋ ਸਕੀਏ ਤਾਂਕਿ ਚੰਗੇ ਸਮਾਜ ਦੀ ਸਿਰਜਣਾ ਕਰ ਸਕੀਏ।

ਸ਼ਹਾਦਤ

ਸਿੱਖ ਪੰਥ ਤਾਂ ਜੰਮਿਆ ਹੀ ਸ਼ਹੀਦੀਆਂ ਚੋਂ ਹੈ। ਨਾਮਧਾਰੀ ਸਿੰਘਾਂ ਨੇ ਕਿੰਨੀਆਂ ਸ਼ਹਾਦਤਾਂ ਦਿੱਤੀਆਂ ਨੇ, ਕਿਸ ਤਰ੍ਹਾਂ ਮਲੇਰਕੋਟਲੇ ਸਿੰਘ ਸ਼ਹੀਦ ਹੋਏ ਨੇ, ਕਿਸ ਤਰ੍ਹਾਂ ਅੰਮ੍ਰਿਤਸਰ ਸ਼ਹੀਦ ਹੋਏ ਨੇ, ਅਤੇ ਕਿਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ ਜੀ ਦਾ ਵਿਛੋੜਾ ਸਾਨੂੰ ਪਿਆ ਹੈ। ਮਾਤਾ ਜੀ ਨੇ ਵੀ ਸੱਚ ਵਾਸਤੇ ਸ਼ਹਾਦਤ ਦਿੱਤੀ ਏ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਮਾਤਾ ਜੀ ਨੇ ਸੱਚ ਦੀ ਲੜਾਈ ਵਿੱਚ ਸ਼ਹਾਦਤ ਦਿੱਤੀ ਹੈ। ਇਹ ਜ਼ਰੂਰ ਹੈ ਕਿ ਦੁੱਖ ਤਾਂ ਹੁੰਦਾ ਹੀ ਏ। ਖ਼ਾਸ ਕਰਕੇ ਮਾਵਾਂ ਦਾ ਦੁੱਖ ਹੁੰਦਾ ਹੀ ਏ। ਮਾਂ ਉਸ ਨੂੰ ਪਿਆਰ ਕਰਦੀ ਏ ਜਿਸ ਨੂੰ ਉਹਨੇ ਪੇਟ ਵਿੱਚੋਂ ਜਨਮ ਦਿੱਤਾ ਹੁੰਦਾ ਏ, ਕੋਈ ਆਪਣੇ ਪੋਤਰਿਆਂ ਨੂੰ ਪਿਆਰ ਕਰਦੀ ਏ। ਇਹ ਮਾਤਾ ਚੰਦ ਕੌਰ ਉਹ ਮਾਂ ਸੀ ਜਿੰਨੇ ਪਿਆਰ ਕਰਨ ਲਗਿਆਂ ਨਾ ਉਹਦਾ ਰੰਗ ਵੇਖਿਆ ਹੈ, ਨਾ ਉਸ ਦੀ ਜਾਤਪਾਤ ਵੇਖੀ। ਆਪਾਂ ਆਪਣੀ ਮਾਂ ਕੋਲੋਂ ਇਹ ਸਿੱਖਿਆ ਲੈਣੀ ਹੈ।

ਅੱਜ ਮਾਤਾ ਚੰਦ ਕੌਰ ਜੀ ਦੀ ਸਿਮ੍ਰਿਤੀ ਵਿੱਚ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਬਣਿਆ 'ਜਗਜੀਤ ਮੰਦਰ' ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ **'ਸਤਿਗੁਰੂ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ'**।

SHE WAS FAITHFUL AND HUMBLE

Mata Chand Kaur was a humanitarian. This means she did things to help out others. Her entire life was fully devoted to helping the poor, the sick, the needy and helpless.

FAITHFUL AND HUMBLE

Mata Ji was loved by one and all and became famous, because she was a person, who was faithful and humble. She used to help the poorest of poor.

FIND TIME TO HELP

She always helped people and she never judged people or cared whether a person was hungary, homeless or had a disease. She would always find time to help them.

ETHICAL CHARACTERISTICS

Kindness was her virtue and her behavior always marked by ethical characteristics, a pleasant disposition and a concern for others. It was her moral excellence.

Namdhari Elibrary NamdhariElibrary@gmail.com

BEING FRIENDLY

The Divine Soul had the quality of being friendly, generous and considerate. It was in her nature of being gentle, caring and helpful.

COURAGE AND STRENGTH



Affection gentleness, warmth, concern and care was part of her life. Being kind requires courage and strength, which she had in abundance.

WARM HEARTED

Pious Mata Ji had the inner peace and contentment by serving and caring for the happiness of others. She felt, cultivating a close warm hearted feeling for others.

SHE KNEW KINDNESS

Mata Ji practiced kindness because she knew kindness is a powerful antidote to non-virtues such as avarice, anger and pride.

-H. S. Hanspal

ਮਾਤਾ ਜੀ ਨੇ ਬਚਨ ਸਚ ਕਰ ਵਿਖਾਇਆ

ਮਾਤਾ ਚੰਦ ਕੌਰ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਤੇ ਕਿਸ ਤਰ੍ਹਾਂ ਖਰ੍ਹੇ ਉਤਰੇ? ਸਤਿਗੁਰੂ ਜੀ ਦੇ ਬਚਨ ਮੁਤਾਬਿਕ ਕਿ "ਮੇਰੀ ਨੂੰਹ ਇਹੋ ਜਿਹੀ ਹੋਵੇ ਜਿਸ ਦੀਆਂ ਬਾਵਾਂ ਅਰਕਾਂ ਤੱਕ ਲਿਬੜੀਆਂ ਹੋਣ।" ਉਸ ਬਚਨ ਨੂੰ ਸੱਚ ਕਰ ਵਿਖਾਇਆ ਮਾਤਾ ਚੰਦ ਕੌਰ ਜੀ ਨੇ। ਮਾਤਾ ਜੀ ਨੇ ਨਾ ਦਿਨ ਵੇਖਿਆ ਨਾ ਰਾਤ। ਸੇਵਾ, ਸਿਮਰਨ ਅਤੇ ਉਸਾਰੀ ਦੇ ਕੰਮਾਂ ਵਿੱਚ ਧਿਆਨ ਦਿੱਤਾ। ਉਹਨਾਂ ਦੀ ਬਖ਼ਸ਼ਸ਼ ਸਦਕਾ ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਨੂੰ ਭਾਗ ਲਗੇ। ਮਸਤਾਨਗੜ੍ਹ ਇਲਾਕਾ ਆਬਾਦ ਕਰਨ ਵਿੱਚ ਮਾਤਾ ਜੀ ਨੇ ਟੋਕਰੀਆਂ ਆਪ ਸਿਰ ਤੇ ਚੁੱਕ ਢੋਈਆ। ਜੰਗਲੀ ਇਲਾਕੇ ਨੂੰ ਪੱਧਰ ਕਰ ਚੌੜੀਆਂ ਪਕੀਆਂ ਸੜਕਾਂ ਬਣਵਾਈਆਂ, ਮਸਤਾਨਗੜ੍ਹ ਦੀ ਕੋਠੀ ਤਿਆਰ ਕਰਵਾਈ ਇਹ ਸਭ ਮਾਤਾ ਜੀ ਦੀ ਸੇਵਾ ਲਗਨ ਦਾ ਨਤੀਜਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1947 ਦੀ ਭਾਰਤ ਵੰਡ ਹੋਣ ਤੋਂ ਪਹਿਲਾਂ ਉਥੋਂ ਉਜੜ ਕੇ ਆਏ ਲੋਕਾਂ ਨੂੰ ਕਿਸ ਤਰ੍ਹਾਂ ਵਸਾਇਆ, ਇਸ ਦੀ ਚਰਚਾ ਆਪਣੇ ਲੇਖਾ ਵਿੱਚ ਸੰਤ ਪ੍ਰੀਤਮ ਸਿੰਘ ਕਵੀ, ਸ. ਸੁਵਰਨ ਸਿੰਘ ਵਿਰਕ, ਸ. ਜਸਵਿੰਦਰ ਸਿੰਘ ਹਿਸਟੋਰੀਅਨ, ਸ੍ਰੀ ਦਵਿੰਦਰ ਸਿੰਘ ਗਿੱਲ (ਜੀਆ ਨਥਾ), ਸ. ਗੁਰਚਰਨ ਸਿੰਘ ਚੰਨ, ਸੰਤ ਲਖਵਿੰਦਰ ਸਿੰਘ ਬਾਜਵਾ, ਸੰਤ ਮੁੱਖਤਿਆਰ ਸਿੰਘ ਬਾਜੇਵਾਲਿਆ ਨੇ ਬਾਖ਼ੂਬੀ ਕੀਤੀ ਹੈ।

ਸੰਤ ਪ੍ਰੀਤਮ ਸਿੰਘ ਕਵੀ ਨੇ ਇਲਾਕਾ ਸ੍ਰੀ ਜੀਵਨ ਨਗਰ ਵਸਾਉਣ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਨੂੰ ਇੰਜ ਫੁਰਮਾਇਆ ਹੈ: "**ਖਾਲਸਾ ਜੀ, ਬਾਹਰ ਜੋ ਕੁਝ ਹੋ ਰਿਹਾ ਹੈ, ਬਹੁਤ ਬੁਰਾ ਹੈ। ਆਪਾਂ ਉਸ ਰਾਹੇ ਨਹੀਂ ਪੈਣਾ। ਇਹ ਮੁਸਲਮਾਨ ਵੀ ਸਾਡੇ ਭਰਾ ਹਨ, ਇਹਨਾਂ ਨੂੰ ਕਿਸੇ ਤਰ੍ਹਾਂ ਦੁਖੀ ਨਹੀਂ ਕਰਨਾ, ਪਰ ਦੇਸ਼ ਦੀ ਇਸ ਕਰਵਟ-ਬਦਲੀ ਦਾ ਸ਼ਿਕਾਰ ਇਹਨਾਂ ਨੂੰ ਵੀ ਹੋਣਾ ਪਵੇਗਾ। ਇਹ ਛੇਤੀ ਹੀ ਘਰ ਬਾਹਰ ਛਡ ਛਡ ਕੇ, ਜਿਸ ਦੇਸ਼ ਨੂੰ ਆਪਣਾ ਦੇਸ਼ ਕਹਿਣ ਲਗ ਪਏ ਹਨ, ਪਾਕਿਸਤਾਨ ਨੂੰ ਚਲੇ ਜਾਣਗੇ। ਤੁਸਾਂ ਇਹਨਾਂ ਦੀ ਮਦਦ ਕਰਨੀ। ਇਹਨਾਂ ਨੂੰ ਕੋਈ ਵੀ ਸਿੱਖ ਲੁੱਟੇ-ਕੁੱਟੇ ਨਾ। ਆਪਾਂ ਅਹਿੰਸਕ ਹਾਂ ਤੇ ਅਜ ਪ੍ਰੀਖਿਆ ਦਾ ਸਮਾਂ ਹੈ।**"

ਸ. ਸੁਵਰਨ ਸਿੰਘ ਵਿਰਕ ਨੇ ਆਪਣੇ ਲੇਖ ਵਿੱਚ ਸ੍ਰੀ ਜਗਜੀਤ ਨਗਰ ਦੀ ਪਾਵਨ ਧਰਤੀ ਨੂੰ ਸਵ੍ਰਰਗ ਤੋਂ ਘਟ ਨਹੀਂ ਕਿਹਾ। ਅਤੇ ਸ੍ਰੀ ਜਗਜੀਤ ਨਗਰ ਦੀ ਗੱਲ ਕਰਦਿਆਂ ਦੱਸਿਆ ਕਿ, "ਇਹ ਪਿੰਡ ਮਾਤਾ ਚੰਦ ਕੌਰ ਜੀ ਦਾ ਪੇਕਾ ਪਰਿਵਾਰ ਹੈ। ਇਸ ਸਾਲ ਉਹਨਾਂ ਦੇ ਪੇਕੇ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਅਰਜ਼ ਕੀਤੀ ਗਈ ਕਿ ਹੋਲਾ ਮਹੱਲਾ ਸ੍ਰੀ ਜਗਜੀਤ ਨਗਰ ਦੀ ਸਾਧ-ਸੰਗਤ ਦਾ ਪ੍ਰਵਾਨ ਕਰੋ। ਸ੍ਰੀ ਸਤਿਗੁਰੂ ਜੀ ਨੇ ਅਰਜ਼ ਪ੍ਰਵਾਨ ਕਰਦਿਆ 20 ਸਾਲ ਬਾਅਦ ਇਸ ਇਲਾਕੇ ਨੂੰ ਖ਼ੁਸ਼ੀਆਂ ਬਖ਼ਸ਼ੀਆਂ। ਧਰਤੀ ਨੂੰ ਭਾਗ ਲਾਏ ਹਨ।

ਸ੍ਰੀ ਦਵਿੰਦਰ ਸਿੰਘ ਗਿੱਲ ਜੀਆ ਨਥਾ ਨੇ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਅਤੇ ਇਸ ਇਲਾਕੇ ਵਿੱਚ ਵਸਾਉਣਾ। ਜਿਸ ਦੇ ਹੁਣ 70 ਸਾਲ ਬੀਤ ਗਏ ਹਨ, ਸੰਗਤਾਂ ਅੱਜ ਵੀ ਉਸ ਆਜ਼ਾਦੀ ਦਾ ਨਿੱਘ ਮਾਣ ਰਹੀਆ ਹਨ। ਜਿਸ ਦਾ ਸੰਗਤਾਂ ਅੱਜ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸ਼ੁਕਰਾਨਾ ਕਰਨਾ ਨਹੀਂ ਭੁੱਲਦੀਆਂ।

ਸ. ਗੁਰਚਰਨ ਸਿੰਘ ਚੰਨ ਅਤੇ ਸੰਤ ਲਖਵਿੰਦਰ ਸਿੰਘ ਬਾਜਵਾ ਨੇ ਆਪਣੇ ਆਪਣੇ ਲੇਖਾਂ ਵਿੱਚ ਮਾਤਾ ਚੰਦ ਕੌਰ ਦੀ ਪਵਿੱਤਰ ਉੱਚੀ ਸਖਸ਼ੀਅਤ ਨੂੰ ਕਲਮ ਬੰਦ ਕੀਤਾ ਹੈ। ਕਈਆਂ ਲੇਖਕਾਂ ਨੇ ਤਾਂ ਇਸ ਪਵਿੱਤਰ ਰੂਹ ਦੇ ਪਹਿਲੂਆਂ ਨੂੰ ਬਿਆਨ ਨਾ ਕਰ ਸੱਕਣ ਵਾਲਾ ਦੱਸਿਆ। ਉਹਨਾਂ ਦੱਸਿਆ ਕਿ ਮਾਤਾ ਜੀ ਦੇ ਪਹਿਲੂਆਂ ਨੂੰ ਜੇ ਲਿਖਣ ਲੱਗੇ ਤਾਂ ਸੰਮੁਦਰਾਂ ਦੀ ਸ਼ਾਹੀ ਵੀ ਘਟ ਪੈ ਜਾਣੀ ਹੈ। ਇਹ ਬਿਆਨ ਨਹੀਂ ਹੋ ਸਕਦੇ।

ਸਿਮ੍ਰਿਤੀ ਅੰਕ ਦੀ ਤਿਆਰੀ ਲਈ 'ਸਤਿਜੁਗ' ਦੇ ਸਟਾਫ ਸ. ਗੁਰਜੀਤ ਸਿੰਘ, ਜਸਵੰਤ ਸਿੰਘ ਅਤੇ ਸੁਨੀਲ ਕੁਮਾਰ ਦੀ ਕਠਿਨ ਤਪਸਿਆ ਤਾਂ ਰੰਗ ਲਿਆਈ ਹੀ ਹੈ, ਸ. ਹਰਕੀਰਤ ਸਿੰਘ (ਟਾਈਪ ਸੈਟਿੰਗ) ਨੇ ਵੀ ਦਿਨ ਰਾਤ ਇੱਕ ਕੀਤਾ ਹੈ, ਸੰਤ ਕੇਸਰ ਸਿੰਘ (ਲਾਡੀ) ਨੇ ਜੀਵਨਜੋਤ ਸਿੰਘ (ਲੱਕੀ) ਰਾਹੀਂ ਫੋਟੋਆਂ ਭੇਜ ਕੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ ਹੈ। ਸ੍ਰੀ ਮਾਤਾ ਚੰਦ ਕੌਰ ਜੀ ਦਾ ਸਿਮ੍ਰਿਤੀ ਅੰਕ ਆਪ ਨੂੰ ਕੈਸਾ ਲਗਾ, ਪੜ੍ਹ ਕੇ, ਲਿਖ ਕੇ ਉਤਸ਼ਾਹਿਤ ਕਰਨ ਦੀ ਕਿਰਪਾ ਕਰੋ। ਆਪ ਆਪਣੇ ਵਿਚਾਰ ਈ-ਮੇਲ satjugweekly@gmail.com, ਵੈਬਸਾਇਟ www.satjugonline.com, Whatsapp ਜਾਂ ਡਾਕ ਰਾਹੀਂ ਭੇਜ ਸਕਦੇ ਹੋ। ਧੰਨਵਾਦ ਸਹਿਤ।

-ਹਰਵਿੰਦਰ ਸਿੰਘ ਹੰਸਪਾਲ

-ਤਾਰਾ ਸਿੰਘ ਅਨਜਾਣ

ਮਾਸਟਰ ਨਿਹਾਲ ਸਿੰਘ ਜੀ ਨੇ ਸ਼ਰਧਾ ਭਰਪੂਰ ਇਹ ਲੇਖ ਸੰਨ 1955 ਵਿੱਚ ਆਪਣੀ ਪੁਸਤਕ 'ਸ੍ਰੀ ਮਾਤਾ ਚੰਦ ਕੌਰ ਜੀ ਅਤੇ ਮਾਈਆਂ ਬੀਬੀਆਂ' ਵਿੱਚ ਛਾਪਿਆ ਸੀ ਜਿਸ ਨੂੰ ਆਪ ਦੇ ਰੂ-ਬਰੂ ਕਰਨ ਦਾ ਮਾਣ ਮਹਿਸੂਸ ਕਰ ਰਹੇ ਹਾਂ।

ਮਾਤਾ ਚੰਦ ਕੌਰ ਜੀ

ਤੇਰੇ ਕਵਣੁ ਕਵਣੁ ਗੁਣ ਗਾਵਾਂ

✍ ਮਾਸਟਰ ਨਿਹਾਲ ਸਿੰਘ ਜੀ



ਸੂਰਜ ਚੰਦ੍ਰਮਾ ਨੂੰ ਤੇਜ ਤੇ ਸੀਤਲਤਾ ਵੰਡਦੀ, ਆਕਾਸ਼ ਪਾਤਾਲ ਦੀ ਦੇਖ ਰੇਖ ਕਰਦੀ, ਚੰਨ ਨੂੰ ਮਾਤ ਪਾਣ ਵਾਲੀ ਮਾਤਾ, ਮਾਤਾ ਚੰਦ ਕੌਰ, ਮਾਤ ਲੋਕ ਦੇ ਵਾਸੀਆਂ ਨਾਲ ਦਿਲ ਪ੍ਰਚਾਵੇ ਤੇ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਜੀਵਨ-ਪੰਧ ਦਰਸਾਣ ਖਾਤਰ ਖਾਕੀ ਜਾਮਾ ਪਹਿਰ ਆ ਉਤਰੀ ਮਾਲਵੇ ਦੀ ਧਰਤੀ ਉਤੇ ਚੁਣ ਲਿਆ ਬਾਜਾ ਖਾਨਾ ਨਗਰ, ਜ਼ਿਲ੍ਹਾ ਬਠਿੰਡਾ ਸ੍ਰ. ਸਵਰਨ ਸਿੰਘ ਇਕ ਕਿਸਾਨ ਦਾ ਘਰ। ਮਾਤਾ ਸਮਾ ਕੌਰ ਦੀ ਕੁੱਖ ਨੂੰ ਭਾਗ ਲਾਇਆ ਬਿ. ਸੰਮਤ 1989 ਨੂੰ। ਇਨ੍ਹਾਂ ਦਾ ਨਾਉਂ ਕਰਤਾਰ ਕੌਰ ਰੱਖਿਆ ਗਿਆ। ਇਨ੍ਹਾਂ ਨੂੰ ਭਜਨ ਦਸਣ ਦਾ ਮਾਣ ਸੰਤ ਰਲਾ ਸਿੰਘ ਮਹਾਨ ਤਪੱਸਵੀ ਨੂੰ ਪ੍ਰਾਪਤ ਹੋਇਆ।

ਮਾਤਾ ਜੀ ਅਤਿ ਕੋਮਲ ਹਨ, ਅਤਿ ਸੋਹਲ ਅਤਿ ਦ੍ਰਿੜ੍ਹਤਾ ਦੇ ਮਾਲਿਕ ਹਨ। ਇਹਨਾਂ ਨੂੰ ਪਹਿਲਾਂ ਬੀਬੀ ਜੀ ਕਰਕੇ ਹੀ ਯਾਦ ਕੀਤਾ ਜਾਂਦਾ ਸੀ। ਇਹ ਪਿਆਰ ਸੋਮਾ ਹਨ, ਪਵਿੱਤ੍ਰਤਾ, ਸੁਚੱਜਤਾ, ਸੂਖਮਤਾ, ਸਹਦੋਰਤਾ ਦੀਆਂ ਝਲਾਰਾਂ ਇਨ੍ਹਾਂ ਦੇ ਚਰਨਾਂ ਵਿੱਚੋਂ ਨਿਕਲਦੀਆਂ ਹਨ। ਸਦਾ ਚੰਬੇਲੀ ਵਾਂਗੂ ਖਿੜੇ, ਸਾਰਾ ਜੀਵਨ ਇਕ ਰਸ, ਕੀ ਬਾਲਕਾਲ ਕੀ ਯੁਵਾ ਅਵਸਥਾ, ਕੀ ਅਧਖੜਤਾ, ਸਭ ਇਕੋ ਰੰਗ। ਕਿਸੇ ਨਾਲ ਵਧੀਕੀ ਨਹੀਂ, ਕਿਸੇ ਨੂੰ ਮੰਦਾ ਨਹੀਂ ਕਹਿਣਾ, ਕਿਸੇ ਨੂੰ ਹਾਸੀ ਨਹੀਂ ਕਰਨੀ, ਕਿਸੇ ਨਾਲ ਝਗੜਾ ਨਹੀਂ। ਉੱਚਾ ਨਹੀਂ ਬੋਲਣਾ, ਨੇਤਰ ਨੀਵੇਂ। ਸਦਾ ਲਗੇ ਰਹਿਣਾ ਕਿਸੇ ਕੰਮ, ਵਿਹਲੇ ਨਹੀਂ ਬਹਿਣਾ।

ਧਰਤੀ ਘੁੰਮਦੀ ਗਈ, ਸੂਰਜ ਵੀ ਘੁੰਮਦਾ ਗਿਆ। ਜਵਾਨੀ ਵਿੱਚ ਪੈਰ ਪਾਇਆ, ਉਚੇ ਲੰਮੇ ਸੁਖਮ, ਆਲਿਸ ਰਹਿਤ। ਮੱਝਾਂ ਚੋਣੀਆਂ, ਦੁੱਧ ਰਿੜਕਣਾ, ਘਰ ਦਾ ਸਾਰਾ ਕੰਮ, ਝਾੜੂ ਦੇ, ਭਾਂਡੇ ਮਾਂਜ, ਸਦਾ ਖਿੜੇ ਮੱਥੇ ਵੱਟ ਨਹੀਂ ਪਾਣਾ।

ਬਾਜਾ ਖਾਨਾ ਦੀਆਂ ਸੰਗਤਾਂ 'ਤੇ ਸਤਿਗੁਰਾਂ ਦੀਆਂ ਮਿਹਰਾਂ ਹਨ। ਹਰ ਸਮੇਂ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਦੀ ਸਿੱਕ। ਇਥੇ ਆ ਕੇ ਸੇਵਾ ਕਰਨ ਦਾ ਚਾਅ ਸਭਨਾਂ ਨੂੰ। ਮਾਤਾ ਜੀ ਮਾਪਿਆਂ ਨਾਲ ਮੇਲਿਆਂ ਤੇ ਆਉਂਦੇ, ਕੀਰਤਨ ਸੁਣਦੇ ਤੇ ਸੇਵਾ ਕਰਦੇ।

ਰੋੜਿਆਂ ਦੇ ਇੰਦਰ ਸਿੰਘ ਨੇ ਸਰਵਨ ਸਿੰਘ ਨਾਲ ਸਲਾਹ ਕਰ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਬਾਬਾ ਜਗਜੀਤ ਸਿੰਘ ਜੀ ਦੇ ਅਨੰਦ ਵਾਸਤੇ ਵਿਉਂਤ ਘੜੀ ਕਿਉਂਕਿ ਇਨ੍ਹਾਂ ਦੇ ਪਹਿਲੇ ਮਹਿਲ ਚੜ੍ਹਾਈ ਕਰ ਗਏ ਹਨ। ਸਤਿਗੁਰੂ ਪ੍ਰਤਾਪ

Namdhari Elibrary NamdhariElibrary@gmail.com

ਸਿੰਘ ਜੀ ਸਰਬ ਗੁਣ ਸੰਪਨ ਹਨ। ਉਨ੍ਹਾਂ ਦੇ ਸਾਮ੍ਹਣਿਉਂ ਕੋਈ ਪ੍ਰਾਣੀ ਲੰਘ ਜਾਵੇ, ਭਾਵੇਂ ਹੋਵੇ ਮਰਦ, ਭਾਵੇਂ ਜ਼ਨਾਨਾ, ਭਾਵੇਂ ਗਊ ਭਾਵੇਂ ਮੱਝ, ਭਾਵੇਂ ਘੋੜਾ ਭਾਵੇਂ ਬਲਦ ਉਸਦੇ ਸਭ ਗੁਣ ਅਵਗੁਣ, ਆਪ ਜੀ ਦੇ ਸਾਹਮਣੇ ਮੂਰਤੀ ਮਾਨ ਹੋ ਜਾਂਦੇ ਹਨ। ਬੀਬੀ ਕਰਤਾਰ ਕੌਰ ਇੰਦਰ ਸਿੰਘ ਨਾਲ ਮੱਥਾ ਟੇਕਣ ਗਈ, ਸੱਚੇ ਪਾਤਸ਼ਾਹ ਜੀ ਨੇ ਸੇਵਾ ਵਾਸਤੇ ਆਦੇਸ਼ ਦੇ ਦਿਤਾ। ਸ੍ਰੀ ਭੈਣੀ ਸਾਹਿਬ 40 ਦਿਨਾਂ ਦਾ ਜੱਪ ਪ੍ਰਯੋਗ ਸੀ। ਸਵੇਰੇ ਪਾਠਾਂ ਦੇ ਭੋਗ ਪੈਂਦੇ ਹਨ। ਦੂਜੇ ਪਾਸੇ ਕੀਰਤਨ ਹੁੰਦਾ ਸੀ। ਬੀਬੀ ਨੇ ਸੇਵਾ ਦੁਆਰਾ ਥੋੜ੍ਹੇ ਸਮੇਂ ਵਿੱਚ ਸਭ ਨੂੰ ਪ੍ਰਭਾਵਤ ਕਰ ਲਿਆ।

ਬੀਬੀ ਜੀ ਮਾਲੂਵਾਲੀਆ ਮਾਤਾਵਾਂ ਪਾਸ ਜਾਂਦੇ। ਉਨ੍ਹਾਂ ਦੇ ਹੁਕਮ 'ਤੇ ਅਮਲ ਕਰਦੇ, ਕੋਠੇ 'ਤੇ ਮੰਜੇ ਚਾੜ੍ਹਦੇ, ਬਿਸਤਰ ਵਿਛਾ ਕੇ, ਸਫਾਈਆਂ ਕਰਦੇ, ਝਾੜੂ ਦੇਂਦੇ, ਬਰਤਨ ਮਾਂਜਦੇ। ਮੁਕਦੀ ਗੱਲ ਬੀਬੀ ਜੀ ਨੇ ਸਭ ਦੇ ਦਿਲਾਂ ਨੂੰ ਮੋਹ ਲਿਆ। ਪ੍ਰਬੰਧਕਾਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਸਾਰੀ ਅਰਜ਼ ਕਰ ਦਿੱਤੀ ਤੇ ਉਨ੍ਹਾਂ ਪ੍ਰਵਾਨਗੀ ਬਖਸ਼ ਦਿੱਤੀ।

(ਸਤਿਗੁਰੂ) ਬਾਬਾ ਜਗਜੀਤ ਸਿੰਘ ਜੀ ਦਾ ਅਨੰਦ ਕਾਰਜ 19 ਮੱਘਰ 2002 ਬਿ. ਨੂੰ ਬੀਬੀ ਕਰਤਾਰ ਕੌਰ ਨਾਲ ਪਿੰਡ ਰੋਡੇ ਜ਼ਿਲ੍ਹਾ ਫਰੀਦਕੋਟ ਵਿੱਚ ਹੋਇਆ। ਕੋਈ ਉਚੇਚ ਨਹੀਂ, ਕੋਈ ਅਡੰਬਰ ਨਹੀਂ। ਪਿੰਡੋਂ ਬਾਹਰ ਇਕ ਤਗੜਾ ਪੰਡਾਲ ਖੜ੍ਹਾ ਕੀਤਾ ਗਿਆ। ਸਤਿਗੁਰੂ ਜੀ ਦੇ ਸਾਹਿਬਜ਼ਾਦੇ ਦਾ ਅਨੰਦ, ਸੰਗਤਾਂ ਨੂੰ ਲਾਲੀਆਂ ਚੜ੍ਹ ਗਈਆਂ। ਦੂਰ-ਦੂਰ ਤੋਂ ਹੋਰ ਦਰਸ਼ਕ ਵੀ ਪੁੱਜੇ ਹੋਏ ਹਨ। ਸਾਰੀ ਰਾਤ ਕੀਰਤਨ ਹੁੰਦਾ ਰਿਹਾ। ਸੰਤ ਸੇਵਾ ਸਿੰਘ ਭਗਤਾ, ਸੰਤ ਅਤਰ ਸਿੰਘ, ਸੰਤ ਦਾਨ ਸਿੰਘ ਮਸਤਾਨ ਸਿੰਘ, ਨਿਰੰਜਨ ਸਿੰਘ ਕੱਕੜ, ਕਰਤਾਰ ਸਿੰਘ ਬਿਜਲੀ ਵਾਲਾ, ਪੰ: ਗੋਪਾਲ ਸਿੰਘ ਕੀਤਰਨ ਕਰਨ ਵਾਲੇ ਹਨ।

ਸਵੇਰ ਸਾਰ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਨੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕੀਤਾ। ਸੰਤ ਪ੍ਰੀਤਮ ਸਿੰਘ ਚੇਲੇਕੇ ਵਾਲਿਆਂ ਅੰਮ੍ਰਿਤ ਛਕਾਇਆ ਤੇ ਭਜਨ, ਸੰਤ ਰਲਾ ਸਿੰਘ ਨੇ ਦਿੱਤਾ। ਲਾਵਾਂ ਪੜ੍ਹੀਆਂ ਗਈਆਂ, ਅਨੇਕ ਪਾਠਾਂ ਦੇ ਭੋਗ ਪਾਏ ਗਏ। ਸਾਧ ਸੰਗਤ ਦੇ ਚਿਹਰੇ ਗੁਲਾਬ ਵਾਂਗੂ ਖਿੜੇ ਹਨ।

ਇਸ ਅਨੰਦ ਨੂੰ ਵੇਖਣ ਖਾਤਰ ਹੋਰ ਵੀ ਬਹੁਤ ਸਿਖ ਅਸਿੱਖ ਆਏ ਹੋਏ ਹਨ। ਦੀਵਾਨ ਤੋਂ ਬਾਹਰ ਗਜਨ ਸਿੰਘ ਜੀਵਨ ਨਗਰ ਨਿਵਾਸੀ ਤੇ ਗੁਰਬਚਨ ਸਿੰਘ ਰੋਡੇ ਨੇ ਪਟਾਕੇ ਚਲਾ ਦਿੱਤੇ। ਸੱਚੇ ਪਾਤਸ਼ਾਹ ਦੋਹਾਂ ਨੂੰ ਸੰਗਤ ਵਿੱਚ ਖੜ੍ਹਾ ਕੀਤਾ। ਉਨ੍ਹਾਂ ਮਾਫੀ ਮੰਗੀ। ਸੱਚੇ ਪਾਤਸ਼ਾਹ ਨੇ ਦੋਹਾਂ ਨੂੰ ਪੰਜ ਪੰਜ ਰੁਪਏ ਤਨਖਾਹ ਲਾਈ। ਦੂਜੇ ਬੰਨੇ ਜੋਗਾ ਸਿੰਘ ਨੇ ਬਿਨਾਂ ਆਗਿਆ ਦੋ ਟੀਨ ਘਿਉ ਦਾ ਕੜਾਹ ਪ੍ਰਸ਼ਾਦ ਕਰਵਾ ਦਿੱਤਾ। ਸੱਚੇ ਪਾਤਸ਼ਾਹ ਨੇ ਇਹ ਵੀ ਪੰਸਦ ਨਾ ਕੀਤਾ, ਪਰ ਇਤਨਾਂ ਹੁਕਮ ਕੀਤਾ ਕਿ ਜੋਗਾ ਸਿੰਘ ਪਿਛਾਂਹ ਹਟ ਜਾਏ, ਸੰਗਤਾਂ ਆਪ ਹੀ ਲੈ ਜਾਣਗੀਆਂ। ਅਰਦਾਸਾ ਸੋਧਿਆ ਗਿਆ। ਖੁੱਲ੍ਹੀਆਂ ਸੰਗਤਾਂ ਪ੍ਰਸ਼ਾਦ ਤੇ ਟੁੱਟ ਪਈਆਂ। ਥਾਲੀਆਂ ਵਾਲਿਆਂ ਥਾਲੇ, ਬਾਟੀਆਂ ਵਾਲਿਆਂ ਬਾਟੇ ਭਰ ਲਏ। ਖਾਲੀ ਹੱਥੀਂ ਵਾਲਿਆਂ ਵੀ ਬੁੱਕ ਭਰ ਲਏ। ਕਈਆਂ ਹੱਥਾਂ ਨੂੰ ਸੇਕ ਲਗਾ, ਕਈਆਂ ਦੇ ਗਲੇ ਝੁਲਸੇ। ਸੰਗਤਾਂ ਜੈਕਾਰੇ ਤੇ ਜੈਕਾਰੇ ਛੱਡ ਰਹੀਆਂ ਹਨ।

ਬੀਬੀ ਕਰਤਾਰ ਕੌਰ ਜੀ ਮਾਤਾ ਪਿਤਾ, ਮਾਮੀਆਂ, ਮਾਸੀਆਂ ਦਾ ਪਿਆਰ ਤੇ ਸਹੇਲੀਆਂ ਤੋਂ ਸ਼ੁਭ ਇਛਾਵਾਂ ਲੈਂਦਿਆਂ ਸ੍ਰੀ ਭੈਣੀ ਸਾਹਿਬ ਆ ਗਏ। ਸ੍ਰੀ ਭੈਣੀ ਸਾਹਿਬ ਦੀਆਂ ਸੰਗਤਾਂ ਬਾਗੋ-ਬਾਗ ਹੋ ਰਹੀਆਂ ਹਨ। ਮਾਈ ਗੋਬਿੰਦਣੀ, ਗੁਰਨਾਮ ਕੌਰ, ਤੇਜ ਕੌਰ ਮੰਡੀ, ਤੇ ਮਾਨ ਕੌਰ ਜੰਮੂ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਰਹਿਣ ਲੱਗੀਆਂ। ਸੱਚੇ ਪਾਤਸ਼ਾਹ ਜੀ ਬੀਬੀ ਦਾ ਨਾਉਂ ਚੰਦ ਕੌਰ ਰਖਿਆ, ਲੱਗੀਆਂ ਚੰਦ ਦੀਆਂ ਰਿਸ਼ਮਾਂ ਪਸਰਨ।

ਹਰ ਕਿ ਖਿਦਮਤ ਕਰਦ
ਮਖਦੂਮ ਸ਼ੁਦ।

ਭਾਵ ਜਿਹੜਾ ਸੇਵਾ ਕਰੇ ਉਸਦੀ ਸੇਵਾ ਹੁੰਦੀ ਹੈ। ਸੱਚੇ ਪਾਤਸ਼ਾਹ ਵਲੋਂ ਹੁਕਮ ਹੋਇਆ ਕਿ ਬੀਬੀ ਸੇਵਾ ਕਰੇ। ਮਾਤਾ ਜੀ ਨੇਮ ਨਾਲ ਅੰਮ੍ਰਿਤ ਵੇਲੇ ਜਾਗਦੇ, ਇਸ਼ਨਾਨ ਕਰਦੇ ਤੇ ਭਜਨ ਵਿੱਚ ਲੀਨ ਹੋ ਜਾਂਦੇ। ਸ੍ਰੀ ਆਸਾ ਦੀ ਵਾਰ ਵਿੱਚ ਹਾਜ਼ਰੀ ਭਰਦੇ। ਭੋਗ ਉਪ੍ਰੰਤ ਜਲ ਪਾਣੀ ਛਕ ਮੁੜ ਗੋਹਾ ਕੂੜਾ ਸਿਰ 'ਤੇ ਟੋਕਰੀ। ਮਾਤਾ ਜੀ ਆਪ ਵੀ ਖ਼ੁਸ਼ੀ ਖ਼ੁਸ਼ੀ ਸੇਵਾ ਕਰਦੇ ਤੇ ਹੋਰ ਮਾਈਆਂ ਬੀਬੀਆਂ ਪਾਸੋਂ ਵੀ ਕਰਾਂਦੇ। ਲੰਗਰ ਵਾਸਤੇ ਦਾਣੇ ਛਟਣੇ ਹੋਣ, ਮਸ਼ੀਨ ਗੇੜਨੀ ਹੋਵੇ, ਤਾਂ ਇਕਲਿਆਂ ਹੀ ਆਪ ਲੱਗ ਜਾਂਦੇ। ਸੱਚੇ ਪਾਤਸ਼ਾਹ ਜੀ ਦੇ ਪ੍ਰਸਾਦਿਆਂ ਵਾਸਤੇ ਆਪ ਚੱਕੀ ਝੋਂਦੇ ਤੇ ਦਾਣੇ ਪੀਂਹਦੇ।

ਕੱਚੇ ਮਕਾਨਾਂ ਵਾਸਤੇ ਲਿਪਾਈ ਜ਼ਰੂਰੀ ਹੈ। ਲਿਪਾਈ ਵਾਸਤੇ ਮਾਤਾ ਜੀ ਮੂਹਰੇ ਮੂਹਰੇ। ਸਭ ਮਾਈਆਂ ਦੀ ਅਗਵਾਈ ਕਰਦੇ। ਗੋਹੇ ਦੀ ਜਿਥੋ ਵੀਂ ਲੋੜ ਪੂਰੀ ਹੁੰਦੀ ਵੇਖਦੇ, ਮੰਗਵਾ ਲੈਂਦੇ। ਰਾਈਆਂ, ਕੋਟ, ਛੋਟੀ ਕਟਾਣੀ, ਸ੍ਰੀ ਭੈਣੀ ਸਾਹਿਬ ਦੇ ਨੇੜੇ ਦੇ

Namdhari Elibrary NamdhariElibrary@gmail.com

ਪਿੜਾਂ ਤੋਂ। ਜੇ ਕੋਈ ਔਖਾ ਕੰਮ ਹੋਵੇ ਤਾਂ ਆਪ ਕਰਦੇ। ਸੇਵਾ ਕਰਦਿਆਂ ਕਾਹਲਿਆਂ ਨਹੀਂ ਪੈਣਾ ਸਗੋਂ ਵੱਡੇ ਛੋਟੇ ਤੋਂ ਪਿਆਰ ਦਿਲਾਸੇ ਨਾਲ ਸੇਵਾ ਲੈਂਦੇ। ਸੇਵਾ ਕਰਨ ਵਾਲਿਆਂ ਨੂੰ ਕੜਾਹ ਪ੍ਰਸ਼ਾਦ ਦੇ ਗੱਫੇ, ਜਾਂ ਖੰਡ ਉਪਰ ਤਰਦਾ ਤਰਦਾ ਘਿਉ। ਸਭ ਦੀਆਂ ਖ਼ੁਸ਼ੀਆਂ ਵਿਚ ਸ਼ਾਮਲ ਹੁੰਦੇ। ਡੇਰੇ ਦਾ ਦੁੱਧ ਬਾਬਾ ਚਾਟੀ, ਗਿਆਨ ਸਿੰਘ ਤੇ ਸੋਹਣ ਸਿੰਘ ਸਾਂਭਿਆ ਕਰਦੇ ਹਨ, ਪਰ ਡੇਰੇ ਦੀ ਸੇਵਾ ਸੰਭਾਲਦਿਆਂ ਮਾਤਾ ਜੀ ਨੇ ਦੁੱਧ ਸਾਂਭਣ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ। ਕੁੱਝ ਸਮੇਂ ਉਪਰੰਤ ਬੇਬੇ ਦਲੀਪ ਕੌਰ ਜੀ ਆ ਗਏ ਬਸ ਦੋਹਾਂ ਭੈਣਾਂ ਨੇ ਸਾਰਾ ਭਾਰ ਆਪਣੇ ਸਿਰ 'ਤੇ ਚੁੱਕ ਲਿਆ। ਅੰਮ੍ਰਿਤ ਵੇਲੇ ਇਸ਼ਨਾਨ ਕਰ ਦੁੱਧ ਰਿੜਕਣਾ ਪਾ ਲੈਣਾ, ਰਹਨਾ ਵੀ ਚਲੇ ਤੇ ਬਾਹੀਂ ਵੀ ਚਲਣ। ਮਣ ਮਣ ਦੁੱਧ ਸੂਰਜ ਦੀ ਟਿੱਕੀ ਉੱਗਣ ਤੋਂ ਪਹਿਲਾਂ ਸਾਂਭ ਲੈਣਾ। ਜਦ ਸੱਚੇ ਪਾਤਸ਼ਾਹ ਜਲ ਪਾਣ ਕਰਦੇ, ਭਾਵੇਂ ਰਤਨ ਸਿੰਘ ਜਾ ਹੋਰ ਸੇਵਾਦਾਰ ਸੱਚੇ ਪਾਤਸ਼ਾਹ ਜੀ ਦੀ ਸੇਵਾ ਵਿੱਚ ਹੁੰਦੇ, ਪਰ ਇਹ ਦੋਵੇਂ ਭੈਣਾਂ ਆਪਣੇ ਥਾਂ ਪੂਰੇ ਪੂਰੇ ਪਹਿਰੇ ਉਤੇ।

ਸੰਨ 1947 ਵਿੱਚ ਦੇਸ਼ ਦਾ ਵੰਡਾਰਾ ਹੋਇਆ। ਪੰਜਾਬ ਵਿੱਚ ਭਾਂਬੜ ਮਚ ਖਲੋਤੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਬਲਦੀ ਅੱਗ ਤੋਂ ਨਾਮਧਾਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਨਾਮਧਾਰੀ ਉਖੜਕੇ ਸ੍ਰੀ ਭੈਣੀ ਸਾਹਿਬ ਪੁੱਜਦੇ। ਇਹ ਮਾਤਾ ਚੰਦ ਕੌਰ ਹੀ ਹਨ, ਜਿਨ੍ਹਾਂ ਦੁਖੀਆਂ ਦੇ ਜ਼ਖ਼ਮਾਂ ਉਤੇ ਮਰਹਮ ਪੱਟੀ ਕੀਤੀ। ਉਮਰ ਕਰਕੇ ਭਾਵੇਂ ਛੋਟੇ ਹਨ ਪਰ ਸੂਝ ਬੂਝ ਦਾਨਿਆਂ ਵਰਗੀ। ਪੀੜਤਾਂ ਨੂੰ ਪੂਰੀ ਤਰ੍ਹਾਂ ਸੰਭਾਲਿਆ। ਕੱਪੜੇ ਵਾਲੇ ਨੂੰ ਕੱਪੜਾ, ਦੁੱਧ ਵਾਲੇ ਨੂੰ ਦੁੱਧ, ਬੀਮਾਰ ਨੂੰ ਦਵਾਈ। ਸਭ ਪ੍ਰਕਾਰ ਦੇ ਪ੍ਰਬੰਧ ਬਾਬਾ ਬੀਰ ਸਿੰਘ (ਮਹਾਰਾਜ ਜੀ) ਬਾਬਾ ਜਗਜੀਤ ਸਿੰਘ ਜੀ (ਸਤਿਗੁਰੂ ਜੀ) ਤੇ ਗ਼ਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ, ਉਖੜਿਆਂ ਨੂੰ ਵਸਾਣ ਖਾਤਰ ਦਿਨ ਰਾਤ ਇਕ ਕਰ ਦਿੱਤਾ।

ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ 1959 ਈ. ਵਿੱਚ ਜੋਤੀ ਜੋਤ ਸਮਾ ਗਏ ਤੇ ਪੰਥਕ ਜ਼ਿੰਮੇਵਾਰੀ ਦਾ ਭਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੋਢਿਆਂ ਉਤੇ ਆ ਪਿਆ। ਇਨ੍ਹਾਂ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਨਾਮਧਾਰੀਆਂ ਦਾ ਵਿਰੋਧੀ ਗੁੱਟ ਹੱਥ ਧੋ ਕੇ ਪਿੱਛੇ ਪੈ ਗਿਆ। ਮਾਤਾ ਚੰਦ ਕੌਰ ਦੇ ਸਿਰ ਘਰ ਬਾਹਰ ਦੀ ਸਾਰੀ ਜ਼ਿੰਮੇਵਾਰੀ ਆ ਪਈ। ਜਦ ਚਾਬੀਆਂ ਮਾਤਾ ਚੰਦ ਕੌਰ ਹੱਥ ਆਈਆਂ ਤਾਂ ਡੇਰੇ ਦਾ ਕੱਪੜਾ, ਲਤਾ, ਬਿਸਤਰੇ ਤਲਾਈਆਂ ਤੇ ਹੋਰ ਮਾਲ-ਮਤਾ ਠੀਕ ਤਰ੍ਹਾਂ ਸੰਭਾਲਿਆ ਜਾਣ ਲਗਾ।

ਰਾਮੁ ਜਪਹੁ ਵਡਭਾਗੀਹੋ, ਜਲਿ ਥਲਿ ਪੂਰਨ ਸੋਇ
ਨਾਨਕ ਨਾਮਿ ਧਿਆਇਐ, ਬਿਘਨ ਨ ਲਾਗੈ ਕੋਇ

ਮ.4-424

ਜਿੰਨਾ ਕੋਈ ਵੱਡਾ ਮਹੱਲ ਹੋਵੈ, ਉਨੀ ਉਸਦੀ ਡੂੰਘੀ ਲੰਮੀ, ਚੌੜੀ ਨੀਂਵ ਲੋੜੀਂਦੀ ਹੈ ਤੇ ਉਸ ਵਿੱਚ ਭਾਰੀ ਕੰਕਰੀਟ ਮਸਾਲਾ ਚਾਹੀਦਾ ਹੈ। ਮਾਤਾ ਜੀ ਦੇ ਸਾਹਮਣੇ ਪੰਥਕ ਭਾਰੀਆਂ ਜ਼ਿੰਮੇਵਾਰੀਆਂ ਹਨ। ਉਨ੍ਹਾਂ ਜ਼ਿੰਮੇਵਾਰੀਆਂ ਨਿਭਾਉਣ ਖਾਤਰ ਮਾਨਸਿਕ ਤੇ ਆਤਮਿਕ ਬਲ ਦੀ ਲੋੜ ਹੁੰਦੀ ਹੈ। ਮਾਤਾ ਜੀ ਉਸ ਆਤਮਿਕ ਬਲ ਖਾਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨੋਹਰ ਉਪਦੇਸ਼ ਨੂੰ ਸਾਹਮਣੇ ਰੱਖ ਪੂਰਾ ਪੂਰਾ ਪੈਹਰਾ ਦਿੱਤਾ।

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ
ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ।

(ਮਾ:4-248)

ਮਾਤਾ ਜੀ ਨੂੰ ਇਹ ਸਰਲ ਗੁਰ ਹੱਥ ਆ ਗਿਆ। ਇਸ ਵਾਸਤੇ ਆਪ ਜੀ ਨੇ ਢਲਦੀ ਰਾਤ ਉੱਠ ਇਸ਼ਨਾਨ ਪਾਨ ਕਰ ਨਾਮ ਵਿੱਚ ਜੁੜਦੇ ਹਨ ਤੇ ਲਗਾਤਾਰ ਦੋ ਢਾਈ ਘੰਟੇ ਸਿਮਰਨ ਕਰਦੇ ਹਨ, ਮੁੜ ਸ੍ਰੀ ਆਸਾ ਜੀ ਦੀ ਵਾਰ ਵਿੱਚ ਸਤਿਗੁਰੂ ਜੀ ਦਾ ਦਰਸ਼ਨ ਕਰ, ਮਨੋਹਰ ਕੀਰਤਨ ਸੁਣਦੇ ਹਨ। ਦੁਪਹਿਰ ਦੇ ਨਾਮ ਸਿਮਰਨ ਵਿੱਚ ਵੀ ਭਾਗ ਲੈਂਦੇ ਹਨ। ਹਾਂ, ਜੇ ਕੋਈ ਕਾਰ ਵਿਚਾਰ ਵਿਢਿਆ ਹੋਵੇ, ਜਿਵੇਂ ਲੰਗਰ, ਜਾਂ ਕੋਈ ਉਸਾਰੀ, ਮਾਲਾ ਫੇਰਦੇ ਜਾਂਦੇ ਹਨ। ਬਾਣੀ ਦਾ ਨਿਯਮ ਪੂਰਾ ਕਰਦੇ ਹਨ। ਟੁਰਦਿਆਂ ਫਿਰਦਿਆਂ ਕਾਰ ਵਿਹਾਰ ਕਰਦਿਆਂ, ਨਾਮ ਬਾਣੀ ਨਾਲ ਜੁੜੇ ਰਹਿੰਦੇ ਹਨ। ਸਿੱਟਾ ਇਹ ਨਿਕਲਿਆ ਹੈ ਕਿ ਮਾਤਾ ਜੀ ਹਰ ਮੌਕੇ 'ਤੇ ਸਫਲ ਰਹਿ ਰਹੇ ਹਨ।

ਇਸ ਘਰ ਦੀ ਵਿਸ਼ਾਲਤਾ ਕਿਹੜੀ ਥੋੜ੍ਹੀ ਏ। ਇਕ ਪਾਸ ਥਾਈਲੈਂਡ, ਦੂਜਾ ਬੈਨਾ ਕੀਨਿਆ, ਤੀਜਾ ਪਾਸਾ ਅਮਰੀਕਾ ਤੇ ਉਸ ਦੇ ਨਾਲ ਦਾ ਬਨੇਰਾ ਕਨੈਡਾ, ਸਗੋਂ ਇਸ ਤੋਂ ਵੀ ਪਰੇ ਪ੍ਰੇਰੇ। ਉਨ੍ਹਾਂ ਮਾਈਆਂ ਭਾਈਆਂ ਦੀਆਂ ਅੱਖਾਂ ਸਾਹਮਣੇ ਜਦ ਸ੍ਰੀ ਭੈਣੀ ਸਾਹਿਬ ਦਾ ਚਿੱਤ੍ਰ ਮੂਰਤੀਮਾਨ ਹੁੰਦਾ ਤਾਂ ਹਜ਼ਾਰਾਂ ਕੋਹਾਂ ਉਤੇ ਬੈਠਿਆਂ ਵੀ ਇਧਰ ਮੂੰਹ ਕਰਕੇ ਸੱਜਦੇ ਕਰਦੇ ਹਨ। ਇਥੋਂ ਦੀ ਧੂੜੀ ਮੱਥੇ ਨੂੰ ਲਾਉਣ ਵਾਸਤੇ ਉਡਾਰੀਆਂ ਭਰਦੇ ਹਨ। ਮਾਤਾ ਜੀਵਨ ਕੌਰ ਦੇ ਵਰਤਾਏ ਪ੍ਰਸ਼ਾਦ ਦੀਆਂ ਕਥਾ ਸੁਣ-ਸੁਣ ਤ੍ਰਿਪਤ ਹੁੰਦੇ ਹਨ ਅਤੇ ਮਾਤਾ ਚੰਦ ਕੌਰ ਦੇ

Namdhari Elibrary NamdhariElibrary@gmail.com

ਕਰ ਕਮਲਾਂ ਤੋਂ ਪ੍ਰਸ਼ਾਦ ਲੈਣ ਵਾਸਤੇ ਬਿਹਬਲ ਹੁੰਦੇ ਹਨ। ਮਾਤਾ ਜੀ ਆਪਣੇ ਪੁੱਤਰ ਪੁੱਤਰੀਆਂ ਨੂੰ ਨਿਗਾਹ ਹੇਠ ਇਉਂ ਰਖਦੇ ਹਨ, ਜਿਵੇਂ ਕੂੰਜ ਮੀਲਾਂ ਬਧੀ ਦੂਰ ਬੈਠੀ ਬੱਚਿਆਂ ਨੂੰ ਸੰਭਾਲਦੀ ਏ।

ਮਾਤਾ ਜੀ ਸਭ ਤੋਂ ਪਹਿਲਾਂ ਆਏ ਗਏ ਵਾਸਤੇ ਬਿਸਤਰਿਆਂ ਦਾ ਬੰਦੋਬਸਤ ਕਰਨ ਲੱਗੇ।

ਚਰਖੇ ਮੰਗਵਾ ਲਏ। ਚਰਖੇ ਲੱਗੇ ਘੂਕਣ। ਨਾਲੇ ਚਰਖੇ ਚੱਲੇ ਨਾਲ ਈ ਗੀਤ ਤੇ ਸ਼ਬਦ।

ਚਰਖਾ ਮੇਰਾ ਰਾਂਗਲਾ ਵਿੱਚ ਸੋਨੇ ਦੀਆਂ ਮੇਖਾਂ
ਸਤਿਗੁਰੂ ਮੈਨੂੰ ਯਾਦ ਆਵੇ ਜਦ ਚਰਖੇ ਨੂੰ ਵੇਖਾਂ

ਮਾਤਾ ਜੀ ਨੇ ਉਪਲਾਂ ਤੋਂ ਮਿੱਤ ਸਿੰਘ ਨੂੰ ਬੁਲਾਇਆ। ਧੰਨਾ ਸਿੰਘ ਬੇਣੇ ਨੂੰ ਬਿਜਲੀ ਪੁਰੋਂ। ਦਿਨਾਂ ਵਿੱਚ 400 ਖੇਸ ਬਣ ਗਏ। ਮਾਤਾ ਜੀ ਆਪ ਸੇਵਾ ਕਰ ਪ੍ਰਸੰਨ ਹੁੰਦੇ ਹਨ ਤੇ ਆਪਣੇ ਭੈਣ ਭਰਾਵਾਂ ਨੂੰ ਵੀ ਸੇਵਾ ਦੀ ਪ੍ਰੇਰਨਾ ਕਰਦੇ ਹਨ। ਉਨ੍ਹਾਂ ਨੇ ਆਪਣੀ ਭੈਣ ਗੁਰਨਾਮ ਕੌਰ ਨੂੰ ਵੀ ਸੱਦ ਲਿਆ। ਉਸ ਨੂੰ ਖੱਡੀ ਦੀ ਸਿਖਲਾਈ ਕਰਵਾਈ। ਘਰ ਈ ਤਾਣੇ ਤਣੇ ਜਾਣ, ਘਰ ਈ ਖੱਡੀ ਚਲੇ। ਸਿਮਰਨ ਨਾਲੇ ਖੱਡੀ। ਬੀਬੀ ਸੁਰਜੀਤ ਕੌਰ ਤਾਇਆ ਜੀ ਦੀ ਨੂੰਹ ਨੂੰ ਵੀ ਬੁਲਾ ਭੇਜਿਆ ਬਸ ਖੇਸਾਂ ਨਾਲ ਪੇਟੀਆਂ ਭਰ ਲਈਆਂ।

ਹੁਣ ਡੇਰੇ ਦੀਆਂ ਸੰਗਤਾਂ ਵਾਸਤੇ ਕੁੜਤੇ, ਪਜਾਮੇ, ਕਛਹਿਰੇ ਆਦਿ ਦੀ ਲੋੜ ਸੀ। ਉਸ ਪਾਸੇ ਧਿਆਨ ਦਿੱਤਾ। ਸੰਤ ਅਨੰਤਾ ਸਿੰਘ ਨੂੰ ਦਿੱਲੀ ਤੋਂ ਬੁਲਵਾ ਭੇਜਿਆ। ਉਸ ਨੇ ਆ ਕੇ ਇਕ ਪ੍ਰਕਾਰ ਦੀ ਟ੍ਰੇਨਿੰਗ ਦੀ ਕਲਾਸ ਸ਼ੁਰੂ ਕਰ ਦਿੱਤੀ। ਬੀਬੀਆਂ ਮਸ਼ੀਨ ਚਲਾਣੀ ਸਿਖਣ ਲੱਗੀਆਂ। ਭੈਣ ਗੁਰਨਾਮ ਨੂੰ ਕੱਪੜੇ ਸਿਉਣ ਦੀ ਚੇਟਕ ਲਾ ਦਿੱਤੀ। ਹੋਰ ਬੀਬੀਆਂ ਨੂੰ ਵੀ ਸ਼ੌਕ ਜਾਗ ਪਇਆ। ਬਸ ਕੀ ਸੇਵਾਦਾਰ, ਕੀ ਹੋਰ ਲੋੜਵੰਦ, ਸਭ ਵਾਸਤੇ ਕੁੜਤੇ ਪਜਾਮੇ ਤੇ ਕਛਹਿਰਿਆਂ ਦਾ ਢੇਰ ਲਗ ਗਿਆ। ਹਰ ਸੇਵਾਦਾਰ ਨੂੰ ਛਿਮਾਹੀ ਦੇ ਛਿਮਾਹੀ ਕੱਪੜੇ ਮਿਲਣ ਲਗੇ। ਮਾਤਾ ਜੀ ਸੋਧੀ ਸਿੰਘ ਤੇ ਸੋਧਣ ਬੀਬੀਆਂ ਦਾ ਵੀ ਖ਼ਾਸ ਧਿਆਨ ਰਖਦੇ। ਉਨ੍ਹਾਂ ਵਾਸਤੇ ਰੇਸ਼ਮ ਜਾਂ ਹੋਰ ਕੱਪੜਾ ਜਿਸ ਦੀ ਮਰਯਾਦਾ ਆਗਿਆ ਦੇਂਦੀ ਹੋਵੇ ਉਸ ਦੇ ਬਸਤਰ ਬਣਵਾ ਕੇ ਦੇਂਦੇ। ਡੇਰੇ ਦੇ ਸੇਵਾਦਰ, ਵਰਨੀ ਵਾਲੇ ਸਿੰਘਾਂ ਜਾਂ ਲਾਂਗਰੀਆਂ ਤੋਂ ਵੱਖ ਸੱਚੇ ਪਾਤਸ਼ਾਹ ਜੀ ਦੇ ਬਿਰਧਾਂ ਦੀ ਸੇਵਾ ਲਾ ਦਿੱਤੀ। ਡੇਰੇ ਦੇ ਬਿਰਧ ਹੋ ਗਏ ਸੇਵਾਦਾਰ ਜਾਂ ਹੋਰ ਬਿਰਧ ਜਿਨ੍ਹਾਂ ਦੇ ਵਾਰਸ ਸਾਂਭਣ ਤੋਂ ਅਸਮਰਥ ਹਨ ਜਾਂ ਕੰਨੀ ਕਤਰਾਂਦੇ ਹਨ, ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ। ਪਹਿਲਾਂ ਇਹ ਸ੍ਰੀ ਜੀਵਨ ਨਗਰ ਹਨ, ਹੌਲੀ-ਹੌਲੀ ਇਸ ਨੇ ਬਿਰਧ ਸ਼ਾਲਾ ਦਾ ਰੂਪ ਧਾਰ ਲਿਆ।

ਬਿਰਧਸ਼ਾਲਾ ਤੋਂ ਉਪਰੰਤ ਸੱਚੇ ਪਾਤਸ਼ਾਹ ਜੀ ਨੌਜਵਾਨਾਂ ਵਿੱਚ ਅਨੁਸਾਸ਼ਨ ਤੇ ਕੌਮ ਨੂੰ ਅਗਾਂਹ ਵਧੂ ਕੌਮਾਂ ਦਾ ਦਮ ਭਰਨ ਵਾਲਿਆਂ ਦਾ ਨੱਕ ਨੀਵਾਂ ਕਰਨ ਖਾਤਰ ਹਾਕੀ ਦੀ ਟੀਮ ਤੇ ਐਥਲੀਟਸ ਤਿਆਰ ਕਰਨ ਲਗੇ। ਮਾਤਾ ਜੀ ਤੇ ਉਨ੍ਹਾਂ ਦੇ ਸੇਵਾਦਾਰਾਂ ਤੇ ਉਸ ਟੀਮ ਦੇ ਛਕਣ ਛਕਾਉਣ ਦਾ ਭਾਰ ਵਧਿਆ। ਵਾਹ ਮਾਤਾ ਚੰਦ ਕੌਰੇ। ਤੈਥੋਂ ਕੁਰਬਾਨ। ਤੇਰਾ ਜਿੰਨਾ ਪਰਿਵਾਰ ਵਧਿਆ ਤੈਨੂੰ ਉਨੀਆਂ ਵੱਧ ਖੁਸ਼ੀਆਂ। ਹਰੇਕ ਮਾਈ, ਭਾਈ, ਨੌਜਵਾਨ ਜਾਂ ਬਾਲ ਬਿਰਧ ਉਸ ਦੀ ਰੁਚੀ ਅਨੁਸਾਰ ਬਸਤਰ ਆਦਿ ਮਾਤਾ ਜੀ ਨੇ ਦੇਣੇ। ਕਈ ਲਾਡਲੇ ਤਾਂ ਮਾਤਾ ਜੀ ਨਾਲ ਰੁੱਸ ਵੀ ਪੈਂਦੇ ਹਨ ਤੇ ਮੂੰਹ ਫੇਰ ਲੈਂਦੇ ਹਨ, ਪਰ ਮਾਤਾ ਜੀ ਉਨ੍ਹਾਂ ਦੇ ਰੋਸੇ ਜਾਂ ਵਿਟਰਨ ਤੋਂ ਜ਼ਰਾ ਨਹੀਂ ਘਬਰਾਂਦੇ ਸਭਨਾਂ ਨੂੰ ਘੜੀਆਂ ਪਲਾਂ ਵਿੱਚ ਖਿੜੇ ਗੁਲਾਬ ਦੇ ਫੁੱਲ ਵਿੱਚ ਬਦਲ ਦੇਂਦੇ ਹਨ।

ਗਰੀਬ ਨਿਵਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਸਾਰ ਭਲਾਈ ਤੇ ਆਤਮ ਸ਼ੁਧੀ ਦੀ ਚੇਟਕ ਲਾਉਣ ਵਾਸਤੇ 40 ਦਿਨਾਂ ਦਾ ਜਪ ਪ੍ਰਯੋਗ ਆਰੰਭਿਆ। ਮਾਈ ਭਾਈ ਉਸ ਵਿੱਚ ਭਾਗ ਲੈਣਾ ਸੁਭਾਗ ਸਮਝਦੇ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਉਸੇ ਪਿਰਤ ਨੂੰ ਕਾਇਮ ਰਖਦਿਆਂ ਜਪ ਪ੍ਰਯੋਗ ਕਰਦੇ ਹਨ। ਆਮ ਤੌਰ ਤੇ ਉਨ੍ਹਾਂ ਹੀ ਦਿਨਾਂ ਵਿੱਚ ਬਾਰਸ਼ਾਂ ਹੁੰਦੀਆਂ ਹਨ ਕਿਉਂਕਿ ਬਾਰਸ਼ ਤੇ ਯੱਗ ਦਾ ਜੁਗਾਂ ਤੋਂ ਸੰਬੰਧ ਚਲਿਆ ਆ ਰਿਹਾ ਹੈ।

ਸੰਮਤ 2017 ਦੇ ਪ੍ਰਯੋਗ ਸਮੇਂ ਇੰਦਰ ਦੇਵਤਾ ਵਧੇਰੇ ਪ੍ਰਸੰਨਤਾ ਦੇ ਘਰ ਆ ਗਿਆ। ਲਗੀਆਂ ਮੂਹਲੇਧਾਰ ਬਰਸਾਤਾਂ ਹੋਣ, ਇਥੋਂ ਤਕ ਕਿ ਤੰਬੂ ਤੰਬੋਟੀਆਂ ਲਗੀਆਂ ਪਾਣੀ ਵਿੱਚ ਤਾਰੀਆਂ ਲਾਣ। ਸੱਚੇ ਪਾਤਸ਼ਾਹ ਜੀ ਸੰਗਤਾਂ ਦੀ ਇਹ ਪ੍ਰੇਸ਼ਾਨੀ ਸਹਾਰ ਨਾ ਸਕੇ ਤੇ ਹੁਕਮ ਕੀਤਾ ਕਿ ਚੰਗਾ ਹੋਵੇ ਕਿ ਸੰਗਤਾਂ ਤੰਬੂਆਂ ਕਨਾਤਾਂ ਨਾਲੋਂ ਆਪੋ ਆਪਣੀਆਂ ਕੋਠੜੀਆਂ ਪਾ ਲੈਣ। ਸੱਚੇ ਪਾਤਸ਼ਾਹ ਸੱਚਖੰਡ ਜਾਣ ਤੋਂ ਪਹਿਲਾਂ ਰਾਹ ਤਾਂ ਖੋਲ੍ਹ ਹੀ ਗਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਉਸਾਰੀ ਦਾ ਕੰਮ ਵੀ ਆਪਣੇ ਜ਼ਿੰਮੇ ਲੈ ਲਿਆ। ਮਾਤਾ ਜੀ ਲੱਗੇ ਹੱਥ ਵਟਾਣ।

ਕੱਚੇ ਕਮਰੇ ਤਾਂ ਢਹਿ ਗਏ ਹਨ, ਉਨ੍ਹਾਂ ਦੀ ਮੁਰੰਮਤ ਕਰਨ ਦੀ ਬਜਾਏ ਪੱਕੀ ਉਸਾਰੀ ਸ਼ੁਰੂ ਹੋ ਗਈ। ਸਭ ਤੋਂ ਪਹਿਲਾਂ 13 ਕਮਰੇ ਉਸਰੇ ਮੁੜ 6

Namdhari Elibrary NamdhariElibrary@gmail.com

ਹੋਰ ਬਣੇ। ਜਿਉਂ ਜਿਉਂ ਕੱਚੇ ਢਹਿੰਦੇ ਗਏ ਉਨ੍ਹਾਂ ਦੀ ਥਾਂ ਤੇ ਪੱਕੇ ਖੜ੍ਹੇ ਹੁੰਦੇ ਗਏ।

ਭਾਰਤ ਦੀ ਸੰਸਕ੍ਰਿਤੀ ਗੁਣਾਂ ਭਰਪੂਰ ਹੈ। ਪੁਰਸ਼ ਤੇ ਇਸਤਰੀ ਦਾ ਰਿਸ਼ਤਾ ਪਵਿੱਤ੍ਰਤਾ ਉਤੇ ਨਿਰਭਰ ਹੈ। ਭਾਵੇਂ ਇਸਤਰੀ ਘਰ ਦੀ ਰਾਣੀ ਹੁੰਦੀ ਹੈ, ਪਰ ਸਰਦਾਰੀ ਸਦਾ ਮਰਦ ਦੀ ਹੁੰਦੀ ਏ। ਸ੍ਰੀ ਭੈਣੀ ਸਾਹਿਬ ਦਾ ਇਤਿਹਾਸ ਪੁਰਾਣੀਆਂ ਕਦਰਾਂ ਕੀਮਤਾਂ ਦਰਸਾ ਰਿਹਾ ਹੈ ਤੇ ਵਿਸ਼ਵ ਨੂੰ ਇਸ ਸੁਨਹਿਰੀ ਅਸੂਲ ਲਈ ਭਰਪੂਰ ਪ੍ਰੇਰਨਾਂ ਦਿੰਦਾ ਹੈ। ਮਾਤਾ ਚੰਦ ਕੌਰ ਬਾਰੇ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਜੋ ਵਿਕਾਸ ਕੀਤਾ ਹੈ, ਇਨ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਦੇ ਅੱਖਰ ਅੱਖਰ ਨੂੰ ਸਾਹਮਣੇ ਰੱਖ ਸਾਰੀ ਸਫਲਤਾ ਪ੍ਰਾਪਤ ਕੀਤੀ ਹੈ। ਜਿਧਰ ਹੁਕਮ ਹੋਇਆ ਜਿਧਰ ਇਸ਼ਾਰਾ ਮਿਲਿਆ, ਟੁਰ ਪਏ, ਜਦ ਖਲੋਣ ਦੀ ਆਗਿਆ ਹੋਈ ਕਦਮ ਨਹੀਂ ਪੁੱਟਿਆ। ਜਿਹੜਾ ਪਲੈਨ ਸਤਿਗੁਰੂ ਜੀ ਵਲੋਂ ਪ੍ਰਵਾਨ ਹੋਇਆ। ਓਸੇ ਦੀ ਉਸਾਰੀ ਆਰੰਭ ਹੋ ਗਈ। ਖਜ਼ਾਨਾ ਗੁਰੂ ਕਾ ਹੱਥ ਮਾਤਾ ਜੀ ਦਾ।

ਵਿਕਾਸ ਦਾ ਮੁੱਢ ਸ੍ਰੀ ਜੀਵਨ ਨਗਰ ਦੀ ਵਰਨੀ ਵਾਲੀ ਕੋਠੀ ਤੋਂ ਬੱਧਾ। ਕੋਠੀ ਉਸਰ ਗਈ ਨਾਲ ਹੀ ਵਰਨੀ ਵਾਲੇ ਸਿੰਘਾਂ ਦੀ ਰਿਹਾਇਸ਼ ਦੇ ਕਮਰੇ ਖੜ੍ਹੇ ਹੋ ਗਏ। ਖੂਹੀ ਲੱਗ ਗਈ। ਆਲੇ-ਦੁਆਲੇ ਪਰਦਾ ਲਗ ਗਿਆ। ਉਪਰ ਛੱਤ ਸਭ ਜਗ੍ਹਾ ਬਿਜਲੀ ਦੇ ਲਾਟੂ, ਪੱਖੇ ਤੇ ਸਰਦੀਆਂ ਵਾਸਤੇ ਸਰਦੀ ਦੇ ਰੋਕ ਦੇ ਪ੍ਰਬੰਧ।

ਮੁੜ ਸ੍ਰੀ ਭੈਣੀ ਸਾਹਿਬ ਦੀਆਂ ਬੁਖਾਰੀਆਂ, ਉਪਰੰਤ ਮੰਡੀ (ਹਿਮਾਚਲ) ਦੀ ਕੋਠੀ; ਦਰਿਆ ਦਾ ਕਿਨਾਰਾ, ਆਲਾ ਦੁਆਲਾ ਫਲਦਾਰ ਰੁੱਖਾਂ ਨਾਲ ਘਿਰਿਆ। ਮੰਡੀਓਂ ਫੁਰਸਤ ਮਿਲੀ ਤਾਂ ਸ੍ਰੀ ਭੈਣੀ ਸਾਹਿਬ ਦਾ ਤਬੇਲਾ, ਮੁੜ ਗੁਰੂ ਕਾ ਲੰਗਰ, ਜਿਥੋਂ ਆਏ ਗਏ ਸਾਧੂ ਸੰਤਾਂ ਤੇ ਰਾਹਗੀਰਾਂ ਨੂੰ ਮਨ ਭਾਉਂਦਾ, ਪ੍ਰਸ਼ਾਦ ਮਿਲਦਾ ਰਿਹਾ ਹੈ, ਹਰ ਪਹਿਲੂ ਸੁੱਖ ਦੇਣ ਵਾਲਾ ਉਸਾਰ ਦਿਤਾ।

ਫੇਰ ਮਸਤਾਨ ਗੜ੍ਹ ਦੀ ਵਾਰੀ ਆ ਗਈ। ਮਾਤਾ ਜੀ ਕੜਾਕੇ ਦੀ ਗਰਮੀ ਤੇ ਗਰਮ ਲੂ, ਮੀਂਹ ਹਨੇਰੀ ਦੀ ਪ੍ਰਵਾਹ ਨਾ ਕਰਦਿਆਂ ਕੋਠੀ ਖੜ੍ਹੀ ਕਰ ਦਿੱਤੀ। ਕੋਠੀ ਦੇ ਲਾਗੇ ਵਰਨੀ ਦਾ ਕਮਰਾ, ਲੰਗਰ ਹਾਲ, ਪਸ਼ੂ-ਸ਼ਾਲਾ ਅਤੇ ਸੇਵਾਦਾਰਾਂ ਵਾਸਤੇ ਕੁਆਰਟਰ ਖੜ੍ਹੇ ਹੋਏ। ਜੰਗਲ ਵਿੱਚ ਮੰਗਲ ਲਗ ਗਿਆ। ਮੁੜ ਹਿਮਾਚਲ ਪ੍ਰਦੇਸ਼ ਵਿੱਚ ਬਰਫਾਨੀ ਪੌਣਾਂ ਤੋਂ ਬਚਾਉ ਹਿਤ ਮਨਾਲੀ ਦੀ ਕੋਠੀ ਉਸਰ ਗਈ। ਮਨਾਲੀਓਂ ਵਿਹਲ ਮਿਲੀ ਤਾਂ ਸ੍ਰੀ ਜੀਵਨ ਨਗਰ ਦੇ ਲੰਗਰ ਨੇ ਮਾਤਾ ਜੀ ਨੂੰ ਆਵਾਜ਼ ਮਾਰ ਲਈ। ਅਖੀਰ ਤੇ ਸ੍ਰੀ ਭੈਣੀ ਸਾਹਿਬ ਦੀ ਵਾਰੀ ਆਈ।

ਸੰਨ 1976 ਚੜ੍ਹਿਆ ਤਾਂ ਗੁਰੂ ਕੇ ਲਾਲ ਸ੍ਰ: ਨਿਰਮਲ ਸਿੰਘ ਰੀਟਾਇਰਡ ਇੰਜੀਨੀਅਰ ਆ ਹਾਜ਼ਰ ਹੋਏ, ਜਿਹੜੇ ਆਪ ਹੀ ਡਰਾਫਟਸ-ਮੈਨ, ਆਪ ਹੀ ਆਰਚੀਟੈਕਟ, ਆਪ ਹੀ ਕਲਰਕ ਤੇ ਆਪ ਹੀ ਸੁਪਰਵਾਈਜ਼ਰ। ਇਹ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਡਿਜ਼ਾਈਨ ਬਣਾ ਕੇ ਪ੍ਰਵਾਨਗੀ ਲੈਂਦੇ ਤੇ ਮਾਤਾ ਜੀ ਦੀ ਸੇਵਾ ਵਿੱਚ ਹਾਜ਼ਰ ਹੁੰਦੇ। ਬਸ ਮੁੜ ਚਲ ਸੋ ਚਲ।

ਮਾਤਾ ਜੀ ਨਕਸ਼ਿਆਂ ਮੁਤਾਬਕ ਗਊਸ਼ਾਲਾ, ਮਾਈਆਂ ਦਾ ਡੇਰਾ, ਨਵਾਂ ਸਟੋਰ, ਵਰਨੀ ਅਸਥਾਨ, ਕੋਠੀ ਤੇ ਪੁਰਾਣੀ ਕੋਠੀ ਦਾ ਨਵਾਂ ਰੂਪ, ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮ੍ਰਤੀ ਮੰਦਰ, ਸਕੂਲ, ਹੋਸਟਲ ਦੇ ਕਮਰੇ ਤੇ ਹੋਰ ਸੰਬੰਧਿਤ ਅਸਥਾਨ ਉਹਨਾਂ ਦੇ ਵਜੂਦ ਵਿੱਚ ਆ ਗਏ। ਕਹਾਣੀ ਕਾਫੀ ਲੰਮੀ ਹੋ ਗਈ ਤੇ ਮੁਕਣੀ ਨਹੀਂ। ਲੰਗਰ ਦੇ ਲਾਗੇ 20 ਕਮਰੇ ਉੱਭਰ ਆਏ ਹਨ। ਵਾਧਾ ਇਹ ਹੈ ਕਿ ਸੇਵਾ ਕਰਦਿਆਂ ਨਹੀਂ ਥਕੇਵਾਂ, ਨਹੀਂ ਅਕੇਵਾਂ।

ਸੰਤ ਇੰਦਰ ਸਿੰਘ ਚਕ੍ਰਵਰਤੀ, ਇਕ ਸਮੇਂ ਸੇਵਾ ਕਰਦਿਆਂ ਵੇਖ ਕਿਹਾ ਕਿ ਮਾਤਾ ਜੀ ਦੇਹ ਕਰਕੇ ਤਾਂ ਸੁਕੜੇ ਹਨ, ਪਰ ਹੱਡ ਬੜੇ ਕਰੜੇ ਹਨ। ਬੇਬੇ ਦਲੀਪ ਕੌਰ ਮਾਤਾ ਜੀ ਦੀ ਘਾਲ ਵੇਖ ਕਿਹਾ, ਸਰੀਰ ਆਖਰ ਸਰੀਰ ਹੈ, ਇਸ ਨੂੰ ਆਰਾਮ ਚਾਹੀਦਾ ਹੈ, ਚਲਦੀਆਂ ਚਲਦੀਆਂ ਮਸ਼ੀਨਾਂ ਨੂੰ ਵੀ ਆਰਾਮ ਦੀ ਲੋੜ ਪੈਂਦੀ ਹੈ, ਪਰ ਮਾਤਾ ਜੀ ਨਹੀਂ ਥਕਦੇ। ਸ੍ਰੀ ਭੈਣੀ ਸਾਹਿਬ ਦੀ ਵਿਲੱਖਣ ਇਹ ਮਾਤਾ ਜੀ ਦੀ ਲਗਨ, ਮਿਹਨਤ ਤੇ ਉਤਸ਼ਾਹ ਦਾ ਪ੍ਰਤੱਖ ਸਬੂਤ ਹੈ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਤੇ ਬਖਸ਼ਿਸ਼ ਜਿਹੜੇ ਸਾਧ ਸੰਗਤ ਨੂੰ ਨਿਹਾਲ ਕਰ ਰਹੇ ਹਨ।

ਇਹ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਉਸਾਰੀ ਵਿੱਚ ਜਿੰਨਾ ਵੀ ਕੰਮ ਹੋਇਆ ਹੈ, ਇਹ ਸਭ ਨਾਮਧਾਰੀਆਂ ਹੱਥੀਂ ਹੋਇਆ ਹੈ। ਨਾਮਧਾਰੀ ਇੰਜੀਨੀਅਰ, ਨਾਮਧਾਰੀ ਆਰਚੀਟੈਕਟ, ਨਾਮਧਾਰੀ ਕਾਰੀਗਰ, ਨਾਮਧਾਰੀ ਲੋਹਾਰ, ਨਾਮਧਾਰੀ ਤਰਖਾਣ, ਨਾਮਧਾਰੀ ਸੇਵਾਦਾਰ ਤੇ ਮਾਇਆ ਵੀ ਨਾਮਧਾਰੀਆਂ ਦੀ, ਜਿਹੜੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਹਨ। ਸਿਮਰਨ ਨਾਲੇ ਸੇਵਾ। ਹੱਥ ਵੀ ਚਲਣ ਰਹਨਾਂ ਵੀ ਚਲੇ।, ਇਸ ਵਿਕਾਸ ਵਿੱਚ ਸੇਵਾ ਕਰਨ ਵਾਲਿਆਂ ਦੇ ਕੁਝ ਕੁ ਪਵਿੱਤਰ ਨਾਉਂ ਇਹ ਹਨ। ਸੰਤ ਗੁਲਜ਼ਾਰ ਸਿੰਘ ਦਮਦਮਾਂ, ਪੰਡਿਤ

Namdhari Elibrary NamdhariElibrary@gmail.com

ਮਨਸਾ ਸਿੰਘ, ਸੰਤ ਕਿਰਪਾਲ ਸਿੰਘ ਡਾਲਟਨ ਰੀਜ, ਨਿਰਮਲ ਸਿੰਘ ਰੀਟਾਇਰਡ ਇੰਜੀਨੀਅਰ, ਭਾਈਆ ਨਿਰੰਜਨ ਸਿੰਘ, ਮਿਸਤਰੀ ਖਜਾਨ ਸਿੰਘ ਦਿੱਲੀ, ਮਿਸਤਰੀ ਬਲਵੰਤ ਸਿੰਘ ਸੋਧੀ। ਇਨ੍ਹਾਂ ਵਿੱਚ ਵਾਧਾ ਇਹ ਕਿ ਪਹਿਲਾਂ ਸਵੇਰ ਸਾਰ ਇਸ਼ਨਾਨ ਕਰ ਸ੍ਰੀ ਆਸਾ ਦੀ ਵਾਰ ਵਿੱਚ, ਜੇ ਕੀਰਤਨੀਏ ਸਿੰਘਾਂ ਨੂੰ ਦੇਰ ਹੋਵੇ ਤਾਂ ਆਪ ਹੀ ਵਾਰ ਅਰੰਭ ਦੇਣੀ, ਮੁੜ ਸੇਵਾ ਪ੍ਰਵਾਰ ਵਲੋਂ ਪੂਰਨ ਸੁਤੰਤਰ ਮਹੰਤ ਵੀਰ ਸਿੰਘ ਅਲੈਕਟ੍ਰੀਸ਼ਨ। ਇਨ੍ਹਾਂ ਤੋਂ ਵੱਖ ਅਨੇਕ ਗੁਰੂ ਦੇ ਲਾਲਾਂ, ਡਰਾਈਵਰਾਂ, ਟ੍ਰਕ ਮਾਲਿਕਾਂ ਸੇਵਾ ਵਿੱਚ ਭਾਗ ਲੈ ਧੰਨ ਭਾਗ ਜਾਣੇ।

ਸ੍ਰੀ ਅਜੀਤ ਸਿੰਘ ਤੇ ਉਨ੍ਹਾਂ ਦੀ ਪਤਨੀ, ਸੰਤ ਸ਼ਿੰਗਾਰਾ ਸਿੰਘ ਤੇ ਬੀਬੀ ਸਵਰਨ ਕੌਰ, ਮਾਤਾ ਰਤਨ ਕੌਰ ਆਦਿ ਨੇ ਲੰਗਰ, ਜਲ ਪਾਣ ਆਦਿ ਦਾ ਪ੍ਰਬੰਧ ਕੀਤਾ ਤੇ ਪ੍ਰਸੰਨਤਾ ਨਾਲ ਪ੍ਰਸ਼ਾਦ ਛਕਾਏ।

ਭਾਵੇਂ ਹੋਵੇ ਸ੍ਰੀ ਭੈਣੀ ਸਾਹਿਬ, ਭਾਵੇਂ ਸ੍ਰੀ ਜੀਵਨ ਨਗਰ, ਹੋਲਾ ਮੁਹੱਲਾ ਜਾਂ ਜਪ ਪ੍ਰਯੋਗ ਸਮਾਗਮ ਸੇਵਾ ਦਾ ਭਾਰ ਮਾਤਾ ਜੀ ਦੇ ਮੋਢਿਆਂ ਉਤੇ, ਜੇ ਬੇਬੇ ਦਲੀਪ ਕੌਰ ਮੌਕਿਆਂ ਤੇ ਹੋਣ ਤਾਂ ਜ਼ਰੂਰ ਹੱਥ ਵਟਾਂਦੇ ਰਹੇ ਹਨ। ਹੋਰ ਰਸਦਾਂ, ਬੱਚਿਆਂ ਤੇ ਬਿਰਧਾਂ ਵਾਸਤੇ ਦੁੱਧ, ਸਭ ਦੀ ਚਿੰਤਾ ਮਾਤਾ ਚੰਦ ਕੌਰ। ਸੰਗਤਾਂ ਕੀਰਤਨ ਸੁਣਨ ਜਾਂ ਸੇਵਾ ਕਰਨ ਮਾਤਾ ਜੀ ਲੋਹਾਂ ਸਾਹਮਣੇ ਮੇਲਿਆਂ ਮਸ੍ਹਦਿਆਂ ਦੇ ਲੰਗਰ ਦੀ ਸੇਵਾ ਤੇ ਜ਼ੁਮੇਵਾਰੀ ਮਾਤਾ ਜੀ ਦੀ ਝੋਲੀ।

ਸੰਮਤ 2038 ਦਾ ਪ੍ਰਯੋਗ-ਮੇਲਾ ਮਾਈਆਂ ਮੰਗਿਆ ਹੋਇਆ ਸੀ ਪਰ ਫਿਕਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੀ। ਆਪ ਜੀ ਨੇ ਮਾਤਾ ਜੀ ਨੂੰ ਆਗਿਆ ਕੀਤੀ ਤਾਂ ਮਾਤਾ ਜੀ ਆਪਣੇ ਨਾਲ ਸੰਤ ਜਸਵੰਤ ਸਿੰਘ ਕੱਲਾ ਨੂੰ ਲੈ ਕੇ ਦਿਨ ਰਾਤ ਇਕ ਕਰ ਦਿੱਤਾ ਤੇ ਮਾਇਆ ਇਕੱਤਰ ਕੀਤੀ। ਜੱਪ ਪ੍ਰਯੋਗ ਬੜਾ ਸਫਲ ਰਿਹਾ। ਸਾਧ ਸੰਗਤ ਨੂੰ ਦੂਜੇ ਤੀਜੇ ਦਿਨ ਮਨ ਭਾਉਂਦੇ ਪਦਾਰਥ ਮਿਲਦੇ। ਬੂੰਦੀ, ਜਲੇਬੀ, ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗਫੇ। ਇਸ ਪ੍ਰਯੋਗ ਵਿੱਚ ਲਗਭਗ 200 ਟੀਨ ਘਿਉ ਵਰਤਿਆ ਗਿਆ। ਹਵਨ ਦੀ ਸੁਗੰਧੀ ਭਰੀਆਂ ਲਪਟਾਂ ਨੇ ਵਾਯੂ ਮੰਡਲ ਨੂੰ ਸੁਵੱਛ ਕਰ ਦਿੱਤਾ।

ਮਾਤਾ ਜੀ ਦਾ ਦਿਲ ਇਤਨਾ ਕੋਮਲ ਹੈ ਕਿ ਕੰਡਾ ਕਿਸੇ ਸਿਖ ਨੂੰ ਚੁੱਭੇ ਦਰਦ ਮਾਤਾ ਜੀ ਨੂੰ। ਨਰਿੰਦਰ ਸਿੰਘ ਮੰਡੀ ਦੀ ਬੀਬੀ ਬਿਊਟੀ ਨੂੰ ਆਪਣੇ ਪਤੀ ਨਾਲ ਅਜੋੜ ਹੋ ਗਿਆ। ਮਾਤਾ ਜੀ ਉਸ ਦੀ ਹਾਲਤ ਵੇਖ ਦੁਖੀ ਹੋਏ। ਇਹ ਗਲ ਸ੍ਰੀ ਸੇਵਾ ਸਿੰਘ ਕ੍ਰਿਸ਼ਨ ਨਗਰ ਵਾਲਿਆਂ ਦਸੀ ਮਾਤਾ ਜੀ ਕਿਹਾ ਕਿ ਮੈਂ ਇਸ ਕੁੜੀ ਦਾ ਦੁਖ ਸਹਾਰ ਨਹੀਂ

ਸੱਚੇ ਪਾਤਸ਼ਾਹ ਜੀ ਬੱਚਿਆਂ ਨੂੰ ਪੜ੍ਹਾਈ, ਲਿਖਾਈ, ਖੇਡ ਕੂਦ, ਧਾਰਮਿਕ ਰਹਿਣੀ ਬਹਿਣੀ, ਸੰਗੀਤ ਕਲਾ ਆਦਿ ਵਿੱਚ ਇਕ ਨੰਬਰ ਵੇਖਣ ਦੇ ਇਛੁੱਕ ਹਨ ਤੇ ਮਾਤਾ ਜੀ ਬੱਚਿਆਂ ਨੂੰ ਉਸ ਨੰਬਰ ਤੱਕ ਪਹੁੰਚਾਣ ਖਾਤਰ ਅਧਿਆਤਮਕ ਗੁਣ ਸਿਖਾਉਣ ਅਤੇ ਪ੍ਰਬੰਧਿਕਾਂ ਨੂੰ ਉਤਸ਼ਾਹ ਦੇ, ਹਰ ਪ੍ਰਕਾਰ ਦਾ ਸਹਿਯੋਗ ਦੇਂਦੇ ਹਨ।

ਸਕਦੀ। ਮੇਲੇ ਵਿੱਚ ਜੇ ਕਿਸੇ ਸਿੱਖ ਨੂੰ ਡੇਰਾ ਨਾ ਮਿਲੇ ਤਾਂ ਵੀ ਬੜਾ ਦੁਖ ਪ੍ਰਤੀਤ ਕਰਦੇ ਹਨ। ਜੇ ਕਦੇ ਸਰੀਰ ਨੂੰ ਦੁਖ ਆ ਜਾਵੇ ਤਾਂ ਆਪਣੇ ਅੰਦਰ ਈ ਰਖਣ, ਕਿਸੇ ਨੂੰ ਜਤਾਣਾ ਨਹੀਂ।

ਇਕ ਸਮੇਂ ਮਾਤਾ ਜੀ ਦੇ ਚਰਨ ਦੇ ਅੰਗੂਠੇ ਵਿੱਚ ਕਿੱਲ ਚੁਭ ਗਿਆ। ਪੈਰ ਤੇ ਸੋਜ ਆ ਗਈ, ਪਰ ਕਿਸੇ ਸੇਵਕ ਨੂੰ ਰੜਕਾਇਆ ਨਹੀਂ। ਛੇ ਮਹੀਨਿਆਂ ਪਿੱਛੋਂ ਆਰਾਮ ਆਇਆ। ਨਿਤਨੇਮ ਪੂਰਾ, ਉਸ ਵਿੱਚ ਢਿੱਲ ਨਹੀਂ ਆਉਣ ਦਿੱਤੀ।

ਮਾਤਾ ਜੀ ਸਾਧ ਸੰਗਤ ਦੀ ਸੇਵਾ ਕਰਦਿਆਂ ਤੇ ਉਸਾਰੀ ਦੇ ਬਾਵਜੂਦ ਸੱਚੇ ਪਾਤਸ਼ਾਹ ਜੀ ਦੀ ਸੇਵਾ ਦਾ ਖਿਆਲ ਰਖਦੇ ਹਨ। ਭਾਵੇਂ ਉਨ੍ਹਾਂ ਦੇ ਸੇਵਾਦਾਰ ਸੰਤ ਬਲਦੇਵ ਸਿੰਘ, ਸਤਿਨਾਮ ਸਿੰਘ, ਤੇਜਾ ਸਿੰਘ, ਮੁਹਿੰਦਰ ਸਿੰਘ ਪੂਰਬਾ, ਅਥਵਾ ਤ੍ਰਸੇਮ ਸਿੰਘ, ਹਰਪਾਲ ਸਿੰਘ, ਰਛਪਾਲ ਸਿੰਘ, ਦੀਦਾਰ ਸਿੰਘ ਆਦਿ ਚੌਵੀ ਘੰਟੇ ਹਾਜ਼ਰ ਰਹਿੰਦੇ ਹਨ ਪਰ ਮਾਤਾ ਜੀ ਸਾਰਿਆਂ ਤੇ ਨਿਗਾਹ ਰੱਖਦੇ ਹਨ।

ਬੀਬਾ ਜੀ (ਸਾਹਿਬ ਕੌਰ) ਦਾ ਜਨਮ 13 ਪੋਹ 2019 ਬਿ. ਵਿੱਚ ਹੋਇਆ। ਉਨ੍ਹਾਂ ਨੂੰ ਪੂਰਾ ਪਿਆਰ ਬਖਸ਼ਿਆ। ਪੁੱਤਰ ਨਾਲੋਂ ਵੱਧ ਖ਼ੁਸ਼ੀਆਂ ਹੋਈਆਂ। ਉਨ੍ਹਾਂ ਦੀ ਸੰਭਾਲ ਬੀਬੀ ਨਰਿੰਦਰ ਜੀ, ਧਰਮ ਪਤਨੀ ਸ੍ਰੀ ਜਸਵੰਤ ਸਿੰਘ ਕੱਲ੍ਹਾ ਅਫਰੀਕਾ ਨੂੰ ਸੌਂਪੀ ਗਈ। ਕੁਰਬਾਨ ਜਾਈਏ ਗੁਰੂ ਕੇ ਸੇਵਕਾਂ ਤੇ ਜਿਨ੍ਹਾਂ ਦੀ ਮਹਿਮਾ ਦਾ ਵਰਨਣ ਨਹੀਂ ਹੋ ਸਕਦਾ। ਕੋਈ ਪਤਨੀ ਪਤੀ ਦਾ ਵਿਛੋੜਾ ਨਹੀਂ ਸਹਿ ਸਕਦੀ। ਪਰ ਇਸ ਮਾਂ ਦੀ ਧੀ ਨੇ ਇਸ ਘੋਰ ਕਲਿਜੁਗ ਦੇ ਸਮੇਂ ਵਿੱਚ ਸਤਿਜੁਗ ਨੂੰ ਮਾਤ ਪਾ ਦਿੱਤਾ। ਗੁਰਦੇਵ ਪਤੀ ਹਜ਼ਾਰਾਂ ਮੀਲ ਦੂਰ ਅਫਰੀਕਾ ਵਿੱਚ ਕੰਮ ਕਰਦੇ ਹਨ। ਕੋਈ 3000 ਮਹੀਨੇ ਦੀ ਤਨਖਾਹ ਲੈਂਦੇ ਹਨ। ਇਹ ਯੁਵਾਅਵਸਥਾ, ਕਲਿਜੁਗੀ ਫੈਸ਼ਨ ਪ੍ਰਸਤੀ,

Namdhari Elibrary Namdharielibrary@gmail.com

ਖਾਣ ਪੀਣ ਦੀ ਕੋਈ ਘਾਟ ਨਹੀਂ, ਪਰ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਖਾਤਰ, ਬੀਬਾ ਜੀ ਦੀ ਸੇਵਾ ਵਿੱਚ ਆ ਹਾਜ਼ਰ ਹੋਏ। ਪੂਰੇ 14 ਸਾਲ ਸੇਵਾ ਕੀਤੀ। ਜਦ ਬੀਬਾ ਸਾਹਿਬ ਕੌਰ ਜੀ ਦਾ ਅਨੰਦ ਬਿ. 2036/1979 ਈ. ਵਿੱਚ ਹੋਇਆ ਤਾਂ ਸੇਵਾ ਤੋਂ ਛੁੱਟੀ ਹੋਈ, ਪਰ ਬੀਬੀ ਨਰਿੰਦਰ ਜੀ ਦੀ ਦੇਖਭਾਲ, ਲਿਖਾਈ ਪੜ੍ਹਾਈ ਤੋਂ ਉਪਰ ਮਾਤਾ ਜੀ ਆਪ ਹਰ ਪ੍ਰਕਾਰ ਦਾ ਖਿਆਲ ਰਖਦੇ ਤੇ ਬੱਚੀਆਂ ਨੂੰ ਲੋੜੀਂਦੀਆਂ ਹਰ ਪ੍ਰਕਾਰ ਦੀਆਂ ਸਿੱਖਿਆਵਾਂ ਦੇਂਦੇ।

ਬੀਬਾ ਸਾਹਿਬ ਕੌਰ ਜੀ ਦੇ ਗ੍ਰਹਿ ਬਾਲਕ ਨੇ ਦਸ ਦਸੰਬਰ ਉਨ੍ਹੀਂ ਸੌ ਅੱਸੀ (10.12.80) ਨੂੰ ਜਨਮ ਲਿਆ। ਤਾਂ ਮਾਤਾ ਜੀ ਨੇ ਦੋਹਤਰੇ ਜੈ ਸਿੰਘ ਨਾਲ ਹਨੇਹ ਪਾ ਲਿਆ। ਬੀਬਾ ਜੀ ਜਦ ਸ੍ਰੀ ਭੈਣੀ ਸਾਹਿਬ ਆਉਂਦੇ ਤਾਂ ਕਾਕਾ ਜੀ ਮਾਤਾ ਜੀ ਦੀ ਗੋਦ ਦਾ ਨਿੱਘ ਮਾਣਦੇ ਹਨ।

ਮਹਾਂਪੁਰਸ਼ ਕਰਾਮਾਤ ਵਿਖਾ ਕੇ ਰਾਜ਼ੀ ਨਹੀਂ ਹੁੰਦੇ, ਪਰ ਉਨ੍ਹਾਂ ਦਾ ਪਵਿੱਤਰ ਜੀਵਨ, ਭਜਨ, ਬੰਦਗੀ ਤੇ ਸੱਚੀ ਤੇ ਸੁੱਚੀ ਕਰਨੀ ਸਦਕਾ ਜੋ ਵੀ ਸ਼ਬਦ ਮੂੰਹੋਂ ਨਿਕਲੇ, ਉਹ ਸਤਿ ਹੋ ਜਾਂਦਾ ਹੈ। ਜਦ ਮਸਤਾਨ ਗੜ੍ਹ ਦੀ ਕੋਠੀ ਦੀ ਉਸਾਰੀ ਦਾ ਹੁਕਮ ਹੋਇਆ ਤਾਂ ਬੀਬੀ ਗੁਰਨਾਮ ਕੌਰ ਅਰਜ ਕੀਤੀ ਮਾਤਾ ਜੀ, ਇਥੇ ਕੰਮ ਤਾਂ ਸ਼ੁਰੂ ਕਰਨ ਲਗੇ ਹਾਂ, ਸਾਧ ਸੰਗਤ ਵਾਸਤੇ ਦੁੱਧ ਕਿਥੋਂ ਆਏਗਾ? ਤਾਂ ਮਾਤਾ ਜੀ ਸੁਭਾਵਕ ਬਚਨ ਕੀਤਾ ਗੁਰਨਾਮ, ਸਤਿਗੁਰ ਇਤਨੀ ਬਖਸ਼ਸ਼ ਕਰਨਗੇ ਕਿ ਦੁੱਧ ਸਾਂਭਿਆ ਨਹੀਂ ਜਾਣਾ। ਇਹ ਬਚਨ ਹੋਇਆਂ ਕੁੱਝ ਦਿਨ ਹੀ ਬੀਤੇ ਹਨ, ਕਿ 20 ਕਿਲੋ ਰੋਜ਼ ਦਾ ਦੁੱਧ ਦੇਣ ਵਾਲੀ ਮੱਝ ਆ ਗਈ। ਹੁਣ ਦੁੱਧ ਸਾਧ ਸੰਗਤ ਵੀ ਛਕੇ ਬਾਗੜੀ ਭਰਾ ਵੀ ਛਕਣ। ਮੱਖਣ ਵੀ ਜੁੜੇ। ਮਾਤਾ ਜੀ ਦੋ ਹਫ਼ਤੇ ਵਾਸਤੇ ਸਾਧ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਗਏ ਤਾਂ ਪਿਛੋਂ ਬੀਬੀ ਗੁਰਨਾਮ ਨੇ ਦੋ ਟੀਨ ਘਿਉ ਜੋੜ ਲਿਆ। ਫ਼ਸਲ ਦੀਆਂ ਵਾਢੀਆਂ ਆ ਗਈਆਂ। ਵਾਢੇ (ਸਾਧ ਸੰਗਤ) ਆ ਗਏ। ਲਗੇ ਤ੍ਰਿਭੋਲੇ ਦੇ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗਫੇ ਵਰਤਣ। 4 ਦਿਨ ਵਾਢੀ ਰਹੀ। ਸੰਗਤਾਂ ਨੂੰ ਪ੍ਰਸੰਨ ਕਰਕੇ ਪ੍ਰਸ਼ਾਦ ਛਕਾਇਆ। ਸੰਗਤਾਂ ਧੰਨ ਸਤਿਗੁਰੂ ਪ੍ਰਤਾਪ ਸਿੰਘ, ਧੰਨ ਸਤਿਗੁਰੂ ਜਗਜੀਤ ਸਿੰਘ ਤੇ ਧੰਨ ਮਾਤਾ ਚੰਦ ਕੌਰ ਕਹਿੰਦੀਆਂ, ਘਰਾਂ ਨੂੰ ਮੁੜਦੀਆਂ।

ਦੁਨੀਆਂਦਾਰੀ ਦੇ ਲਿਹਾਜ਼ ਨਾਲ ਵੱਡਿਆਂ ਘਰਾਂ ਦੀਆਂ ਇਸਤਰੀਆਂ ਨੂੰ ਆਮ ਕਰਕੇ ਖਾਣ, ਪੀਣ ਤੇ ਲਾਣ (ਸੱਜਣ ਸਵਰਨ) ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ। ਸੇਵਾਦਾਰਾਂ ਨੂੰ ਉਹ ਕੁੱਤਿਆਂ ਨਾਲੋਂ ਵੀ ਮਾੜਾ ਸਮਝਦੀਆਂ ਹਨ। ਇਹ ਬਚਿਆ ਖੁਚਿਆ ਕੁਝ ਮਿਲ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ। ਪਰ ਏਸ ਘਰ ਦੀ ਇਹ ਮਰਯਾਦਾ ਨਹੀਂ ਮਾਤਾ ਚੰਦ ਕੌਰ ਜੋ ਆਪ ਪਾਵੇ ਉਹ ਉਨ੍ਹਾਂ ਦੇ ਸੇਵਾਦਾਰ ਜੋ ਆਪ ਛਕਣ ਉਨ੍ਹਾਂ ਤੋਂ ਚੰਗੇਰਾ ਉਨ੍ਹਾਂ ਦੇ ਸੇਵਾਦਾਰ। ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਪਾ ਕੇ, ਮਾਤਾ ਜੀ ਸੇਵਾਦਾਰਾਂ ਦੇ ਕੁਆਰਟਰਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕਰਦੇ ਹਨ। ਸੇਵਾਦਾਰਾਂ ਦੇ ਕਮਰੇ ਪੱਕੇ ਹਨ। ਬਿਜਲੀ ਦੇ ਪੱਖੇ, ਸਰਦੀਆਂ ਵਾਸਤੇ ਹੀਟਰ, ਫਲੱਸ਼ ਟੱਟੀਆਂ, ਗੁਸਲਖਾਨੇ, ਪਹਿਨਣ ਵਾਸਤੇ ਰੇਸ਼ਮ ਜਾਂ ਟੈਰਾਲੀਨ। ਪ੍ਰਸ਼ਾਦ ਛਕਣ ਵਾਸਤੇ ਸਟੀਲ ਦੇ ਭਾਂਡੇ। ਥਾਲ, ਕੌਲ, ਗਲਾਸ, ਚਮਚੇ। ਸਭ ਥਾਈਂ ਸਟੀਲ ਪ੍ਰਧਾਨ। ਮਹੀਨੇ ਦਾ ਬੱਧਾ ਘਿਉ, ਖੰਡ, ਬਾਦਾਮ ਤੇ ਹੋਰ ਰਸਦਾਂ ਸਾਬਣ ਤੇਲ। ਜੇ ਕੋਈ ਸਰੀਰ ਢਿੱਲਾ ਹੋ ਜਾਵੇ ਤਾਂ ਓਸੇ ਵੇਲੇ ਕਟਾਣੀ ਦੇ ਡਾਕਟਰ ਹਰਦਾਸ ਜੀ ਨੂੰ ਟੈਲੀਫੂਨ। ਉਹ ਭਾਗਾਂ ਵਾਲੀ ਮਾਂ ਦਾ ਜਾਇਆ ਭਾਵੇਂ ਦਿਨ ਹੋਵੇ, ਰਾਤ ਹੋਵੇ, ਦੁਪਹਿਰ ਜਾਂ ਅੱਧੀ ਰਾਤ ਉਹ ਉਸੇ ਵੇਲੇ ਮੋਟਰ ਸਾਈਕਲ ਤੇ ਹਾਜ਼ਰ ਹੁੰਦੇ ਦਵਾਈਆਂ ਦਾ ਝੋਲਾ ਗਲੇ ਵਿੱਚ ਆ ਸੀਸ ਨਿਵਾਉਂਦੇ ਤੇ ਨਾਲੇ ਮੁਸਕਰਾਉਂਦੇ ਬੀਮਾਰ ਨੂੰ ਦਵਾਈ ਦੇਂਦੇ। ਅੱਠੀਂ ਪਹਿਰੀ ਤਾਂ ਇਕ ਚੱਕਰ ਜ਼ਰੂਰ। ਇਹ ਡਾਕਟਰ ਵੀ ਸ੍ਰੀ ਸਤਿਗੁਰੂ ਜੀ ਤੇ ਮਾਤਾ ਜੀ ਦੀ ਨਿਮਰਤਾ, ਸੁਹਿਰਦਤਾ, ਸਵੱਛਤਾ ਤੇ ਪ੍ਰੇਮ ਸਦਕਾ ਸਾਧ ਸੰਗਤ ਦੀ ਸੇਵਾ ਕਰਦਾ ਤੇ ਖੁਸ਼ੀਆਂ ਲੈਂਦਾ ਹੈ।

ਮਾਤਾ ਜੀ ਦੇ ਸਾਰੇ ਸਟਾਕ ਲਬਾ ਲਬ। ਗੁਰੂ ਹਰੀ ਸਿੰਘ ਜੀ ਇਕ ਸਮੇਂ ਬਚਨ ਕੀਤਾ ਸੀ, ਇਹ ਉਹ ਘਰ ਏ, ਜਿਸ ਨੂੰ ਕੋਈ ਭਰਨਾ ਚਾਹੇ ਤਾਂ ਭਰ ਨਹੀਂ ਸਕਦਾ, ਜੇ ਖਾਲੀ ਕਰਨ ਦਾ ਕੋਸ਼ਾ ਜਤਨ ਕਰੇ ਤਾਂ ਖਾਲੀ ਨਹੀਂ ਕਰ ਸਕਦਾ। ਉਹ ਵਾਕ ਠੀਕ ਸਿੱਧ ਹਨ। ਲੋੜਵੰਦ ਜਦ ਵੀ ਮਾਤਾ ਜੀ ਪਾਸ ਅਰਜ਼ ਕਰਨ ਓਸੇ ਵੇਲੇ ਬਖਸ਼ਸ਼ਾਂ। ਸੱਚੇ ਪਾਤਸ਼ਾਹ ਮੌਜ ਦੇ ਮਾਲਿਕ ਕਈ ਵੇਰ ਕੁੜੀਆਂ ਮੁੰਡਿਆਂ ਦੇ ਮਾਪਿਆਂ ਦੀ ਸਲਾਹ ਦੇ ਬਿਨਾਂ ਹੀ ਉਨ੍ਹਾਂ ਦੇ ਅਨੰਦ ਕਾਰਜ ਰਚ ਦੇਂਦੇ ਹਨ। ਹੁਣ ਉਹ ਗਰੀਬ ਬਸਤਰ ਕਿਥੋਂ ਲੈਣ। ਉਨ੍ਹਾਂ ਦੀਆਂ ਸਾਰੀਆਂ ਇਛਾਵਾਂ ਮਾਤਾ ਜੀ ਪੂਰੀਆਂ ਕਰਦੇ ਹਨ। ਕਛਹਿਰੇ, ਦੁਪੱਟੇ, ਚੋਲੇ, ਜੋੜੇ, ਪਊਏ, ਜਿਸ ਦੀ ਜ਼ਰੂਰਤ ਹੋਵੇ।

ਸਤਿਗੁਰੂ ਜਗਜੀਤ ਸਿੰਘ ਜੀ ਨਵੀਂ ਪੀੜ੍ਹੀ ਨੂੰ ਸਮੇਂ ਨਾਲ ਜੋੜੀ ਰੱਖਣ ਖਾਤਰ, ਸਗੋਂ ਬਾਕੀਆਂ

Namdhari Elibrary NamdhariElibrary@gmail.com

ਨਾਲੋਂ ਅਗੇ ਵਧਾਉਣ ਖਾਤਰ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਵਸਾਖੀ 1987 ਤੋਂ ਆਰੰਭ ਕੀਤੀ। ਕਾਕਾ ਜੈ ਸਿੰਘ ਜੀ ਪੜ੍ਹਨੇ ਪਾਏ ਗਏ। ਮਾਤਾ ਜੀ ਦਾ ਵਿਹੜਾ ਖ਼ੁਸ਼ੀਆਂ ਨਾਲ ਭਰਪੂਰ। ਕਿਆਰੀਆਂ ਦੇ ਫੁੱਲਾਂ ਵੀ ਧੌਣਾਂ ਚੁੱਕ ਲਈਆਂ ਚੌਤਰਫੀ ਮਹਿਕਾਰ ਪਸਰ ਗਈ। ਮਾਤਾ ਜੀ ਦੇ ਨਿਵਾਸ ਸਥਾਨ ਤੇ ਲਿਸ਼ਕਾਰੇ ਪੈਣ ਲਗੇ। ਛੁੱਟੀ ਉਪਰੰਤ ਵਿਹੜੇ ਵਿੱਚ ਖੇੜਾ ਪਸਰ ਜਾਂਦਾ ਹੈ।

ਬੱਚੇ ਸਦਾ ਬਚਿਆਂ ਨਾਲ ਖੇਡ ਕੇ ਖ਼ੁਸ਼ ਹੁੰਦੇ ਹਨ। ਕਾਕਾ ਜੀ ਦੇ ਹਮ ਉਮਰ ਬੱਚੇ ਆ ਗਏ ਜਸਵਰਨ ਸਿੰਘ ਵਿਕ੍ਰਮਜੀਤ ਸਿੰਘ, ਦੀਦਾਰ ਸਿੰਘ, ਗੁਰਸੇਵ ਸਿੰਘ ਆਦਿ।

ਏਥੇ ਕੁਝ ਅਕਾਡਮੀ ਬਾਰੇ ਜਾਣਕਾਰੀ ਜ਼ਰੂਰੀ ਹੈ। ਸਮੇਂ ਦੇ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਬਲ ਇੱਛਾ ਹੈ, ਕਿ ਨਾਮਧਾਰੀ ਹਰ ਖੇਤਰ ਵਿੱਚ ਅਗ੍ਹਾਂ ਵਧਣ। ਅੰਗਰੇਜ਼ ਕਾਲ ਵਿਚ ਨਾਮਧਾਰੀ ਵਿਦਿਅਕ ਖੇਤਰ ਵਿੱਚ ਪਛੜ ਗਏ ਹਨ, ਹੁਣ ਇਨ੍ਹਾਂ ਨੂੰ ਰੂਹਾਨੀਅਤ ਦੀਆਂ ਉੱਚੀਆਂ ਛੋਹਾਂ ਦੇ ਨਾਲ ਸਮੇਂ ਦੀ ਲੋੜ ਨੂੰ ਮੁੱਖ ਰਖਦਿਆਂ ਸਕੂਲੀ ਵਿੱਦਿਆ ਜ਼ਰੂਰੀ ਹੈ। ਇਸੇ ਕਾਰਨ ਸਤਿਗੁਰੂ ਜੀ ਸ੍ਰ. ਨਿਰਮਲ ਸਿੰਘ ਰੀਟਾਇਰਡ ਇੰਜੀਨੀਅਰ ਨੂੰ ਸਕੂਲ ਦੇ ਨਿਯਮ-ਉਪਨਿਯਮ ਬਣਾਉਣ ਦੀ ਆਗਿਆ ਕੀਤੀ। ਨਿਰਮਲ ਸਿੰਘ ਹੁਰੀਂ ਘਰੋਂ ਹੀ ਸੇਵਾ ਦੀ ਇੱਛਾ ਨਾਲ ਆਏ ਹਨ ਉਨ੍ਹਾਂ ਬੜੀ ਮਿਹਨਤ ਤੇ ਲਗਨ ਨਾਲ ਖਰੜਾ ਤਿਆਰ ਕੀਤਾ ਤੇ ਅਕਾਦਮੀ ਦਾ ਆਰੰਭ ਹੋਇਆ।

ਅਕਾਦਮੀ ਦੀ ਸਭ ਤੋਂ ਵੱਡੀ ਸਮੱਸਿਆ ਬੱਚਿਆਂ ਦੇ ਦਾਖਲੇ ਦੀ ਸੀ। ਸ੍ਰੀ ਭੈਣੀ ਸਾਹਿਬ ਪਵਿੱਤਰ ਨਗਰੀ ਹੈ, ਪਰ ਹੈ ਤਾਂ ਪੇਂਡੂ ਬਸਤੀ। ਇਥੇ ਬੱਚਿਆ ਦਾ ਆਉਣਾ ਮੁਸ਼ਕਿਲ ਸੀ। ਪਰ :

ਵੁਹ ਕੌਨ ਸਾ ਉਕਤਾ ਹੈ ਜੋ ਹੋ ਨਹੀਂ ਸਕਤਾ
ਹਿੰਮਤ ਕਰੇ ਇਨਸਾਨ ਤੋ ਕਿਆ ਹੋ ਨਹੀਂ ਸਕਤਾ।

ਇਸ ਮੁਹਿੰਮ ਤੇ ਵੀ ਮਾਤਾ ਜੀ ਖਰੇ ਉਤਰੇ। ਮਾਤਾ ਜੀ ਪਿੰਡ ਪਿੰਡ ਦਾ ਦੌਰਾ ਕੀਤਾ ਤੇ ਮਾਪਿਆਂ ਤੇ ਬੱਚਿਆਂ ਨੂੰ ਪ੍ਰੇਰਿਆ ਤਾਂ ਪਹਿਲੇ ਸਾਲ ਹੀ 4-5 ਸਾਲ ਦੇ 123 ਬੱਚੇ ਆ ਗਏ। ਇਹ ਬੱਚੇ ਹੋਸਟਲ ਵਿੱਚ ਰਹਿਣ ਲਗੇ। ਹੋਸਟਲ ਦੇ ਮੰਜੇ, ਬਿਸਤਰਿਆਂ ਦਾ ਪ੍ਰਬੰਧ ਵੀ ਮਾਤਾ ਜੀ ਕਰ ਦਿੱਤਾ।

ਅਕਾਦਮੀ ਵੱਲੋਂ 24-25 ਬੱਚਿਆਂ ਦੀ ਦੇਖਭਾਲ ਲਈ ਇਕ ਬੀਬੀ ਨਿਯੁਕਤ ਹੈ। ਤੱਦੋਂ ਬੀਬੀਆਂ ਤੇ ਇਕ ਵੱਡੀ ਬੀਬੀ ਤੇ ਸਭ ਤੋਂ ਉਪਰ ਸੁਪ੍ਰਟੈਂਡੈਂਟ, ਪਰ ਫੇਰ ਵੀ ਮਾਤਾ ਜੀ ਸਭ ਉਪਰ ਧਿਆਨ ਦੇਂਦੇ। ਬੱਚੇ ਮਾਤਾ ਪਿਤਾ ਤੋਂ ਵਿਛੜ ਕੇ ਆਏ ਹਨ ਉਨ੍ਹਾਂ ਦਾ ਉਦਾਸ ਰਹਿਣਾ ਕੁਦਰਤੀ ਹੈ, ਪਰ ਮਾਤਾ ਜੀ ਨੇ ਉਦਾਸੀ ਉਨ੍ਹਾਂ ਦੇ ਨੇੜੇ ਨਹੀਂ ਆਉਣ ਦਿੱਤੀ।

ਬੀਬੀਆਂ ਬੱਚਿਆਂ ਨੂੰ ਰਾਤੀ ਦਿਲਾਸੇ ਨਾਲ ਸੁਲਾਂਦੀਆਂ, ਸਵੇਰੇ ਉਠਾਂਦੀਆਂ, ਇਸ਼ਨਾਨ ਕਰਾਂਦੀਆਂ, ਨਾਸ਼ਤਾ, ਕਰਾਂਦੀਆਂ ਹਨ। ਪਰ ਮਾਤਾ ਜੀ ਨੂੰ ਬੱਚਿਆਂ ਨੂੰ ਵੇਖੇ ਬਿਨਾਂ ਚੈਨ ਨਹੀਂ ਆਉਂਦਾ। ਮਾਪੇ ਮਿਲਣ ਆਉਂਦੇ ਹਨ ਬੱਚੇ ਮੁੜ ਵਿੱਟਰ ਬਹਿੰਦੇ ਹਨ, ਮੁੜ ਮਾਤਾ ਜੀ ਆ ਬਾਹੁੜੀ ਕਰਦੇ ਹਨ। ਤੇ ਮਾਪਿਆਂ ਨੂੰ ਧੀਰਜ ਦੇਂਦਿਆਂ ਕਹਿੰਦੇ ਹਨ - ਤੁਸੀਂ ਚਿੰਤਾ ਨਾ ਕਰੋ, ਤੁਹਾਡੇ ਨਾਲੋਂ ਇਥੇ ਖਾਣ ਪੀਣ ਚੰਗਾ ਹੈ - ਤਦ ਉਹ ਘਰਾਂ ਨੂੰ ਮੁੜਦੇ ਹਨ।

ਹੋਸਟਲ ਦੀ ਨਿਗਰਾਨੀ ਵੀ ਆਪਣੇ ਜ਼ਿੰਮੇ ਲੈ ਰੱਖੀ ਹੈ। ਦੋਵੇਂ ਵੇਲੇ ਮਾਤਾ ਜੀ ਆ ਕੇ ਦਰਸ਼ਨ ਦੇਂਦੇ ਹਨ, ਤੇ ਉਨ੍ਹਾਂ ਨੂੰ ਹਸਾਣ ਖਿਡਾਣ, ਮਨ ਪ੍ਰਚਾਣ ਦੇ ਨਾਲ-ਨਾਲ ਖੀਰ, ਜਲੇਬੀ, ਲੱਡੂਆਂ ਨਾਲ ਪ੍ਰਸੰਨ ਰਖਦੇ ਹਨ। ਕਈ ਬੱਚੇ ਤਾਂ ਮਾਤਾ ਜੀ ਨੂੰ ਆ ਕੇ ਹਨੇਹ ਨਾਲ ਚੰਬੜ ਜਾਂਦੇ ਹਨ, ਤੇ ਘੁੱਟੀ ਰੱਖਦੇ ਹਨ।

ਬੱਚਿਆਂ ਦੀਆਂ ਵਰਦੀਆਂ ਵੀ ਮਾਤਾ ਜੀ ਦੀ ਨਿਗਰਾਨੀ ਵਿੱਚ ਬਣਦੀਆਂ ਹਨ। ਕੱਪੜਿਆਂ ਨੂੰ ਵੇਲੇ ਸਿਰ ਧੁਆਉਣਾ, ਇਸਤਰੀ ਕਰਨਾ, ਲੋੜ ਪੈਣ ਤੇ ਮੁਰੰਮਤ ਕਰਨਾ ਇਹ ਭਾਰ ਵੀ ਮਾਤਾ ਜੀ ਨੇ ਚੁੱਕਿਆ ਹੋਇਆ ਹੈ। ਬੱਚੇ ਸਾਫ ਸੁਥਰੇ ਹੋ ਪੜ੍ਹਨ ਜਾਂਦੇ ਹਨ।

ਸ੍ਰ. ਨਿਰਮਲ ਸਿੰਘ ਜੀ ਦੇ ਕਥਨ ਅਨੁਸਾਰ ਖਰਚੇ ਦਾ ਵਧੇਰਾ ਭਾਰ ਵੀ ਮਾਤਾ ਜੀ ਨੇ ਚੁਕਿਆ ਹੋਇਆ ਹੈ। ਸੱਚੇ ਪਾਤਸ਼ਾਹ ਜੀ ਬੱਚਿਆਂ ਨੂੰ ਪੜ੍ਹਾਈ, ਲਿਖਾਈ, ਖੇਡ ਕੂਦ, ਧਾਰਮਿਕ ਰਹਿਣੀ ਬਹਿਣੀ, ਸੰਗੀਤ ਕਲਾ ਆਦਿ ਵਿੱਚ ਇਕ ਨੰਬਰ ਵੇਖਣ ਦੇ ਇਛੁੱਕ ਹਨ ਤੇ ਮਾਤਾ ਜੀ ਬੱਚਿਆਂ ਨੂੰ ਉਸ ਨੰਬਰ ਤੱਕ ਪਹੁੰਚਾਣ ਖਾਤਰ ਅਧਿਆਤਮਕ ਗੁਣ ਸਿਖਾਉਣ ਅਤੇ ਪ੍ਰਬੰਧਿਕਾਂ ਨੂੰ ਉਤਸ਼ਾਹ ਦੇ, ਹਰ ਪ੍ਰਕਾਰ ਦਾ ਸਹਿਯੋਗ ਦੇਂਦੇ ਹਨ। ਬੱਚੇ ਬੱਚੇ ਹੀ ਹੁੰਦੇ ਹਨ, ਪਰ ਮਾਤਾ ਜੀ ਮਾਤਾ ਜੀ ਹੀ ਹਨ। ਮਾਤਾ ਜੀ ਬੱਚਿਆਂ ਦੀਆਂ ਕਮਜ਼ੋਰੀਆਂ ਨੂੰ ਵੇਖਦਿਆਂ ਵੀ ਨਜ਼ਰ ਅੰਦਾਜ਼ ਕਰ ਜਾਂਦੇ ਹਨ। ਮਾਤਾ ਜੀ ਦੀ ਪ੍ਰਬਲ ਇੱਛਾ ਹੈ, ਕਿ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਚਲ ਰਿਹਾ ਇਹ ਸਕੂਲ ਤੇ ਬਾਕੀ ਸਕੂਲ ਵੀ ਭਾਰਤ ਦੇ ਸਮੂਹ ਸਕੂਲਾਂ ਨਾਲੋਂ ਅਗਾਂਹ ਵਧਣ ਤੇ ਬੱਚੇ ਦੇਸ਼ ਭਗਤ, ਧਰਮੀ ਤੇ ਮਾਤਾ ਪਿਤਾ

Namdhari Elibrary NamdhariElibrary@gmail.com

"ਕਵੀ ਜੀ ਦੀ ਰਚਨਾ 'ਜੀਵਨ ਨਗਰ' ਨਵਾਂ ਹਿੰਦੁਸਤਾਨ ਪਬਲਿਸ਼ਰਜ਼ ਵੱਲੋਂ ਸੰਨ 1963 ਵਿੱਚ ਪ੍ਰਕਾਸ਼ਿਤ, ਜਾਣਕਾਰੀ ਭਰਪੂਰ, ਪੁਸਤਿਕਾ 'ਚੋਂ ਲੈ ਕੇ ਛਾਪਣ ਦਾ ਸੁਭਾਗ ਪ੍ਰਾਪਤ ਕਰ ਰਹੇ ਹਾਂ।"



ਇਲਾਕਾ ਸ੍ਰੀ ਜੀਵਨ ਨਗਰ ਦੀ ਕਹਾਣੀ

✍ ਸੰਤ ਪ੍ਰੀਤਮ ਸਿੰਘ ਕਵੀ

1947 ਦੀ ਭਾਰਤ ਪਾਕਿਸਤਾਨ ਵੰਡ ਹੋਣ ਤੋਂ ਪਹਿਲਾਂ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਦਿਨਾਂ ਵਿੱਚ ਉਚੇਚੇ ਤੌਰ ਤੇ ਏਥੇ ਦਰਸ਼ਨ ਦੇ ਕੇ ਆਪਣੇ ਸਾਰੇ ਸਿੱਖਾਂ ਨੂੰ ਜੋ ਗਿਣਤੀ ਵਿੱਚ ਅਗੇ ਨਾਲੋਂ ਬਹੁਤ ਵਧ ਗਏ ਸਨ ਅਤੇ ਜਿਨ੍ਹਾਂ ਵਿੱਚ ਕਈ ਉਹ ਵੀ ਸਨ ਜਿਹੜੇ ਆਪਣੇ ਘਰ ਬਾਰ ਛਡ ਕੇ, ਪਹਿਲਾਂ ਪਹਿਲਾਂ ਏਧਰ ਨਿਕਲ ਆਏ ਸਨ, ਬੜੀ ਗੰਭੀਰਤਾ ਨਾਲ ਆਖਿਆ:

"ਖਾਲਸਾ ਜੀ, ਬਾਹਰ ਜੋ ਕੁਝ ਹੋ ਰਿਹਾ ਹੈ, ਬਹੁਤ ਬੁਰਾ ਹੈ। ਆਪਾਂ ਉਸ ਰਾਹੇ ਨਹੀਂ ਪੈਣਾ। ਇਹ ਮੁਸਲਮਾਨ ਵੀ ਸਾਡੇ ਭਰਾ ਹਨ, ਇਹਨਾਂ ਨੂੰ ਕਿਸੇ ਤਰ੍ਹਾਂ ਦੁਖੀ ਨਹੀਂ ਕਰਨਾ, ਪਰ ਦੇਸ਼ ਦੀ ਇਸ ਕਰਵਟ-ਬਦਲੀ ਦਾ ਸ਼ਿਕਾਰ ਇਹਨਾਂ ਨੂੰ ਵੀ ਹੋਣਾ ਪਵੇਗਾ। ਇਹ ਛੇਤੀ ਹੀ ਘਰ ਬਾਹਰ ਛਡ ਛਡਕੇ, ਜਿਸ ਦੇਸ਼ ਨੂੰ ਆਪਣਾ ਦੇਸ਼ ਕਹਿਣ ਲਗ ਪਏ ਹਨ, ਪਾਕਿਸਤਾਨ ਨੂੰ ਚਲੇ ਜਾਣਗੇ। ਤੁਸਾਂ ਇਹਨਾਂ ਦੀ ਮਦਦ ਕਰਨਾ। ਇਹਨਾਂ ਨੂੰ ਕੋਈ ਵੀ ਸਿੱਖ ਲੁੱਟੇ-ਕੁੱਟੇ ਨਾ। ਆਪਾਂ ਅਹਿੰਸਕ ਹਾਂ ਤੇ ਅਜ ਪ੍ਰੀਖਿਆ ਦਾ ਸਮਾਂ ਹੈ।"

ਸਤਿਗੁਰ ਜੀ ਇਹ ਬਚਨ ਕਰਕੇ ਪਛਮੀ ਪੰਜਾਬੋਂ ਆਉਂਦੀ ਸਿੱਖੀ ਦਾ ਪਤਾ ਕਰਨ ਚਲੇ ਗਏ: ਏਧਰ ਸਾਰੇ ਇਹਨਾਂ ਨਗਰਾਂ ਦੇ ਵਸਨੀਕ ਤੇ ਮੇਰੇ ਖੁਦ ਦੇ ਮੁਸਲਮਾਨਾਂ ਆਪਣਾ ਸਮਾਨ ਬੰਨ੍ਹਣਾ ਸ਼ੁਰੂ ਕਰ ਦਿੱਤਾ। ਦਹੁੰ ਚਹੁੰ ਦਿਨਾਂ ਵਿੱਚ ਹੀ ਊਠਾਂ ਘੋੜਿਆਂ, ਖੱਚਰਾਂ ਖੋਤਿਆਂ ਤੇ ਗੱਡਾਂ ਉੱਤੇ ਸਾਮਾਨ ਲਦਿਆ ਜਾਣ ਲਗਾ। ਵਿਚਾਰੇ ਮੁਸਲਮਾਨ ਇਸ ਧਰਤੀ ਤੇ ਜਿਨ੍ਹਾਂ ਦੇ ਬਾਪ ਦਾਦੇ ਮੇਰੇ ਤੇ ਇਹਨਾਂ (ਨਗਰਾਂ

"ਖਾਲਸਾ ਜੀ, ਬਾਹਰ ਜੋ ਕੁਝ ਹੋ ਰਿਹਾ ਹੈ, ਬਹੁਤ ਬੁਰਾ ਹੈ। ਆਪਾਂ ਉਸ ਰਾਹੇ ਨਹੀਂ ਪੈਣਾ। ਇਹ ਮੁਸਲਮਾਨ ਵੀ ਸਾਡੇ ਭਰਾ ਹਨ, ਇਹਨਾਂ ਨੂੰ ਕਿਸੇ ਤਰ੍ਹਾਂ ਦੁਖੀ ਨਹੀਂ ਕਰਨਾ, ਪਰ ਦੇਸ਼ ਦੀ ਇਸ ਕਰਵਟ-ਬਦਲੀ ਦਾ ਸ਼ਿਕਾਰ ਇਹਨਾਂ ਨੂੰ ਵੀ ਹੋਣਾ ਪਵੇਗਾ। ਇਹ ਛੇਤੀ ਹੀ ਘਰ ਬਾਹਰ ਛਡ ਛਡਕੇ, ਜਿਸ ਦੇਸ਼ ਨੂੰ ਆਪਣਾ ਦੇਸ਼ ਕਹਿਣ ਲਗ ਪਏ ਹਨ, ਪਾਕਿਸਤਾਨ ਨੂੰ ਚਲੇ ਜਾਣਗੇ। ਤੁਸਾਂ ਇਹਨਾਂ ਦੀ ਮਦਦ ਕਰਨਾ। ਇਹਨਾਂ ਨੂੰ ਕੋਈ ਵੀ ਸਿੱਖ ਲੁੱਟੇ-ਕੁੱਟੇ ਨਾ। ਆਪਾਂ ਅਹਿੰਸਕ ਹਾਂ ਤੇ ਅਜ ਪ੍ਰੀਖਿਆ ਦਾ ਸਮਾਂ ਹੈ।"

ਵਲ ਇਸ਼ਾਰਾ ਕਰਕੇ) ਦੇ ਅਖੀਂ ਵੇਂਹਦਿਆਂ ਜੰਮੇ, ਰਿੜ੍ਹੇ ਤੇ ਵਡੇ ਹੋਏ ਸਨ, ਜਿਨ੍ਹਾਂ ਕੱਖ-ਕਾਨਾਂ ਦੀਆਂ ਝੁਗੀਆਂ ਤੋਂ ਵਸਣ ਯੋਗ ਕੋਠੇ ਮਹਲੇ ਉਸਾਰੇ ਸਨ-ਲੰਮਾ ਸਾਹ ਭਰ ਕੇ ਜੀਵਨ ਨਗਰ ਹਉਕਾ ਲਿਆ-ਉਹ ਅਜ ਬੜੀਆਂ ਉਦਾਸੀਆਂ ਤੇ ਮੁਰਝਾਈਆਂ ਅਖਾਂ ਨਾਲ ਸਭ ਕੁਝ ਛਡ ਕੇ ਬੇਗਾਨਿਆਂ ਵਾਂਗ ਹਸਰਤਾਂ ਭਰੇ ਮਨਾਂ ਨਾਲ, ਡੁਲ੍ਹਦੀਆਂ ਅਖਾਂ ਨਾਲ ਕਾਫਲਾ ਬਣੀ ਜਾ ਰਹੇ ਸਨ। ਸਚ ਜਾਣੀ, ਮੈਂ ਭਾਵੇਂ ਹੁਣ ਸਿੱਖੀ ਸ਼ਕਲ ਵਿੱਚ ਸਾਂ, ਪਰ ਉਹਨਾਂ ਨਾਲ ਬਿਤਾਏ ਚੰਗੇ ਮੰਦੇ ਦਿਨਾਂ ਦੀ ਯਾਦ ਨਾਲ ਤੇ ਇਸ ਸਦੀਵੀ ਵਿਛੋੜੇ ਨੂੰ ਤੱਕ ਤੱਕ ਕਲੇਜਾ ਫਟਦਾ ਸੀ। ਭਰੇ ਦਿਲ ਨਾਲ ਮੈਂ ਸਭ ਨੂੰ ਵਿਦਾ ਆਖੀ ਤੇ ਨਾਲ ਗੁਰੂ ਪਿਆਰੇ ਘਲੇ ਤਾਂਕਿ ਦੋਹੀਂ ਪਾਸੀਂ ਉਹਨਾਂ ਦਾ ਧਿਆਨ ਰਖਣ ਤੇ ਕਿਸੇ ਲੁਟੇਰੇ ਜਾਂ ਕਾਤਲ ਤੋਂ ਬਚਾਕੇ ਉਹਨਾਂ ਨੂੰ ਪਾਕਿਸਤਾਨ ਦੇ ਬਾਰਡਰ ਤੇ ਪਹੁੰਚਾ ਦੇਣ।

ਇਸ ਤਰ੍ਹਾਂ ਸਾਡੇ ਸਾਰੇ ਨਗਰਾਂ ਤੋਂ ਇਹ ਸਾਡੇ ਪੁਰਾਣੇ ਸਾਥੀ ਸਾਥੋਂ ਸਦਾ ਲਈ ਵਿਛੜਨ ਤੇ ਮਜਬੂਰ ਹੋਏ।

Namdhari Elibrary NamdhariElibrary@gmail.com

ਗੱਡਿਆਂ ਅਤੇ ਗਊਆਂ ਮਹੀਆਂ ਤੇ ਸਾਮਾਨ ਰਖੀ, ਕੁਚੈਲੇ ਵੇਸ ਵਿੱਚ ਅਨੇਕਾਂ ਨਾਮਧਾਰੀ ਇਸਤਰੀ, ਮਰਦ ਪਹੁੰਚ ਰਹੇ ਸਨ। ਅਣ-ਵਗੇ ਕੇਸ, ਅਣਧੋਤੇ ਬਸਤਰ, ਬੇਰੌਣਕ ਚੇਹਰੇ, ਭੁਖੇ ਭੁਖੇ, ਉਦਾਸ ਉਦਾਸ ਪ੍ਰਭਾਵ ਵਾਲੇ ਅਨੇਕਾਂ ਸਰੀਰ ਮੇਰੇ ਗਿਰਦ ਆਣ ਉਤਰੇ। ਮੈਂ ਹੁਣ ਤਕ ਜੋ ਸਫਾਈ ਆਪਣੇ ਵਿੱਚ ਪੈਦਾ ਕਰ ਸਕਿਆ ਸਾਂ, ਉਸ ਨੂੰ ਕੋਹੜ ਵਿੱਚ ਤਬਦੀਲ ਕਰਨ ਲਈ ਇਹ ਸਭ ਕੁਝ ਕਾਫੀ ਸੀ। ਪਰ ਮੈਨੂੰ ਮਨੁੱਖ ਦੀ ਇਸ ਹੀਣ ਅਵਸਥਾ ਉਤੇ ਬਹੁਤ ਦਇਆ ਆ ਰਹੀ ਸੀ, ਸੋਚਦਾ ਸਾਂ ਇਸ ਦੀਨ ਹੀਨ ਲੋਕਾਈ ਦੀ ਕੀ ਤੇ ਕਿਵੇਂ ਮਦਦ ਕਰਾਂ?

ਓਧਰ ਸਤਿਗੁਰੂ ਜੀ ਨੇ ਅੰਮ੍ਰਿਤਸਰ ਵਿੱਚ ਆਪਣੇ ਹੈਡ ਕੁਆਰਟਰ ਰਾਹੀਂ ਪਾਕਸਤਾਨੋਂ ਆਈਆਂ ਤਮਾਮ ਨਾਮਧਾਰੀ ਸੰਗਤਾਂ ਨੂੰ ਨਿਮੰਤ੍ਰਣ ਦੇ ਦਿੱਤਾ ਸੀ, 'ਸਿਧੇ ਜੀਵਨ ਨਗਰ ਨੂੰ ਚਲੇ ਚਲੋ, ਤੁਹਾਨੂੰ ਰੋਟੀ ,ਰੋਜ਼ੀ ਤੇ ਜ਼ਮੀਨ ਦਿੱਤੀ ਜਾਏਗੀ। ਖਾਲਸਾ ਜੀ ਇਕੱਠ ਸਭ ਮੁਸੀਬਤਾਂ ਕਟ ਸਕਦਾ ਹੈ। ਰਲ ਕੇ ਬੈਠੋ, ਬਿਪਤਾ ਦੇ ਦਿਨ ਖਤਮ ਹੁੰਦਿਆਂ ਦੇਰ ਨਹੀਂ ਲਗਣੀ। ਚਲੋ ਅਜ ਸਾਨੂੰ ਇਕੋ ਗੁਰੂ ਦੇ ਸਿੱਖਾਂ ਨੂੰ ਸਾਂਝੇ-ਜੀਵਨ ਦਾ ਸਮਾਂ ਮਿਲ ਗਿਆ ਹੈ।' ਇਸ ਹੁਕਮ ਦੇ ਸਦਕਾ ਹਰ ਰੋਜ਼ ਬੇਓੜਕੇ ਲੋਕ ਮੇਰੇ ਪਾਸ ਆਉਂਦੇ। ਉਹਨਾਂ ਦੀ ਗਈ ਗੁਜ਼ਰੀ ਹਾਲਤ ਤੱਕੀ ਨ ਜਾਂਦੀ। ਸਤਿਗੁਰਾਂ ਨੇ ਸਰਕਾਰੀ ਅਧਿਕਾਰੀਆਂ ਤੱਕ ਪਹੁੰਚ ਕੇ ਮੇਰੇ ਦੁਆਲੇ ਦੇ ਨਗਰਾਂ ਦੀ ਖਰੀਦੀ ਜ਼ਮੀਨ ਤੋਂ ਬਿਨ੍ਹਾਂ ਅਨੇਕਾਂ ਹੋਰ ਪਿੰਡਾਂ ਦਾ ਪ੍ਰਬੰਧ ਆਪਣੇ ਹੱਥ ਲੈ ਲਿਆ। ਇਸ ਤਰ੍ਹਾਂ 10-12 ਪਿੰਡਾਂ ਵਿੱਚ ਆਪਣਾ ਜਜਬਾ ਕਾਇਮ ਕੀਤਾ ਸੰਤਾਂ ਮਹੰਤਾਂ ਤੇ ਸੂਬਿਆਂ ਰਾਹੀਂ ਨਵੇਂ ਆਇਆਂ ਨੂੰ ਬੈਠਾਣਾ ਸ਼ੁਰੂ ਕਰ ਦਿੱਤਾ। ਤੇ ਮੇਰੇ ਦੁਆਲੇ ਦੀ ਖਰੀਦੀ ਧਰਤੀ ਦੇ ਕਬਜ਼ੇ ਲੈਣੇ ਵੀ ਲੋਕਾਂ ਸ਼ੂਰੂ ਕਰ ਦਿੱਤੇ ਜਿਸ ਤੋਂ ਅਗੇ ਬਹੁਤ ਸਾਰੇ ਖਰੀਦਾਰ ਡਰਦੇ ਸਨ। ਅਜ ਲੋਕਾਂ ਨੂੰ ਪਤਾ ਲਗਾ ਕਿ ਸਤਿਗੁਰ ਦੇ ਭਾਣੇ ਨਿਵ ਚਲੈ।

ਪਰ ਮੈਨੂੰ ਆਪਣੇ ਮਾਤਾ ਜੀ ਦੇ ਬਚਨ ਯਾਦ ਆ ਗਏ, ਤੇ ਮੈਂ ਸੰਗਤਾਂ ਨੂੰ ਬੇਨਤੀ ਕੀਤੀ: ਘਬਰਾਓ ਨ ਖਾਲਸਾ ਜੀ, ਮੇਰੇ ਪਾਸ ਕੁਝ ਵੀ ਹੈ ਮੈਂ ਆਪ ਦੀ ਬਿਹਤਰੀ ਤੇ ਬਚਾਓ ਲਈ ਲਾ ਦਿਆਂਗਾ ਤੇ ਹਰ ਕੋਈ ਜਾਣਦਾ ਹੈ ਕਿ ਸਤਿਗੁਰਾਂ ਦੇ ਹੁਕਮ ਨਾਲ ਮੈਂ ਆਪਣੇ ਸਾਰੇ ਅੰਨ ਭੰਡਾਰ ਆਏ ਮੁਸੀਬਤ ਭਰੇ ਲੋਕਾਂ ਦੇ ਅਰਪਣ ਕਰ ਦਿੱਤੇ। ਦਿਨ ਰਾਤ ਗੁਰੂ ਕਾ ਲੰਗਰ ਕਈ ਮਣ ਰੋਜ਼ਾਨਾ ਆਟਾ ਪਕਾਣ ਤੇ ਦਾਲਾਂ ਰਿਨ੍ਹਣ ਲਗਾ ਪਰ ਆਮ ਮਨੁੱਖ ਸਬਰ ਗੁਆ ਬੈਠਾ ਸੀ। ਛੇਤੀ ਛੇਤੀ ਆਪਣੇ ਘਾਟੇ ਪੂਰੇ ਕਰਨ ਲਈ ਸੋਚਣ ਵਾਲੇ ਬੰਦੇ, ਕੁਝ ਦਿਨ ਮੁਸੀਬਤ ਦੇ ਕਟ ਕੇ ਫਿਰ ਅਗਾਂਹ ਤੁਰ ਪੈਂਦੇ। ਜਿਨ੍ਹਾਂ ਨੂੰ ਆਪਣੇ ਸਤਿਗੁਰ ਤੇ ਭਰੋਸਾ ਨਹੀਂ ਸੀ, ਜੇਹੜੇ ਕਿਸੇ ਮਰਿਯਾਦਾ ਵਿੱਚ ਰਹਿਣਾ ਪਰਵਾਨ ਨਹੀਂ ਸੀ ਕਰ ਸਕਦੇ, ਉਹਨਾਂ ਦਾ ਟਿਕਾਉ ਖਤਮ ਹੋ ਚੁਕਾ ਸੀ। ਉਹ ਚੰਗਾ ਮੰਦਾ ਬੋਲਦੇ ਜਿਧਰ ਨੂੰ ਜੀ ਆਉਂਦਾ ਤੁਰ ਪੈਂਦੇ।

ਇਸ ਦੁਰ-ਦਸ਼ਾ ਦਾ ਸਾਹਮਣਾ ਕਰਨ ਲਈ ਮੇਰੇ ਸਤਿਗੁਰਾਂ ਨੇ ਆਪਣੇ ਸਬਰ-ਸਿਦਕ ਅਤੇ ਅਸਰ-ਰਸੂਖ ਨਾਲ ਸਾਰੀ ਵਾਹ ਲਾਈ। ਕੁਝ ਆਪਣੀ ਮਦਦ ਤੇ ਕੁਝ ਸਰਕਾਰੀ ਮਦਦ ਨਾਲ ਅੰਨ, ਬਸਤਰ ਤੇ ਨਕਦੀ ਨਾਲ ਹਰ ਇਕ ਸਿੱਖ ਦੀ ਯੋਗ ਸਹਾਇਤਾ ਕੀਤੀ। ਡੇੜ ਸਾਲ ਤਕ ਹਰ ਆਏ ਸ਼ਰਨਾਰਥੀ ਲਈ ਗੁਰੂ ਕੇ ਲੰਗਰ ਦਾ ਬੂਹਾ ਹਰ ਵੇਲੇ ਖੁਲ੍ਹਾ ਰਿਹਾ। ਫੇਰ ਸਹਿਜੇ ਸਹਿਜੇ, ਜਿਉਂ ਜਿਉਂ ਲੋਕ ਆਪਣੇ ਆਪਣੇ ਥਾਂ ਟਿਕਾਣੇ ਮੱਲ ਕੇ ਕੰਮ ਵਿੱਚ ਜੀ ਲਾਣ ਲਗੇ, ਤਿਉਂ ਤਿਉਂ ਮੇਰੀ ਸੇਵਾ ਲੈਣ ਤੋਂ ਵੀ ਸੰਕੋਚ ਕਰਨ ਲਗੇ।

ਜੀਵਨ ਨਗਰ ਇਕਸਾਰਤਾ ਵਧਣ ਲਗੀ-

ਏਹ ਸਾਰੇ ਜੰਗਲ, ਜਿਨ੍ਹਾਂ ਨੂੰ ਅਸੀਂ ਅਲੰਘ ਤੇ ਨਾ-ਸਫਾ ਕੀਤੇ ਜਾ ਸਕਣ ਵਾਲੇ ਸਮਝਦੇ ਸਾਂ, ਦਿਨਾਂ ਵਿੱਚ ਪੁਟੀਂਦੇ ਜਾਣ ਲਗੇ। ਜੰਡ, ਵਣ ਤੇ ਕਰੀਰ ਬਾਲਣ ਲਈ ਗੁਰੂ ਕੇ ਲੰਗਰ ਤੇ ਘਰੋਗੀ ਰਸੋਈਆਂ ਲਈ ਜਮ੍ਹਾਂ ਹੋਣ ਲਗੇ। ਧਰਤੀ, ਖੇਤਾਂ ਦੀ ਤਰਤੀਬ ਕਬੂਲਣ ਲੱਗੀ। ਮੁਸਲਮਾਨ ਜਿੰਨੀ ਕੁ ਬੀਜਦੇ ਸਨ, ਰੁਖਾਂ ਨੂੰ ਮੁਢੋਂ ਕਢ ਕੇ ਨਹੀਂ, ਮੁਢੋਂ ਵਢ ਕੇ ਬੀਜਦੇ ਸਨ, ਹੁਣ ਉਹ ਮੁਢ ਥਲਿਓਂ ਬਹੁਤ ਵਡੇ ਵਡੇ ਬਣੇ ਹੋਏ ਸਨ, ਪਰ ਬਲਿਹਾਰ ਜਾਈਏ ਇਹਨਾਂ ਗੁਰਮੁਖਾਂ ਦੇ ਇੱਕ ਜੜ ਤਕ ਨਹੀਂ ਧਰਤੀ ਵਿੱਚ ਰਹਿਣ ਦਿੱਤੀ ਗਈ।

ਜਿਉਂ ਹੀ ਇਹ ਭਾਗਾਂ-ਸੜੇ ਤੇ ਦੂਜੇ ਪਾਸੇ ਭਾਗਾਂ-ਭਰੇ ਮਨੁੱਖ ਆਪਣੇ ਘਰ ਬਾਹਰ ਛਡਕੇ ਏਧਰ ਆਏ, ਬਰਸਾਤਾਂ ਸੁਹਾਣੀਆਂ ਹੋ ਗਈਆਂ। ਸਮੇਂ ਸਿਰ ਮੀਂਹ ਬਰਸਣੇ ਸ਼ੁਰੂ ਹੋ ਪਏ ਤੇ ਇਸ ਇਲਾਕੇ ਦੀ ਮਸ਼ਹੂਰ ਨਦੀ ਨਾਲੀ ਵੀ ਪਾਣੀ ਨਾਲ ਸ਼ੂਕਦੀ ਵਗਣ ਲਗੀ। ਧਰਤੀ ਮਾਂ ਪਰਸੰਨ ਹੋ ਗਈ।

ਇਕ ਦਿਨ ਸਤਿਗੁਰੂ ਜੀ ਨੇ ਦਰਬਾਰ ਲਾਇਆ। ਇਹਨਾਂ ਸਭ ਨਗਰਾਂ ਨੂੰ ਸਦ ਭੇਜਿਆ।

'ਹਾਂ ਜੀ, ਅਸੀਂ ਡਰਦੇ ਡਰਦੇ ਤੇ ਸੰਗਦੇ ਸੰਗਦੇ ਆਏ। ਸਾਡਾ ਪੁਰਾਣਾ ਮੁਸਲਮਾਈ ਵਜ੍ਹਾ ਕਤ੍ਹਾ ਦਾ ਹੀ ਵੇਸ ਸੀ।' ਸਾਰੇ ਜਣੇ ਹੀ ਬੋਲ ਪਏ। ਗਲ ਨੂੰ ਜ਼ਰਾ ਲਮਕਾਣ ਤੇ ਮੇਰਾ ਵੀ ਜੀ ਕਰ ਆਇਆ। ਮੈਂ ਪੁਛਿਆ, 'ਅਸੀਂ ਸੁਣਦੇ ਰਹੇ ਹਾਂ ਕਿ ਜਿਥੇ ਮੁਸਲਮਾਨੀਂ ਵਸੋਂ ਬਹੁਤ ਸੀ, ਉਥੇ ਹਿੰਦੂ ਸਿੱਖਾਂ ਨੂੰ ਉਹਨਾਂ ਦੀਆਂ ਵਧੀਕੀਆਂ ਦਾ ਸਾਹਮਣਾ ਕਰਨਾ ਪਿਆ ਤੇ ਜਿਥੇ ਹਿੰਦੂ ਸਿੱਖ ਬਹੁਤੇ ਸਨ ਉਥੇ ਮੁਸਲਮਾਨਾਂ ਤੇ ਜ਼ੁਲਮ ਹੋਏ, ਪਰ ਤੁਸਾਂ ਕੋਈ ਅਜੇਹੀ ਗੱਲ ਨਹੀਂ ਦਸੀ। ਜੋ ਤੁਸੀਂ 'ਸਾਰੇ

Namdhari Elibrary NamdhariElibrary@gmail.com

ਹੀ ਮੁਸਲਮਾਨ ਵਸੋਂ ਵਾਲੇ ਸਾਓ ਤਾਂ ਏਥੇ ਸੌ ਪੰਜਾਹ ਸਿੰਘ ਕਿਵੇਂ ਸਾਬਤ ਰਹਿ ਸਕੇ।'

ਸਾਡੇ ਸਤਿਗੁਰਾਂ ਨੇ ਉਹ ਕੋਝੇ ਦਿਨ ਨਹੀਂ ਆਉਣ ਦਿੱਤੇ। ਐਤਕਾਂ ਸਪਸ਼ਟ ਰੂਪ ਵਿੱਚ ਸੰਤ ਨਗਰ ਬੋਲ ਪਿਆ: 'ਜੀਵਨ ਨਗਰ ਜੀ, ਜ਼ਰਾ ਬਟਵਾਰੇ ਤੋਂ ਚਾਰ ਮਹੀਨੇ ਪਹਿਲਾਂ ਦੀ ਘਟਨਾ ਸੁਣਾਓ ਨਾ ਭਾਈ ਸਾਹਿਬ ਨੂੰ' ਤੇ ਛੇਤੀ ਹੀ ਫਿਰ ਆਪੇ ਕਹਿਣ ਲਗ ਪਿਆ: ਲਉ ਜੀ, ਮੇਰਾ ਅਜ ਕਲ ਦਾ ਨਾਮ ਸੰਤ ਨਗਰ ਹੈ, ਪਹਿਲਾਂ ਮੈਨੂੰ ਜਗ ਮਲੇਰਾ ਕਿਹਾ ਜਾਂਦਾ ਸੀ। ਮੈਂ ਇਹਨਾਂ ਸਭਨਾਂ ਤੋਂ ਵਸੋਂ ਦੇ ਲਿਹਾਜ਼ ਨਾਲ ਬਹੁਤ ਵਡਾ ਸਾਂ। ਇਕ ਦਿਨ ਇਹਨਾਂ ਸਾਰਿਆ ਹੀ ਪਿੰਡਾਂ ਦੇ ਚੋਣਵੇਂ ਤੇ ਸਰਕਰਦਾ ਮੁਸਲਮਾਨ ਇਕੱਠੇ ਹੋਕੇ ਪਾਸ ਆਏ। ਮਨੋਰਥ ਇਹ ਸੀ ਕਿ ਮੇਰੇ ਅੰਦਰ ਵਾਰ ਕਿਤੇ ਗਊ ਬੱਧ ਕਰਨ ਲਈ ਇਹਾਤਾ ਵਲਿਆ ਜਾਏ ਤੇ ਤਮਾਕੂ ਬੀਜਣ ਲਈ ਜਗ੍ਹਾ ਲਈ ਜਾਏ। ਇਸ ਦੀ ਲੋੜ ਤਾਂ ਪਈ, ਕਿਉਂਕਿ ਜਦ ਤੋਂ ਸਾਡਾ ਕਬਜ਼ਾ ਸਤਿਗੁਰਾਂ ਨੇ ਲਿਆ ਸੀ, ਇਕ ਫੁਰਮਾਣ ਜਾਰੀ ਕੀਤਾ ਸੀ ਜਿਸਦਾ ਮਤਲਬ ਇਹ ਸੀ ਕਿ ਉਹ ਮੁਸਲਮਾਨ ਮੁਜ਼ਾਰਿਆਂ ਨੂੰ ਹੋਰ ਕੁਝ ਨਹੀਂ ਕਹਿਣਾ ਚਾਂਹਦੇ, ਆਪਣੇ ਧਰਮ ਦੇ ਰੂਬਰੂ ਉਹ ਗਊ ਕਸ਼ੀ ਤੇ ਤਮਾਕੂ ਦੀ ਖੇਤੀ, ਇਹ ਨਹੀਂ ਪਰਵਾਨ ਕਰ ਸਕਦੇ।

ਇਹਨਾਂ ਦੋਹਾਂ ਗੱਲਾਂ ਦੀ ਮੁਸਲਮਾਨਾਂ ਨੂੰ ਬੜੀ ਲੋੜ ਸੀ। ਉਹਨਾਂ ਨੇ ਡਿਪਟੀ ਕਮਿਸ਼ਨਰ ਦੇ ਇਸ ਭਾਵ ਦਾ ਇਕ ਕੇਸ ਵੀ ਰਜਿਸਟਰ ਕਰਵਾਇਆ ਸੀ। ਜਦ ਉਂਜ ਕੁਝ ਦਾਲ ਨਾ ਗਲੀ ਤਾਂ ਬਹੁਤ ਸਾਰੇ ਮੁਸਲਮਾਨ ਜੁੜੇ ਬਣੇ ਅਮਰਾਸਰ ਦੇ ਜ਼ੀਰੋ ਦੀਨ......... ਪਾਸ ਗਏ। ਇਹ ਸਜਣ 500 ਵਿਘੇ ਦਾ ਮਾਲਿਕ ਤੇ ਬੜਾ ਬਾਰਸੂਖ ਆਦਮੀ ਸੀ, ਜ਼ਿਲ੍ਹਾ ਹਿਸਾਰ ਤੇ ਬੀਕਾਨੇਰ ਸਟੇਟ ਦੇ ਬਹੁਤ ਮੁਸਲਮਾਨ ਇਸ ਨੂੰ ਡਾਢਾ ਮੰਨਦੇ ਸਨ।

ਜ਼ੀਰੋ ਦੀਨ ਸਤਿਗੁਰਾਂ ਦਾ ਸਿਦਕੀ ਸਿੱਖ ਸੀ। ਉਸ ਨੇ ਸਭ ਨੂੰ ਵੰਗਾਰਾ ਕੇ ਕਹਿ ਦਿੱਤਾ। ਕਿ ਨਾਮਧਾਰੀਆਂ ਨੂੰ ਗਿਣਤੀ ਵਿੱਚ 100-50 ਵੇਖ ਕੇ ਹੀ ਜੇ ਤੁਸਾਂ ਹਮਲਾ ਕਰ ਦਿੱਤਾ ਤਾਂ ਤੁਹਾਡੇ ਬਚਾਅ ਦੀ ਮੈਨੂੰ ਕੋਈ ਸੂਰਤ ਨਜ਼ਰ ਨਹੀਂ ਆਉਂਦੀ।

ਓਧਰ ਸਤਿਗੁਰਾਂ ਨੂੰ ਇਸ ਖਤਰੇ ਦਾ ਪੂਰਾ ਅਨੁਭਵ ਸੀ। ਆਪ ਨੇ ਸਿੱਖ ਭੇਜ ਜੇ ਬੀਕਾਨੇਰੀ ਹਿੰਦੂਆਂ ਦੀ ਨਾ ਸਿਰਫ ਹਮਾਇਤ ਬਲਕਿ ਸਮੇਂ ਸਿਰ ਹਰ ਤਰ੍ਹਾਂ ਦੀ ਕੁਰਬਾਨੀ ਲੈਣ ਦਾ ਬਚਨ ਵੀ ਲਿਆ ਸੀ। ਗਲ ਮੁਕਾਂਦਿਆਂ ਅੰਤ ਇੱਕਠੇ ਹੋਏ 300 ਮੁਸਲਮਾਨਾਂ ਦਾ ਜਥਾ ਚਲ ਪਿਆ ਇਥੋਂ ਇਹ ਕਹਿ ਕੇ ਕਿ ਕੂਕਿਆਂ ਦੇ ਗੁਰੂ ਦਾ ਦਰਸ਼ਨ ਕਰਕੇ ਜੇ ਛਕੇ ਨਾ ਛੁਟ ਜਾਣ ਤਾਂ ਕਹਿਓ। ■

ਮੈਨੂੰ ਉਪਕਾਰਾਂ ਦੀ ਨਾ ਗਿਣਤੀ ਹੀ ਆਈ ਏ

✍ ਮਾਸਟਰ ਅਮਰੀਕ ਸਿੰਘ

ਮਾਤਾ ਚੰਦ ਕੌਰ ਜੀ ਕੀ ਕੀ ਉਪਕਾਰ ਤੁਹਾਡੇ ਸੁਣਾਵਾਂ
ਮੈਨੂੰ ਉਪਕਾਰਾਂ ਦੀ ਨਾ ਗਿਣਤੀ ਹੀ ਆਈ ਏ।

ਤੁਸੀਂ ਅੱਠੇ ਪਹਿਰੇ ਸੇਵਾ ਸੰਗਤ ਦੀ ਕੀਤੀ ਏ।
ਪੀੜ ਉਨ੍ਹਾਂ ਦੁਖੀਆਂ ਦੀ ਡੀਕ ਲਾ ਕੇ ਪੀਤੀ ਏ।
ਮੰਦਰ ਉਸਾਰੇ ਇੱਟਾਂ ਸਿਰ ਉੱਤੇ ਢੋਈਆਂ ਨੇ।
ਕਦੇ ਵੀ ਥਕਾਵਟਾਂ ਨ ਉਮਰ ਭਰ ਹੋਈਆਂ ਨੇ।

ਕਿਸੇ ਦਾ ਨ ਦਿਲ ਉਹਨਾਂ ਕਦੇ ਵੀ ਦੁਖਾਇਆ ਏ।
ਮਾਤਾ ਜੀ ਨੇ ਲੱਖਾਂ ਰੋਂਦਿਆਂ ਨੂੰ ਹਸਾਇਆ ਏ।
ਸੇਵਾ ਦਾ ਉਹ ਐਸਾ ਇਤਿਹਾਸ ਨੇ ਬਣਾ ਗਏ।
ਭੁੱਲਣਾ ਨਹੀਂ ਐਸਾ ਇੱਕ ਰਸਤਾ ਵਖਾ ਗਏ।

ਸਾਡੇ ਸਾਰੇ ਪ੍ਰਸ਼ਨਾਂ ਦਾ ਉੱਤਰ ਇਕ ਦਿੱਤਾ ਏ,
ਸਤਿਗੁਰੂ ਉਦੇ ਸਿੰਘ ਦਿੱਤਾ ਪੱਕਾ ਥਿੱਤਾ ਏ।
ਇਕ ਦੂਜੇ ਤਾਈਂ ਦਿੱਤੀ ਸਭ ਨੇ ਵਧਾਈ ਏ।
ਰੁੱਸਿਆਂ ਨੂੰ ਮਾਤਾ ਜੀ ਨੇ ਵੇਖਿਓ ਮਨਾਣਾ ਏ,
ਦੁੱਧ ਵਿੱਚ ਖੰਡ ਬਣ ਉਨ੍ਹਾਂ ਰਲ ਜਾਣਾ ਏ,
ਕਿਸੇ ਪਾਸੇ ਕਸਰ ਨਾ ਰਹਿਣੀ ਹੁਣ ਦੇਣੀ ਏ।

ਸੱਕੀ ਮਾਤਾ ਬਣ ਉਹਨਾਂ ਦਿੱਤੀਆਂ ਅਸੀਸਾਂ ਨੇ,
ਰਹਿਣ ਕੋਈ ਦੇਣੀਆਂ ਨਹੀਂ ਉਹਨਾਂ ਪੀੜਾਂ ਅਤੇ ਚੀਸਾਂ ,
ਸਾਰਿਆਂ ਨੇ ਮਾਤਾ ਜੀ ਤੇ ਆਸ ਇਹ ਲਗਾਈ ਏ।

ਘਰ ਘਰ ਜਾਏ ਕੇ ਸੁਨੇਹਾ ਨੇ ਪੁਚਾ ਰਹੇ,
ਗੁਰੂ ਘਰੋਂ ਦੂਰ ਹੋਇਆਂ ਨੂੰ ਤਾਹੀਂ ਨੇ ਸੱਮਝਾ ਰਹੇ,
ਮੁੜ ਆਓ ਕਿਉਂ ਵਿੱਛੜ ਉਮਰ ਗਵਾਈ ਏ।

ਕਹੇ 'ਅਮਰੀਕ' ਮਾਤਾ ਚੰਦ ਕੌਰ ਧੰਨ ਹੈ,
ਜਿਨ੍ਹਾਂ ਨੇ ਤੂਫਾਨਾਂ ਅੱਗੇ ਲਾ ਦਿੱਤਾ ਬੰਨ੍ਹ ਹੈ,
ਮੈਨੂੰ ਉਪਕਾਰਾਂ ਦੀ ਨਾ ਗਿਣਤੀ ਹੀ ਆਈ ਏ।

Namdhari Elibrary NamdhariElibrary@gmail.com

ਮਹਾਨ ਉਸਰੱਈਏ
ਮਾਤਾ ਚੰਦ ਕੌਰ ਜੀ

✍ ਸ. ਸੁਵਰਨ ਸਿੰਘ ਵਿਰਕ

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ਼ ਵੰਡ ਨੂੰ ਧਿਆਨ ਵਿੱਚ ਰੱਖਕੇ, ਸੰਨ ੧੯੪੭ ਚੜ੍ਹਦਿਆਂ ਹੀ ਸਾਢੇ ਤਿੰਨ ਪਿੰਡਾਂ, ਚੁਚਾਲ, ਜੱਗਮਲੇਰਾ, ਕੰਜਰਵਾਲ ਅਤੇ ਅੱਧਾ ਅਲੀਪੁਰ (ਹੁਣ ਇਹ ਨਾਮ ਕ੍ਰਮ ਵਾਰ, ਜੀਵਨ ਨਗਰ, ਸੰਤ ਨਗਰ, ਦਮਦਮਾ ਅਤੇ ਹਰੀ ਪੁਰਾ ਹਨ) ਦੀ ਜ਼ਮੀਨ ਖਰੀਦ ਕੇ ਅਤੇ ਆਲੇ ਦੁਆਲੇ ਦੇ ਵੀ ਕੁੱਝ ਪਿੰਡ ਪੱਛਮੀ ਪੰਜਾਬ ਵਿੱਚੋਂ ਆਉਣ ਵਾਲੇ ਸ਼ਰਨਾਰਥੀਆਂ ਲਈ ਰੀਜ਼ਰਵ ਕਰਵਾ ਕੇ, ਤਦੋਕੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਰਾਣੀਆਂ ਥਾਣੇ ਵਿੱਚ ਨਾਮਧਾਰੀ ਸਿੱਖਾਂ ਲਈ ਇੱਕ ਆਧਾਰ ਖੇਤਰ ਤਿਆਰ ਕਰ ਦਿੱਤਾ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਹਨਾਂ ਦੇ ਛੋਟੇ ਭਰਾਤਾ ਮਹਾਰਾਜ ਬੀਰ ਸਿੰਘ ਜੀ ਅਤੇ ਹੋਰ ਸਿੱਖ ਸੇਵਕਾਂ ਦੀ ਸ਼ਮੂਲੀਅਤ ਨਾਲ, ਇਲਾਕਾ ਸ੍ਰੀ ਜੀਵਨ ਨਗਰ ਦੇ ਪੁਨਰ ਵਸੇਬੇ ਦਾ ਵੱਡਾ ਕਾਰਜ ਸਿਰੇ ਚੜਿਆ ਸੀ ਪਰ ਗੁਰਤਾ ਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਆਪ ਇਸ ਖੇਤਰ ਦੇ ਚੌਤਰਫੇ ਵਿਕਾਸ ਵਿੱਚ ਜੁੱਟ ਗਏ। ਇਹ ਇਲਾਕਾ ਇਤਨਾ ਪੱਛੜਿਆ ਸੀ ਕਿ ਆਜ਼ਾਦੀ ਤੋਂ ਪੂਰੇ ਅਠਾਰਾਂ ਸਾਲਾਂ ਬਾਅਦ ਸਿਰਸਾ ਤੋਂ ਜੀਵਨ ਨਗਰ ਤੱਕ ਅਠਾਰਾਂ ਮੀਲ ਲੰਮਾ ਸੜਕ ਦਾ ਟੋਟਾ ਪੱਕਾ ਬਣਿਆ ਸੀ, ੧੯੬੫ ਈ. ਵਿੱਚ। ਸਤਿਗੁਰੂ ਜੀ ਨੇ ਜੀਵਨ ਨਗਰ ਤੋਂ ਸੰਤ ਨਗਰ, ਦਮਦਮਾ, ਕਰੀਵਾਲਾ, ਬਣੀ ਆਦਿ ਪਿੰਡਾਂ ਦੇ ਕੱਚੇ ਰਸਤਿਆਂ ਤੇ ਮਿੱਟੀ ਪੁਆ ਕੇ, ਬਣੀ ਤੱਕ ਪੱਕੀ ਸੜਕ ਬਣਾਉਣ ਦਾ ਮੁੱਢ ਬੱਧਾ ਸੀ। ਆਪਣੇ ਪੂਰਵਜਾਂ ਦੇ ਨਵੇਂ ਡੇਰੇ, ਨਗਰ ਵਸਾਉਣ ਦੀ ਪਰੰਪਰਾ ਨੂੰ ਧਿਆਨ ਵਿੱਚ ਰੱਖਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਜੀਵਨ ਨਗਰ ਦੀ ਹਦੂਦ ਵਿੱਚ, ਨਾਮਧਾਰੀ ਸੁਤੰਤਰਤਾ ਸੰਗਰਾਮੀਆਂ, ਸ਼ਹੀਦਾਂ, ਮਸਤਾਨਿਆਂ ਦੀ ਯਾਦ ਵਿੱਚ, ੧੯੬੭-੬੮ ਈ. ਵਿੱਚ ਘੱਗਰ ਨਾਲੀ ਦੇ ਉੱਤਰੀ ਕਿਨਾਰੇ ਤੋਂ ਦੋ ਤਿੰਨ ਮੁਰੱਬੇ ਹਟਵਾਂ, ਡੇਰਾ ਮਸਤਾਨ ਗੜ੍ਹ ਵਸਾਉਣ ਦਾ ਮੁੱਢ ਬੰਨ੍ਹਿਆ।

ਡੇਰਾ ਮਸਤਾਨਗੜ੍ਹ ਵਸਾਉਣ ਦਾ ਫੁਰਨਾ ਬੇਸ਼ਕ ਸਤਿਗੁਰੂ ਜੀ ਦਾ ਸੀ ਪਰ ਉਹਨਾਂ ਦੇ ਹੋਰ ਫੁਰਨਿਆਂ ਨੂੰ ਮੂਰਤੀਮਾਨ ਕਰਨ ਦਾ ਵੱਡਾ ਕਾਰਜ, ਪੂਜਨੀਕ ਮਾਤਾ ਚੰਦ ਕੌਰ ਜੀ (ਨੂੰਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਦੀ ਅਗਵਾਈ ਅਤੇ ਹੱਲਾ ਸ਼ੇਰੀ ਨਾਲ ਸਿਰੇ ਚੜ੍ਹਿਆ ਸੀ। ਦਰਅਸਲ ਮਾਤਾ ਜੀ ਨੂੰ ਗੁਰੂ ਘਰ ਵਿੱਚ ਆਉਣ ਦਾ ਮਾਨ ਬਖ਼ਸ਼ਣ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਰਖੂ ਨੇਤਰਾਂ ਨੇ ਇਸ ਅਬੋਧ ਬਾਲਿਕਾ ਦੇ ਹਿਰਦੇ ਵਿੱਚ ਛੁਪੇ ਸੇਵਾ ਭਾਵ ਨੂੰ ਪਹਿਚਾਣ ਲਿਆ ਸੀ। ਸਿੱਖ ਪੰਥ ਦੀਆਂ ਕੁਝ ਮਾਨਯੋਗ ਧਾਰਮਿਕ, ਸਮਾਜਿਕ ਹਸਤੀਆਂ, ਜਿਹਨਾਂ ਦਾ ਨਿਵਾਸ ਕਿਲ੍ਹਿਆਂ ਵਿੱਚ ਉਸਰੇ ਮਹੱਲਾ ਵਿੱਚ ਸੀ ਉਹਨਾਂ ਨੇ ਆਪਣੀਆਂ ਸਪੁੱਤਰੀਆਂ ਦੇ ਅਨੰਦ ਕਾਰਜ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਹਾਂ ਸਾਹਿਬਜ਼ਾਦਿਆਂ ਨਾਲ ਕਰਨ ਦਾ ਵਿਚਾਰ, ਆਪ ਨਾਲ ਸਾਂਝਾ ਕੀਤਾ ਸੀ। ਸਤਿਗੁਰੂ ਜੀ ਨੇ ਇਸ ਨਿਮਰ ਭਾਸ਼ਾ

Namdhari Elibrary NamdhariElibrary@gmail.com

ਵਿੱਚ ਜੁਆਬ ਦਿੱਤਾ ਸੀ-"ਨਾਂ ਮਹਾਰਾਜ ਨਾਂ ਤੁਹਾਡੀਆਂ ਬੇਟੀਆਂ ਰਾਜ ਮਹੱਲਾਂ ਵਿੱਚ ਰਹਿਣ ਵਾਲੀਆਂ ਸਾਡਾ ਇਹ ਫ਼ਕੀਰਾਂ ਦਾ ਡੇਰਾ ਆਪ ਜੀ ਮੁੜਕੇ ਨਾਂ ਇਉ ਸੋਚਿਓ।" ਸਤਿਗੁਰੂ ਜੀ ਆਪਣੀਆਂ ਹੋਣ ਵਾਲੀਆਂ ਨੂੰਹਾਂ ਪ੍ਰਥਾਇ ਬਾਰੇ ਇਉਂ ਕਿਹਾ ਕਰਦੇ ਸਨ, "ਉਹ ਬੀਬੀਆਂ ਜਿਹਨਾਂ ਦੀਆਂ ਅਰਕਾਂ, ਬਾਹਾਂ ਸੁਆਹ ਵਿੱਚ ਲਿਬੜੀਆਂ ਹੋਣ।" ਭਾਵ ਗੁਰੂ ਘਰ ਵਿੱਚ ਹਮੇਸ਼ਾ ਸੇਵਾ ਨੂੰ ਪਹਿਲ ਦਿੱਤੀ ਜਾਂਦੀ ਸੀ। ਇਸੇ ਲਈ ੧੯੪੫ ਈ, ਵਿੱਚ ਜਦੋਂ ਤਦੋਕੇ ਬਿਅੰਤ ਜੀ (ਬਾਬਾ ਜਗਜੀਤ ਸਿੰਘ) ਦੇ ਪਹਿਲੇ ਮਹਿਲ, ਮਾਤਾ ਰਾਜਿੰਦਰ ਕੌਰ ਜੀ ਗੁਰਪੁਰੀ ਪਿਆਨਾ ਕਰ ਗਏ ਸਨ ਤਾਂ ਸੂਬਾ ਇੰਦਰ ਸਿੰਘ ਰੋਡੇ (ਮੋਗਾ) ਨੇ ਆਪਣੀ ਭਣੇਵੀਂ ਦੀ ਸਪੁੱਤਰੀ ਬੀਬੀ ਕਰਤਾਰ ਕੌਰ ਸਪੁੱਤਰੀ ਸ. ਸਰਬਣ ਸਿੰਘ ਸਿਧੂ ਬਰਾੜ, ਬਾਜਾਖਾਨਾ(ਰਿਆਸਤ ਫਰੀਦਕੋਟ) ਨੇ ਬਾਬਾ ਜੀ ਨਾਲ ਰਿਸ਼ਤੇ ਦੀ ਗੱਲ ਤੋਰੀ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਸੀ ਕਿ ਅੱਸੂ ਦੇ ਮੇਲੇ ਸਮੇਂ ਬੀਬੀ ਨੂੰ ਸ੍ਰੀ ਭੈਣੀ ਸਾਹਿਬ ਲੈ ਆਇਓ, ਫਿਰ ਵੇਖ ਲਵਾਂਗੇ। ਤੇ ਮੇਲੇ ਦੇ ਇਹ ਕੁਝ ਦਿਨ ਜਿਸ ਸੇਵਾ ਭਾਵ ਨਾਲ ਅੱਠੇ ਪਹਿਰ ਸੇਵਾ, ਸਿਮਰਨ ਵਿੱਚ ਲੀਨ ਹੋਕੇ, ਉਹਨਾਂ ਬਿਤਾਏ, ਉਸ ਨਾਲ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਰਖ ਕਸਵੱਟੀ ਤੇ ਖਰੇ ਉਤਰੇ ਸਨ। ਗੁਰੂ ਘਰ ਵਿੱਚ ਆਉਣ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਨਾਲ ਆਪ ਜੀ ਦਾ ਨਾਮ ਕਰਤਾਰ ਕੌਰ ਤੋਂ ਬਦਲ ਕੇ ਚੰਦ ਕੌਰ ਕਰ ਦਿੱਤਾ ਗਿਆ। ਗੁਰੂ ਘਰ ਵਿੱਚ ਪੈਰ ਰਖਦਿਆਂ ਸ੍ਰੀ ਮਾਤਾ ਚੰਦ ਕੌਰ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਸਤਾਨਗੜ੍ਹ ਇਲਾਕੇ ਨੂੰ ਆਬਾਦ ਕਰਨ ਦਾ ਬੀੜਾ ਚੁਕਿਆ ਨਾ ਦਿਨ ਵੇਖਿਆ ਨਾ ਰਾਤ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਖਰੀਦਿਆ ਇਹ ਸਾਰਾ ਇਲਾਕਾ ਕਿਸੇ ਸਮੇਂ "ਸਕਿੱਨਰ ਐਸਟੇਟ" ਦਾ ਹਿੱਸਾ ਸੀ। ਇਸ ਸਕਿੱਨਰ ਦਾ ਹਾਂਸੀ ਦੇ ਕੁਝ ਖੇਤਰ ਤੇ ਵੀ ਅਠਾਰ੍ਹਵੀਂ ਸਦੀ ਦੇ ਅਖੀਰ ਵਿੱਚ ਕਬਜ਼ਾ ਸੀ। ਇਸੇ ਨੇ ਇਹ ਚੁਚਾਲ ਤੇ ਹੋਰ ਪਿੰਡ ਵੀ ਮੱਲ ਲਏ ਸਨ ਪਰ ਬਾਅਦ ਵਿੱਚ ਇਸ ਦੇ ਵੰਸ਼ਿਜਾਂ ਨੇ ਚੁਰੂ ਦੇ ਸੇਠਾਂ ਨੂੰ ਵੇਚ ਦਿੱਤੇ ਜਿਹਨਾਂ ਤੋਂ ਹੁਣ ਸਤਿਗੁਰੂ ਜੀ ਨੇ ਖਰੀਦ ਲਏ ਸਨ। ਜਿਥੇ ਮਸਤਾਨਗੜ੍ਹ ਆਬਾਦ ਕੀਤਾ ਗਿਆ ਇਹ ਸਾਰਾ ਦੱਭ ਕਾਹੀ ਅਤੇ ਜੰਗਲੀ ਝਾੜ ਬੂਟਿਆਂ ਨਾਲ ਭਰਪੂਰ ਦਲਦਲੀ ਇਲਾਕਾ ਸੀ। ਪਹਿਲੇ ਕੁਝ ਸਾਲਾਂ ਵਿੱਚ ਵੱਡਾ ਜੰਗਲ ਤਾਂ ਪੁੱਟਿਆ ਗਿਆ ਸੀ ਪਰ ਇਸ ਖਿੱਤੇ ਵਿੱਚ ਬਹੁਤ ਸਾਰੀਆਂ ਖਾਟੀਆਂ ਸਨ, ਉੱਚਾ ਨੀਵਾਂ ਇਲਾਕਾ ਇੱਕ ਸਕੰਦਰੀ ਨਾਲਾ ਵੀ ਇਸ ਖਿੱਤੇ ਵਿੱਚੋਂ ਲੰਘਦਾ ਸੀ। ਜਿਸ ਦਿਨ ਇਸ ਭੂਮੀ ਦੀ ਕਾਇਆ ਕਲਪ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਮਾਤਾ ਚੰਦ ਕੌਰ ਜੀ ਨੇ ਜੀਵਨ ਨਗਰ ਤੋਂ ਮਸਤਾਨਗੜ੍ਹ ਵੱਲ ਜਾਣਾ ਸੀ ਸਿੱਖ ਸੇਵਕ ਆਪ ਲਈ ਘੋੜੀ ਤੇ ਕਾਠੀ ਪਾ ਲਿਆਏ। ਹੁਣ ਮਾਤਾ ਜੀ ਨੇ ਇਹ ਕਹਿਕੇ ਘੋੜੀ ਵਾਪਸ ਮੋੜ ਦਿੱਤੀ ਕਿ ਪਤਾ ਨਹੀਂ ਕਿਤਨੇ ਮਹੀਨੇ ਸੇਵਾ ਚੱਲਣੀ ਹੈ ਜੇ ਪਹਿਲੇ ਦਿਨ ਹੀ ਮੈਂ ਘੋੜੀ ਤੇ ਚੜ੍ਹਕੇ ਗਈ ਤਾਂ ਫਿਰ ਸਰੀਰ ਅਗਲੇ ਸਮੇਂ ਦੀ ਕਠਿਨ ਪਰੀਖਿਆ ਵਿੱਚੋਂ ਕਿਵੇਂ ਉਤੀਰਣ ਹੋਵੇਗਾ। ਇਹ ਫਾਸਲਾ ਵੀ ਪੰਜ ਕਿਲੋ ਮੀਟਰ ਤੋਂ ਘੱਟ ਨਹੀਂ ਸੀ ਜੋ ਮਾਤਾ ਜੀ ਨੇ ਪੈਦਲ ਹੀ ਪਾਰ ਕੀਤਾ ਅਤੇ ਕੰਮ ਆਰੰਭ ਕਰਵਾ ਦਿੱਤਾ।

ਇਹਨਾਂ ਖਾਟੀਆਂ ਵਿੱਚ ਪਾਣੀ ਭਰਿਆ ਹੁੰਦਾ ਸੀ। ਪਹਿਲਾਂ ਜਿਤਨਾ ਥਾਂ ਉਸ ਨੂੰ ਸਮਤਲ ਕਰਨਾ ਹੁੰਦਾ ਉਸ ਦੇ ਆਲੇ ਦੁਆਲੇ ਬੰਨ੍ਹ ਲਾ ਕੇ ਇਹ ਪਾਣੀ ਬਾਹਰ ਕੱਢਣਾ। ਫਿਰ ਇਲਾਕੇ ਦੀ ਸੰਗਤ ਨੇ ਟਰੈਕਟਰਾਂ ਤੇ ਕਰਾਹੇ ਪਾਕੇ ਜੁੱਟ ਜਾਣਾ। ਕਈ ਵੇਰ ਸੌ ਸੌ ਟਰੈਕਟਰ ਵੀ ਹੋ ਜਾਂਦਾ। ਸਿੰਘਾਂ ਨੇ ਕਹੀਆਂ ਕੁਹਾੜੀਆਂ ਨਾਲ ਜੁੱਟ ਜਾਣਾ। ਪਰ ਮਾਤਾ ਜੀ ਦੀ ਉਹਨਾਂ ਵਿੱਚ ਮੌਜੂਦਗੀ ਕਦੇ ਵੀ ਕਰਿੰਦਿਆਂ ਦਾ ਉਤਸ਼ਾਹ ਮੱਠਾ ਨਾਂ ਪੈਣ ਦਿੰਦੀ। ਕਾਮਿਆਂ ਨੂੰ ਸੁਬਹਾ ਸ਼ਾਮ ਪ੍ਰਸ਼ਾਦ ਪਾਣੀ, ਸ਼ਰਦਾਈਆਂ, ਕੜਾਹ ਪ੍ਰਸ਼ਾਦ, ਖੰਡ ਘਿਉ ਆਦਿ ਦੇ ਖੁੱਲ੍ਹੇ ਗੱਫੇ ਵਰਤਦੇ। ਕਈ ਵੇਰ ਕੰਮ ਦੇਰ ਰਾਤ ਤੱਕ ਵੀ ਚੱਲਦਾ ਰਹਿੰਦਾ। ਇਹ ਸਾਰਾ ਇਲਾਕਾ ਜੋ ੪੦੦ ਏਕੜ ਵਿੱਚ ਸੀ, ਇਸ ਵਿਚੋਂ ਕੋਈ ੧੨੫ ਏਕੜ ਵਿੱਚ ਸਕਿੱਨਰੀ ਨਾਲੇ ਦੇ ਲੰਘਣ ਕਾਰਨ ਖਾਟੀ ਬਣੀ ਹੋਈ ਸੀ। ਪਹਿਲਾਂ ਇਸ ਖਾਟੀ ਨੂੰ ਪੱਧਰ ਕਰਨ ਦਾ ਕੰਮ ਤਿੰਨ ਟਰੈਕਟਰਾਂ ਨਾਲ ਸ਼ੁਰੂ ਹੋਇਆ। ਸੰਤ ਬਲਦੇਵ ਸਿੰਘ ਵੜੈਚ, ਉੱਘੇ ਕਵੀ, ਅੰਮ੍ਰਿਤਸਰ ਕਲਾਂ ਨਿਵਾਸੀ ਆਪਣੀ ਉਸ ਸਮੇਂ ਦੀਆਂ ਲਿਖਤੀ ਯਾਦਾਂ ਵਿੱਚ ਦੱਸਦੇ ਹਨ ਕਿ ਪਹਿਲੇ ਦਿਨ ਤਿੰਨ ਟਰੈਕਟਰ ਸਨ, ਦੋ ਮੈਸੀ ਫਰਗੁਸਨਾਂ ਅਤੇ ਇੱਕ ਹਿੰਦੁਸਤਾਨ। ਮੈਸੀ ਫਰਗੁਸਨਾਂ ਨੂੰ ਬਲਬੀਰ ਸਿੰਘ ਸਪੁੱਤਰ ਸੰਤ ਲਛਮਣ ਸਿੰਘ ਫਗਵਾੜਾ ਅਤੇ ਮਿਸਤਰੀ ਸੁਰਜਣ ਸਿੰਘ 'ਸ਼ਰੀਫ' ਵਾਸੀ ਜੀਵਨ ਨਗਰ ਚਲਾਉਂਦੇ ਸਨ ਅਤੇ ਤੀਸਰੇ ਹਿੰਦੁਸਤਾਨ ਨੂੰ ਬਲਦੇਵ ਸਿੰਘ ਵੜੈਚ। ਦੋ ਟਰੈਕਟਰਾਂ ਪਿਛੇ ਕਰਾਹੇ ਸੀ ਅਤੇ ਤੀਜਾ ਪਲੋਅ (ਵੱਡੇ ਇਕੋ ਹਲ) ਨਾਲ ਮਿੱਟੀ ਪੁੱਟਦਾ। ਨਾਲੀ ਦੀ ਚੀਕਨੀ ਮਿੱਟੀ ਦੇ ਵੱਡੇ-ਵੱਡੇ ਢੇਲੇ ਪੁੱਟੇ ਜਾਂਦੇ ਸਨ। ਚੱਲਦੇ ਕੰਮ ਵਿੱਚ ਇੱਕ ਦਿਨ ਵਿਘਨ ਪੈ ਗਿਆ। ਇੱਕ ਟੋਆ ਸੀ ਜਿਸ ਦੇ ਨੇੜੇ ਜਾਂਦੇ ਹੀ ਟਰੈਕਟਰ ਖੁਭ ਜਾਂਦੇ ਸਨ। ਟਰੈਕਟਰ ਵਾਲਿਆਂ ਲਾਚਾਰੀ ਪਰਗਟਾਈ। ਮਾਤਾ ਜੀ ਅਤੇ ਉਹਨਾਂ ਦੀ ਸੇਵਿਕਾ ਬੀਬੀ ਸਿੰਦਰ ਵੀ ਉਥੇ ਸਨ। ਮਾਤਾ ਵੀ ਨੇ ਟਰੈਕਟਰਾਂ ਵਾਲਿਆਂ ਨੂੰ ਦੂਜੇ ਪਾਸੇ ਕੰਮ ਤੇ ਲੱਗਣ ਲਈ ਕਿਹਾ ਅਤੇ ਆਪ ਬੀਬੀ ਸਿੰਦਰ ਨੂੰ ਲੈ ਕੇ ਵੱਡੇ-ਵੱਡੇ ਢੇਲੇ ਮਿੱਟੀ ਦੇ ਚੁੱਕ ਕੇ ਉਸ ਟੋਏ ਵਿੱਚ ਸੁੱਟਣ

Namdhari Elibrary NamdhariElibrary@gmail.com

ਲੱਗ ਪਏ। ਬੀਬੀ ਸਿੰਦਰ ਤਾਂ ਸਵੇਰ ਦੀ ਲੱਗੀ ਦੁਪਹਿਰ ਤੱਕ ਥੱਕ ਹਾਰ ਕੇ ਬੈਠ ਗਈ ਮਾਤਾ ਜੀ ਕੰਮ ਵਿੱਚ ਜੁੱਟੇ ਰਹੇ। ਸ਼ਾਮ ਤੱਕ ਡੂੰਘਾ ਟੋਆ ਮਿੱਟੀ ਨਾਲ ਭਰ ਗਿਆ ਪਾਣੀ ਉਪਰ ਆ ਗਿਆ। ਮਾਤਾ ਜੀ ਨੇ ਹੁਣ ਉਹ ਪਾਣੀ ਟੋਏ ਵਿੱਚੋਂ ਕੱਢਣਾ ਸ਼ੁਰੂ ਕਰ ਦਿੱਤਾ। ਟੋਆ ਪਾਣੀ ਤੋਂ ਖਾਲੀ ਹੋ ਗਿਆ। ਹੁਣ ਟਰੈਕਟਰ ਵਾਲਿਆਂ ਨੂੰ ਆਸੇ ਪਾਸਿਓਂ ਮਿੱਟੀ ਟੋਏ ਵਿੱਚ ਸੁਟਣ ਤੇ ਲਾ ਦਿੱਤਾ। ਟੋਆ ਪੂਰਿਆ ਗਿਆ ਤੇ ਪੱਧਰਾ ਵੀ ਹੋ ਗਿਆ। ਸ਼ਾਮ ਤੱਕ ਆਪਣੀ ਕਿਰਤ ਅਤੇ ਸੁਚੱਜੀ ਵਿਉਂਤਬੰਦੀ ਵਿੱਚ ਮਾਤਾ ਜੀ ਵੀ ਤਰੋ ਤਾਜ਼ਾ ਮਹਿਸੂਸ ਕਰ ਰਹੇ ਸਨ। ਜਦੋਂ ਇਥੇ ਕੰਮ ਆਰੰਭਿਆ ਤਾਂ ਕਈ ਵੇਰ ਮਾਤਾ ਜੀ ਖੁੱਲ੍ਹੇ ਅਸਮਾਨ ਹੇਠ ਹੀ ਬਿਰਾਜਦੇ। ਫਿਰ ਇੱਕ ਛੋਟਾ ਜਿਹਾ ਕਮਰਾ ਉਹਨਾਂ ਲਈ ਬਣ ਗਿਆ। ਭੂਮੀ ਪੱਧਰ ਹੋਣ ਦਾ ਕੰਮ ਦੋ ਢਾਈ ਮਹੀਨਿਆਂ ਵਿੱਚ ਪੂਰਾ ਹੋ ਗਿਆ ਸੀ। ਫਿਰ ਮਸਤਾਨਗੜ੍ਹ ਦੀ ਉਸਾਰੀ ਦਾ ਕੰਮ ਅਰੰਭਿਆ ਸਤਿਗੁਰੂ ਜੀ ਦੀ ਰਿਹਾਇਸ਼ ਲਈ ਦੋ ਮੰਜ਼ਲੀ ਕੋਠੀ ਬਣੀ। ਲੰਗਰ ਅਸਥਾਨ ਬਣੇ। ਪਸ਼ੂ ਤਬੇਲਾ ਅਤੇ ਸਿੱਖਾਂ ਸੇਵਕਾਂ ਦੇ ਵਿਸ਼ਰਾਮ ਲਈ ਕਮਰੇ ਵੀ ਬਣ ਗਏ। ਉਹਨਾਂ ਦਿਨਾਂ ਵਿੱਚ ਝੋਨਾ ਨਹੀਂ ਸੀ ਲੱਗਦਾ। ਨਰਮਾਂ ਖਿੜਦਾ ਤਾਂ ਇਸ ਦੀ ਚੁਗਾਈ ਮਹੀਨਿਆਂ ਬੱਧੀ ਮਾਈਆਂ ਬੀਬੀਆਂ ਸਮੇਤ ਨਾਲ ਲੱਗ ਕੇ ਮਾਤਾ ਜੀ ਕਰਾਉਂਦੇ।

ਇੱਕ ਹੋਰ ਉੱਘੇ ਕਵੀ ਲਖਵਿੰਦਰ ਸਿੰਘ ਬਾਜਵਾ ਸ੍ਰੀ ਜਗਜੀਤ ਨਗਰ ਨਿਵਾਸੀ ਦੱਸਦੇ ਹਨ ਕਿ ਜਦੋਂ ਮਸਤਾਨਗੜ੍ਹ ਨੂੰ ਜਾਣ ਵਾਲੀ ਸੜਕ ਬਣ ਰਹੀ ਸੀ ਤਾਂ ਜੀਵਨ ਨਗਰ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਸੜਕ ਤੇ ਰੋੜੀ ਸੁੱਟਣ ਲਈ ਲਾਕੇ ਮਾਤਾ ਜੀ ਵੀ ਉਹਨਾਂ ਨਾਲ ਬਿਨਾਂ ਅੱਕਿਆਂ ਥੱਕਿਆਂ ਸਾਰਾ ਦਿਨ ਰੋੜੀ ਦੀਆਂ ਟੋਕਰੀਆਂ ਚੁੱਕ-ਚੁੱਕ ਕੇ ਸੁੱਟਿਆ ਕਰਦੇ ਸਨ। ਕਈ ਵੇਰ ਉਹ ਰਾਤ ਦੇ ਸਮੇਂ ਸੇਵਾ ਤੇ ਲੱਗੇ ਟਰੈਕਟਰਾਂ ਵਾਲਿਆਂ ਨੂੰ ਰਾਤ ਦੇ ਦੋ ਤਿੰਨ ਵਜੇ ਉੱਠਕੇ, ਦਹੀਂ ਛਕਾਉਣ ਆਉਂਦੇ ਅਤੇ ਨਾਲੇ ਉਹਨਾਂ ਨੂੰ ਕੰਮ ਬੰਦ ਕਰਨ ਲਈ ਕਹਿਕੇ ਥਕੇਵਾਂ ਲਾਹ ਦਿੰਦੇ। ਮਸਤਾਨਗੜ੍ਹ ਦੀ ਨਵੀਂ ਆਬਾਦ ਭੂਮੀ ਵਿੱਚ ਜਦੋਂ ਕਮਾਦ ਬੀਜਿਆ ਗਿਆ ਤਾਂ ਇਸ ਸਮੇਂ ਗੁੜ ਬਨਾਉਣ ਦੀ ਸਾਰੀ ਕਿਰਿਆ ਵਿੱਚ ਵੀ ਮਾਤਾ ਜੀ ਹੱਥ ਵਟਾਉਂਦੇ ਸਨ। ਕੰਮ ਕਰਦਿਆਂ ਕਦੇ ਥਕਾਵਟ ਉਹਨਾਂ ਦੇ ਨੇੜੇ ਨਹੀਂ ਸੀ ਲੰਘਦੀ। ਮਸਤਾਨਗੜ੍ਹ ਦੀ ਉਸਾਰੀ ਵਿੱਚ ਇਥੇ ਆਵੀਆਂ ਚਾਹੜੀਆਂ ਗਈਆਂ ਸਨ। ਜਦੋਂ ਇੱਟਾਂ ਪੱਕ ਗਈਆਂ ਤਾਂ ਮਾਤਾ ਜੀ ਨੇ ਇੱਟਾਂ ਹੱਥੀ ਢੋਣ ਦੀ ਸੇਵਾ ਵੀ ਕੀਤੀ। ਇਸੇ ਤਰ੍ਹਾਂ ਜਦੋਂ ਕਦੇ ਲੰਗਰ ਬਣਾਉਣ ਵਿੱਚ ਤੋਟ ਆਉਂਦੀ ਦਿਸਦੀ ਤਾਂ ਮਾਤਾ ਜੀ ਬੀਬਾ ਸਾਹਿਬ ਕੌਰ ਸਮੇਤ ਆਪ ਜਾ ਲੱਗਦੇ। ਮਾਈਆਂ, ਬੀਬੀਆਂ ਵਿੱਚ ਦੂਣਾਂ ਉਤਸ਼ਾਹ ਭਰ ਜਾਂਦਾ। ਫਿਰ ਕਿਸੇ ਕਿਸਮ ਦੀ ਕਮੀ ਵਰਤਾਵਿਆਂ ਨੂੰ ਮਹਿਸੂਸ ਨਾਂ ਹੁੰਦੀ। ਲੰਗਰ ਦੇ ਬਾਲਣ ਦੀ ਸੇਵਾ ਲਈ ਪਿੰਡਾਂ ਵਿੱਚ ਨਰਮੇ ਦੀਆਂ ਮਨਛਿਟੀਆਂ ਢੋਹ ਕੇ ਲਿਆਉਣ ਦੀ ਸੇਵਾ ਵੀ ਮਾਤਾ ਜੀ ਅੱਗੇ ਲੱਗ ਕੇ ਕਰਦੇ ਕਰਵਾਉਂਦੇ ਸਨ।

ਮਾਤਾ ਜੀ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਏ ਸਿੱਖਾਂ ਸਾਧਾਂ ਨੂੰ ਸੁਵਿਧਾਵਾਂ ਪ੍ਰਦਾਨ ਕਰਨ ਲਈ ਆਪਣਾ ਨਿਜੀ ਸੁੱਖ ਆਰਾਮ ਵੀ ਅਨੇਕ ਵਾਰ ਕੁਰਬਾਨ ਕਰ ਦਿੱਤਾ ਸੀ। ਜਦੋਂ ਕੁ ਜਿਹੇ ਮਸਤਾਨਗੜ੍ਹ ਦੀ ਉਸਾਰੀ ਦਾ ਕਾਰਜ ਚੱਲ ਰਿਹਾ ਸੀ ਤਾਂ ਸਤਿਗੁਰੂ ਜੀ ਅਤੇ ਮਾਤਾ ਜੀ ਦਾ ਡੇਰਾ ਦੋ ਛੋਟੇ-ਛੋਟੇ ਵੱਖ-ਵੱਖ ਕਮਰਿਆਂ ਵਿੱਚ ਹੁੰਦਾ ਸੀ। ਇਕ ਵੇਰ ਕੁਵੇਲੇ ਜਿਹੇ ਤਿਰਕਾਲਾਂ ਨੂੰ ਥਾਈਲੈਂਡ ਦੀ ਕੁਝ ਸੰਗਤ ਗੁਰੂ ਦਰਸ਼ਨਾਂ ਲਈ ਮਸਤਾਨਗੜ੍ਹ ਪਹੁੰਚੀ। ਸਮਾਂ ਇਹੋ ਜਿਹਾ ਸੀ ਕਿ ਇਥੇ ਰਹਿਣ ਬਹਿਣ ਲਈ ਦੋ ਹੀ ਕਮਰੇ ਸਨ। ਇਸ ਸਮੇਂ ਕੋਲ ਕੋਈ ਸਾਧਨ ਨਾਂ ਹੋਣ ਕਾਰਨ ਉਹਨਾਂ ਨੂੰ ਕਿਸੇ ਲਾਗੇ ਚਾਗੇ ਅਸਥਾਨ ਤੇ ਵੀ ਪੁਚਾਇਆ ਨਹੀਂ ਸੀ ਜਾ ਸਕਦਾ। ਮਾਤਾ ਜੀ ਨੇ ਆਪਣਾ ਕਮਰਾ ਉਹਨਾਂ ਨੂੰ ਰਾਤ ਕੱਟਣ ਲਈ ਦੇ ਦਿੱਤਾ ਅਤੇ ਆਪ ਸ੍ਰੀ ਸਤਿਗੁਰੂ ਜੀ ਦੇ ਕਮਰੇ ਵਿੱਚ ਉਹਨਾਂ ਦੇ ਮੰਜੇ ਦੇ ਲਾਗੇ ਫਰਸ਼ ਤੇ ਬੈਠ ਕੇ ਰਾਤ ਕੱਟੀ। ਇਸ ਤਰ੍ਹਾਂ ਇਕ ਵੇਰ ਸ੍ਰੀ ਸਤਿਗੁਰੂ ਜੀ ਮੰਡੀ (ਹਿਮਾਚਲ) ਵਿਖੇ ਦਰਸ਼ਨ ਦੇ ਰਹੇ ਸਨ। ਮੰਡੀ ਵਾਲੀ ਕੋਠੀ ਵਿੱਚ ਉਹਨਾਂ ਦਿਨਾਂ ਵਿੱਚ ਮੰਜਿਆਂ ਦੀ ਘਾਟ ਸੀ। ਬਿਰਧ ਸਾਹਿਤਕਾਰ ਪ੍ਰੀਤਮ ਸਿੰਘ ਕਵੀ ਜੀ ਵੀ ਮੰਡੀ ਅਪੜੇ ਸਨ। ਉਹਨਾਂ ਲਈ ਰਾਤ ਵਾਸਤੇ ਮੰਜੇ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ। ਸਤਿਗੁਰੂ ਜੀ ਦਾ ਇਸ਼ਾਰਾ ਸਮਝ ਕੇ ਮਾਤਾ ਜੀ ਨੇ ਆਪਣਾ ਮੰਜਾ ਕਵੀ ਹੋਰਾਂ ਵੱਲ ਭਿਜਵਾ ਦਿੱਤਾ ਅਤੇ ਆਪ ਸਾਰੀ ਰਾਤ ਫਰਸ਼ ਤੇ ਆਸਣ ਸਜਾ ਕੇ ਬਤੀਤ ਕਰ ਲਈ।

ਮਾਤਾ ਜੀ ਜਿਥੇ ਵੀ ਕੁਦਰਤੀ ਆਫਤਾਂ ਆਉਂਦੀਆ ਸਨ, ਪੰਜਾਬ, ਹਰਿਆਣਾ ਜਾਂ ਦੇਸ਼ ਦੇ ਕਿਸੇ ਵੀ ਕੌਨੇ ਵਿੱਚ ਉਥੇ ਪੁੱਜ ਕੇ ਦੀਨ ਦੁਖੀਆਂ ਦੀ ਤੁਰੰਤ ਸਹਾਇਤਾ ਕਰਿਆ ਕਰਦੇ ਸਨ। ੧੯੮੪ ਦੇ ਦਿੱਲੀ ਦੰਗਿਆ ਦੇ ਪੀੜਿਆਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਸਰਾ ਦਿੱਤਾ। ਦੋਰਾਹੇ ਨੇੜੇ ਭਿਆਨਕ ਰੇਲਵੇ ਹਾਦਸਾ ਕਾਂਡ ਸਮੇਂ ਅਤੇ ਸਤਿਲੁਜ ਦੇ ਇਲਾਕੇ ਵਿੱਚ ਆਏ ਹੜ੍ਹਾਂ ਪੀੜਿਤਾਂ ਦੀ ਪੂਰੀ ਇਮਦਾਦ ਕੀਤੀ। ਸੰਨ ੨੦੧੦ ਈ. ਇਲਾਕਾ ਸ੍ਰੀ ਜੀਵਨ ਨਗਰ ਵਿੱਚੋਂ ਲੰਘਦੀ ਘੱਗਰ ਨਾਲੀ ਵਿੱਚ ਆਏ ਹੜ੍ਹ ਕਾਰਨ ਫੀਰੋਜ਼ਾਬਾਦ ਤੋਂ ਬਣੀ ਪਿੰਡ ਤੱਕ ਦਰਜਨਾਂ ਪਿੰਡਾਂ ਦਾ ਰਕਬਾ ਹੜ੍ਹਾਂ ਦੀ ਲਪੇਟ ਵਿੱਚ ਆ ਗਿਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਾਤਾ ਜੀ ਨੇ ਫੀਰੋਜ਼ਾਬਾਦ ਤੋਂ ਬਣੀ ਤੱਕ ਪਾਣੀ ਵਿੱਚ ਪੈਦਲ ਚੱਲ ਕੇ

Namdhari Elibrary NamdhariElibrary@gmail.com

ਵੀ, ਪੀੜਿਤਾਂ ਦਾ ਹੌਸਲਾਂ ਬੰਨਾਇਆ ਅਤੇ ਨਾਮਧਾਰੀ ਗੈਰ ਨਾਮਧਾਰੀ ਦੇ ਵਿਤਕਰੇ ਬਿਨਾਂ ਇਹਨਾਂ ਲੋਕਾਂ ਨੂੰ ਤੂੜੀ ਤੰਦ, ਅੰਨ ਦਾਣੇ ਅਤੇ ਨਕਦ ਮਾਇਆ ਦੀ ਸਹਾਇਤਾ ਪ੍ਰਦਾਨ ਕੀਤੀ।

ਸਤਿਗੁਰੂ ਉਦੈ ਸਿੰਘ ਜੀ ਫੁਰਮਾਇਆ ਕਰਦੇ ਹਨ ਕਿ ਬੇਸ਼ਕ ਸਭ ਕੁਝ ਹੋ ਰਿਹਾ ਸੀ ਉਹ ਸਾਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਨੁਸਾਰ ਮਾਤਾ ਚੰਦ ਕੌਰ ਜੀ ਨੇ ਕੀਤਾ। ਮਾਤਾ ਜੀ ਆਧੁਨਿਕ ਸ੍ਰੀ ਭੈਣੀ ਸਾਹਿਬ ਦੇ ਸਿਰਜਕ ਸਨ। ਉਹਨਾਂ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਵੱਡਾ ਕਥਨ ਹੈ ਕਿ ਮੇਰੀ ਸਿੰਘਣੀ ਸੇਵਾ ਤਾਂ ਬਹੁਤ ਕਰਦੀ ਹੈ ਪਰ ਕਦੇ ਇਸ ਦੀ ਇਸ਼ਤਿਹਾਰਬਾਜੀ ਨਹੀਂ ਕਰਦੀ। ਮਾਤਾ ਜੀ ਨੇ ਦਰ ਤੇ ਆਏ ਸੁਆਲੀਆਂ ਦੀਆਂ ਹਮੇਸ਼ਾਂ ਝੋਲੀਆਂ ਭਰੀਆਂ। ਕਿਸੇ ਦੇ ਬੱਚੇ ਦੀ ਫੀਸ, ਕਿਸੇ ਦੇ ਬਜ਼ੁਰਗ ਦਾ ਦਵਾ ਦਾਰੂ, ਕਿਸੇ ਬੱਚੀ ਦੇ ਵਿਆਹ ਦੀ ਚਿੰਤਾ ਗਰੀਬ ਲੜਕੀਆਂ ਨੂੰ ਹੁਨਰ ਮੰਦ ਕਰਕੇ, ਗੁਰਬਾਣੀ ਪਾਠ ਸਿਖਾ ਕੇ ਆਪਣੇ ਪੈਰਾਂ ਤੇ ਖੜ੍ਹੇ ਕਰਨਾ ਮਾਤਾ ਜੀ ਦੇ ਦਿਆਲੂ ਕਾਰਜਾਂ ਦੀ ਮੂੰਹ ਬੋਲਦੀ ਤਸਵੀਰ ਹਨ। ਸ੍ਰੀ ਭੈਣੀ ਸਾਹਿਬ ਅਤੇ ਇਲਾਕਾ ਜੀਵਨ ਨਗਰ ਦੇ ਚੱਪੇ ਚੱਪੇ ਉੱਤੇ ਮਾਤਾ ਜੀ ਦੀ ਵਾਤਸਲ ਮੂਰਤ ਰੂਪੀ ਚਰਨ ਛੋਹ ਮੌਜੂਦ ਹੈ। ਉਹਨਾਂ ਦੇ ਦੁਖਦਾਈ ਨਿਧਨ ਨੇ ਆਪਣਿਆਂ ਬੇਗਾਨਿਆ ਸਭ ਨੂੰ ਅਣ ਪਛਾਤਾ ਮਹਿਸੂਸ ਕਰ ਦਿੱਤਾ। ਅੱਜ ਵੀ ਦੋ ਨਾਮਧਾਰੀ ਜਿਥੇ ਵੀ ਮਿਲਦੇ ਹਨ ਤਾਂ ਉਹਨਾਂ ਦੇ ਹੋਠਾਂ ਤੇ ਇਹੋ ਬੋਲ ਉੱਭਰਦੇ ਹਨ ਕਿ ਕੀ ਮਾਤਾ ਜੀ ਹੱਤਿਆ ਕਾਂਡ ਦੀ ਗੁੱਥੀ ਇਸੇ ਤਰ੍ਹਾਂ ਅਣ ਸੁਲਝੀ ਰਹੇਗੀ?

ਬੜੀ ਲੋੜ ਸੀ ਉਹਨਾਂ ਦੀ ਸਾਨੂੰ ਹਾਲੇ,
ਉਹਨਾਂ ਬੜਾ ਕੁਝ ਸਾਨੂੰ ਸਿਖਾਵਣਾ ਸੀ।
ਅਸੀਂ ਬੜਾ ਕੁਝ ਉਹਨਾਂ ਤੋਂ ਸਮਝਣਾ ਸੀ,
ਉਹਨਾਂ ਬੜਾ ਕੁਝ ਸਾਨੂੰ ਸਮਝਾਵਣਾ ਸੀ।
ਬੜੇ ਕਠਿਨ ਸੁਆਲ ਸਨ ਸਾਡੇ ਅੱਗੇ,
ਉਹਨਾਂ ਜਿਨ੍ਹਾਂ ਨੂੰ ਸੌਖੇ ਬਣਾਵਣਾ ਸੀ।
ਸਾਡੇ ਰਾਹ ਚੋਂ ਮੁਸ਼ਕਿਲਾਂ ਦੂਰ ਕਰਕੇ,
ਸਾਨੂੰ ਸਫਲਤਾ ਵੱਲ ਵਧਾਵਣਾ ਸੀ।

ਚਾਰ ਅਪ੍ਰੈਲ ਵੀਹ ਸੌ ਸੋਲਾਂ ਈਸਵੀ,
ਸਾਡੇ ਵਾਸਤੇ ਆਇਆ ਵੰਗਾਰ ਬਣਕੇ।
ਅਸੀਂ ਸ਼ਾਂਤ ਮਈ ਜ਼ਿੰਦਗੀ ਲੋਚਦੇ ਸਾਂ,
ਆਇਆ ਦੁੱਖਾਂ ਕਲੇਸ਼ਾਂ ਦਾ ਸਾਰ ਬਣਕੇ।
ਜਿਹਨੇ ਅਮਨ ਅਮਾਨ ਹੈ ਭੰਗ ਕੀਤਾ,
ਸਾਨੂੰ ਰੜਕਦਾ ਰਹੂ ਉਹ ਖਾਰ ਬਣਕੇ।
ਮਾਤਾ ਜੀ ਦੀ ਜੁਦਾਈ ਦਾ ਸੱਲ ਹੈ ਜੋ,
ਕਿੰਜ ਜਰਾਂਗੇ ਅਸੀਂ ਲਾਚਾਰ ਬਣਕੇ। ■

ਤਾਂ ਮੈਨੂੰ ਆਪਣੇ ਕਰੀਬ ਪਾਵੋਗੇ-ਬਹੁਤ ਕਰੀਬ

✍ ਸੰਤ ਸੁਖਵਿੰਦਰ ਸਿੰਘ ਲਾਇਲ

ਮੈਂ ਕਿਤੇ ਵੀ ਨਹੀਂ ਗਈ ਮੇਰੇ ਬੱਚਿਓ
ਮੈਂ ਤਾਂ ਏਥੇ ਈ ਹਾਂ - ਤਹਾਡੇ ਕੋਲ
ਮੈਂ ਹਾਂ-
ਸਾਦਗੀ ਵਿੱਚ
ਨਿਮਰਤਾ ਵਿੱਚ
ਤਿਆਗ ਵਿੱਚ
ਮਿੱਠੇ ਬੋਲਾਂ ਵਿੱਚ
ਮਾਵਾਂ ਦੀ ਮਮਤਾ ਵਿੱਚ
ਬੱਚਿਆਂ ਦੀ ਮੁਸਕਰਾਹਟ ਵਿੱਚ
ਬਲਿਦਾਨ ਵਿੱਚ

ਤੁਸੀਂ ਜਦੋਂ ਕਿਸੇ ਲੋੜਵੰਦ ਦੀ ਮਦਦ ਕਰੋਗੇ
ਕਿਸੇ ਭੁੱਖੇ ਨੂੰ ਰੋਟੀ ਖੁਆਓਗੇ
ਨੰਗੇ ਦਾ ਤਨ ਢਕੋਗੇ
ਕਿਸੇ ਬਿਮਾਰ ਦੀ ਸੇਵਾ ਕਰੋਗੇ
ਹੱਥੀਂ ਸੇਵਾ ਕਰੋਗੇ ਲੰਗਰ ਦੀ-
ਭਾਂਡੇ ਮਾਂਜਣ ਦੀ - ਝਾੜੂ ਫੇਰਨ ਦੀ
ਤਾਂ ਮੈਨੂੰ ਆਪਣੇ ਕਰੀਬ ਪਾਵੋਗੇ-ਬਹੁਤ ਕਰੀਬ

ਮੈਂ ਤਾਂ ਤੁਹਾਡੀ ਮਾਂ ਹਾਂ - ਧਰਤੀ ਮਾਂ ਵਰਗੀ
ਤੇ ਧਰਤੀ ਮਾਂ ਤਾਂ ਦੇਂਦੀ ਹੀ ਹੈ-
ਆਪਣੇ ਬੱਚਿਆਂ ਨੂੰ
ਜੋ ਉਹਨਾਂ ਲਈ ਲਾਭਵੰਦ ਹੋਵੇ,
ਉਹਨਾਂ ਨੂੰ ਖੁਸ਼ੀਆਂ ਖੇੜੇ ਦੇਵੇ।
ਯਾਦ ਰੱਖਣਾ ਮੇਰੇ ਬਲਿਦਾਨ ਨੂੰ
ਸੱਚੇ ਪਾਤਸ਼ਾਹ ਦਾ ਇਹ ਘਰ
- ਭੈਣੀ ਸਾਹਿਬ - ਤੁਹਾਡਾ ਸਾਰਿਆਂ ਦਾ
ਇਸ ਦੀਆਂ ਇਮਾਰਤਾਂ ਵਿਚ ਤੁਹਾਡੀ ਮਾਂ ਨੇ
ਸੀਮੇਂਟ ਦੇ ਨਾਲ ਆਪਣਾ ਪਸੀਨਾਂ ਮਿਲਾਇਆ ਹੈ
ਹੁਣ ਤਾਂ ਇਹਦੀ ਧਰਤੀ 'ਚ ਮੇਰਾ ਲਹੂ ਵੀ ਹੈ।

ਇਸ ਘਰ ਦਾ ਮਾਲਕ
ਜਿਸਨੂੰ ਤੁਹਾਡੀ ਮਾਂ ਨੇ ਮੱਥਾ ਟੇਕ
ਸਿੱਖੀ ਦਾ ਫਰਜ਼ ਨਿਭਾਇਆ
ਤੁਸੀਂ ਉਹਦੇ ਕਹਿਣੇ 'ਚ ਰਹਿਣਾ
-ਸ਼ਰਧਾ ਤੇ ਪ੍ਰਤੀਤ ਰੱਖਣੀ, ਉਹਦੇ ਤੇ-
ਸੁਖ ਮਾਣੋਗੇ-ਸੱਚ ਕਰ ਜਾਨਣਾ
ਫੇਰ ਮੈਨੂੰ ਖੁਸ਼ੀ ਹੋਵੇਗੀ
ਫੇਰ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ
ਅਰਜ਼ ਕਰ ਸਕਾਂਗੀ
ਕਿ ਹੇ ਸੱਚੇ-ਪਾਤਸ਼ਾਹ ਜੀਓ
ਜੈਸਾ ਭੈਣੀ ਸਾਹਿਬ ਤੁਸੀਂ ਚਾਹੁੰਦੇ ਸੀ-
ਵੈਸਾ ਹੀ ਹੈ।
ਤੁਹਾਡੀ ਮਾਤਾ-ਚੰਦ ਕੌਰ

Namdhari Elibrary NamdhariElibrary@gmail.com

ਬਿਰਧ ਆਸ਼ਰਮ ਅਤੇ ਮਾਤਾ ਚੰਦ ਕੌਰ ਜੀ

✍ ਸ. ਜਸਵਿੰਦਰ ਸਿੰਘ ਹਿਸਟੋਰੀਅਨ

ਮਾਤਾ ਜੀ ਸਮਾਂ ਕੱਢਕੇ ਬਿਰਧ ਆਸ਼ਰਮ ਦੀਆਂ ਮਾਈਆਂ ਅਤੇ ਹੋਰ ਰਹਿਣ ਵਾਲਿਆਂ ਦਾ ਹਾਲ-ਚਾਲ ਲਗਾਤਾਰ ਪੁੱਛਣ ਲਈ ਆਸ਼ਰਮ ਵਿੱਚ ਆਉਂਦੇ ਰਹੇ ਸਨ ਅਤੇ ਲੋੜੀਂਦੀ ਮਦਦ ਕਰਦੇ ਸਨ। ਅੱਜ ਮਾਤਾ ਜੀ ਦੀ ਘਾਟ ਨੂੰ ਸਾਰੇ ਮਹਿਸੂਸ ਕਰਦੇ ਹਨ। ਸਤਿਗੁਰੂ ਜੀ ਕਿਰਪਾ ਕਰਨ ਮਾਤਾ ਜੀ ਦੀ ਯਾਦ ਬਿਰਧ ਆਸ਼ਰਮ ਵਾਲਿਆਂ ਦੇ ਮਨ ਵਿੱਚ ਸਦਾ ਬਣੀ ਰਹੇ।

ਦੋ ਸਾਲ ਪਹਿਲਾਂ ਜਦੋਂ ਮੈਨੂੰ ਕੂਲਹੇ ਦੀ ਤਕਲੀਫ਼ ਹੋਈ ਤਾਂ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਨੇ ਦੱਸਿਆ ਕਿ ਮੇਰੇ ਕੂਲਹੇ ਦੀ ਹੱਡੀ ਵਧ ਗਈ ਹੈ ਅਤੇ ਇਸ ਦਾ ਆਖ਼ਰੀ ਇਲਾਜ ਕੂਲਹੇ ਦਾ ਅਪ੍ਰੇਸ਼ਨ ਕਰਕੇ ਨਵਾਂ ਕੂਲਹਾ ਬਦਲਨਾ ਹੀ ਹੈ। ਇਹ ਮੈਨੂੰ ਨਵੀਂ ਗੱਲ ਪਤਾ ਲਗੀ ਸੀ, ਪਰ ਮੈਂ ਕਰ ਵੀ ਕੀ ਸਕਦਾ ਸਾਂ। ਦੋ ਕੁ ਸਾਲ ਲੋਹੇ ਦੀ ਸੋਟੀ ਦੀ ਮਦਦ ਨਾਲ ਔਖਾ ਹੋ ਕੇ ਚਲਦਾ ਰਿਹਾ, ਪਰ ਜਦੋਂ ਪਰੇਸ਼ਾਨੀ ਵਧੀ ਤਾਂ ਮੈਂ ਸਤਿਗੁਰੂ ਉਦੈ ਸਿੰਘ ਜੀ ਨੂੰ ਅਰਜ਼ ਕੀਤੀ ਜੋ ਡਾਕਟਰਾਂ ਨੇ ਦੱਸਿਆ ਸੀ। ਕਿਰਪਾ ਨਿਧਾਨ ਸਤਿਗੁਰੂ ਜੀ ਨੇ ਬਚਨ ਕੀਤਾ ਜਿਦਾਂ ਡਾਕਟਰ ਦੱਸਦੇ ਹਨ ਕਰਵਾ ਲਵੋ। ਉਸ ਸਮੇਂ ਸੇਵਕ ਕਰਤਾਰ ਸਿੰਘ ਵੀ ਕੋਲ ਹੀ ਸੀ। ਉਸ ਨੇ ਕਿਹਾ ਟੈਸਟ ਕਰਵਾ ਕੇ ਅਪ੍ਰੇਸ਼ਨ ਕਰਵਾ ਲਵੋ। ਇਸ ਤਰ੍ਹਾਂ 27 ਜੁਲਾਈ ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿੱਚ ਮੇਰਾ ਅਪ੍ਰੇਸ਼ਨ ਹੋ ਗਿਆ ਅਤੇ ਹਫ਼ਤੇ ਬਾਅਦ ਮੇਰੀ ਛੁੱਟੀ ਹੋ ਗਈ। ਕਿਉਂਕਿ ਅਜੇ ਮੈਨੂੰ ਡਾਕਟਰਾਂ ਦੀ ਨਿਗਰਾਨੀ ਦੀ ਅਤੇ ਫਿਜ਼ਿਓਥੈਰੇਪਿਸਟ ਦੀ ਲੋੜ ਸੀ। ਹਸਪਤਾਲ ਤੋਂ ਛੁੱਟੀ ਤੋਂ ਬਾਅਦ ਸੇਵਕ ਕਰਤਾਰ ਸਿੰਘ ਦੀ ਮਦਦ ਨਾਲ ਮੈਨੂੰ ਸ੍ਰੀ ਭੈਣੀ ਸਾਹਿਬ ਬਿਰਧ ਆਰਸ਼ਰਮ ਵਿੱਚ ਕਮਰਾ ਮਿਲ ਗਿਆ।

ਮੈਂ ਬਿਰਧ ਆਸ਼ਰਮ ਵਿੱਚ ਲਗਭਗ ਪੰਜਾਹ ਕੁ ਦਿਨ ਰਿਹਾ। ਇਥੇ ਕਿਸੇ ਚੀਜ਼ ਦੀ ਕਮੀ ਨਹੀਂ ਸੀ। ਨਾ ਸਹਿਯੋਗ ਦੀ ਅਤੇ ਨਾ ਹੀ ਖਾਣ ਪੀਣ ਦੀ। ਪਰ ਇਹ ਮੈਨੂੰ ਪਰੇਸ਼ਾਨੀ ਜ਼ਰੂਰ ਸੀ, ਮੈਨੂੰ ਕਿਡਨੀ ਦੀ ਪਰੇਸ਼ਾਨੀ ਸੀ। ਇਸ ਕਰਕੇ ਕਿਡਨੀ ਦੇ ਮਰੀਜ਼ਾਂ ਨੂੰ ਜੋ ਖਾਣ ਪੀਣ ਨੂੰ ਚਾਹੀਦਾ ਹੁੰਦਾ ਹੈ, ਉਹ ਇੱਥੇ ਉਪਲਬਧ ਨਹੀਂ ਸੀ। ਮਿਸਾਲ ਦੇ ਤੌਰ ਤੇ ਇਥੇ ਵਧੀਆ ਦੁੱਧ ਮਿਲਦਾ ਸੀ, ਪਰ ਮੈਨੂੰ ਕਿਡਨੀ ਦੀ ਬਿਮਾਰੀ ਕਰਕੇ 'ਡਬਲ ਟੋਂਡ' ਦੁੱਧ ਹੀ ਚਾਹੀਦਾ ਹੁੰਦਾ ਸੀ। ਹੋਰ ਵੀ ਮੈਨੂੰ ਆਪਣੇ ਤੌਰ ਤੇ ਪਰੇਸ਼ਾਨੀਆਂ ਸਨ, ਪਰ ਬਿਰਧ ਆਸ਼ਰਮ ਦਾ ਮਾਹੌਲ ਬੜਾ ਚੰਗਾ ਸੀ, ਜਿਸ ਕਰਕੇ ਦਿਲ ਲੱਗਾ ਰਹਿੰਦਾ ਸੀ। ਇਥੇ ਬਿਰਧ ਆਸ਼ਰਮ ਵਿੱਚ ਆ ਕੇ 'ਲਿਖਾਰੀ ਵਾਲੀ' ਭਾਵਨਾ ਜਾਗੀ ਅਤੇ ਇਥੇ ਦੇ ਬਾਰੇ ਕੁੱਛ ਲਿਖਣ ਦੀ ਸੋਚੀ।

'ਬਿਰਧ ਆਸ਼ਰਮ' ਨਾਲ ਮੇਰਾ ਸੰਬੰਧ ਬਹੁਤ ਪੁਰਾਣਾ ਹੈ। ਜਦੋਂ ਮੈਂ ਇਥੇ 1982-83 ਦੇ ਨੇੜੇ ਆਉਂਦਾ ਹੁੰਦਾ ਸੀ, ਸਕੱਤਰ ਤਰਸੇਮ ਸਿੰਘ ਨੇ ਮੈਨੂੰ ਦੋ ਸ਼ਖ਼ਸੀਅਤਾਂ ਕੋਲੋਂ ਜਾਣਕਾਰੀ ਹਾਸਿਲ ਕਰਨ ਲਈ ਕਿਹਾ ਸੀ। ਇਕ ਸਨ ਮਿਸਤਰੀ ਅਰਜਨ ਸਿੰਘ, ਅੱਜਕੱਲ੍ਹ ਬਾਜ਼ਾਰ ਦੇ ਨੇੜੇ ਪੱਕੇ ਮਕਾਨ ਵਿੱਚ ਸੱਜੇ ਪਾਸੇ ਰਹਿੰਦੇ ਸਨ। ਉਨ੍ਹਾਂ ਪਾਸੋਂ ਕਈ ਗੱਲਾਂ ਮੈਂ ਪੁੱਛੀਆਂ। ਇਹ ਮਿਸਤਰੀ ਜੀ ਮਥਾੜੂ ਗੋਤ ਦੇ ਸਨ। ਦੂਸਰੇ ਬਖ਼ਸ਼ੀ ਹਰਦੇਵ ਸਿੰਘ ਜੋ ਸਤਿਗੁਰੂ

Namdhari Elibrary NamdhariElibrary@gmail.com

ਜਿਸ ਤਰ੍ਹਾਂ ਮਾਤਾ ਚੰਦ ਕੌਰ ਜੀ ਬਿਰਧ ਆਸ਼ਰਮ ਵਾਲਿਆਂ ਦਾ ਧਿਆਨ ਕਰਿਆ ਕਰਦੇ ਸਨ, ਹੁਣ ਬੀਬੀ ਜੀ ਹਾਜ਼ਰਾ ਹਜ਼ੂਰ (ਸਤਿਗੁਰੂ ਜੀ ਦੇ ਮਹਿਲ) ਵੀ ਉਸੇ ਲੀਹ ਉਤੇ ਚੱਲ ਰਹੇ ਹਨ। ਬਿਰਧ ਆਸ਼ਰਮ ਵਿੱਚ ਸਮਾਂ ਕੱਢ ਕੇ ਫੇਰੀ ਮਾਰ ਲੈਂਦੇ ਹਨ। ਜਾਣਕਾਰੀ ਲਈ ਮੇਰੇ ਜਾਣ ਤੋਂ ਕੁੱਛ ਦਿਨ ਪਹਿਲਾਂ ਹੀ ਬੀਬੀ ਜੀ ਨੇ ਸਾਰੇ ਬਿਰਧ ਆਸ਼ਰਮ ਵਾਲਿਆਂ ਲਈ 'ਪੰਜੀਰੀ' ਬਣਾ ਕੇ ਅਤੇ ਡੱਬਿਆਂ ਵਿੱਚ ਪਾ ਕੇ ਦਿੱਤੀ ਸੀ, ਆਉਂਦੀ ਸਰਦੀ ਦਾ ਧਿਆਨ ਕਰਦਿਆਂ।

ਪ੍ਰਤਾਪ ਸਿੰਘ ਜੀ ਤੋਂ ਡੇਢ ਸਾਲ ਵੱਡੇ ਸਨ ਅਤੇ ਸ੍ਰੀ ਭੈਣੀ ਸਾਹਿਬ ਦੇ ਹੀ ਨਿਵਾਸੀ ਸਨ। ਬਚਪਨ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਖੇਡਿਆ ਕਰਦੇ ਸਨ। ਬਖ਼ਸ਼ੀ ਹਰਦੇਵ ਸਿੰਘ ਬਿਰਧ ਆਸ਼ਰਮ ਵਿੱਚ ਰਹਿੰਦੇ ਸਨ ਜੋ ਉਸ ਸਮੇਂ ਲੰਗਰ ਵਾਲੇ ਪਾਸੇ ਹੁੰਦਾ ਸੀ। ਬਖ਼ਸ਼ੀ ਜੀ ਦੇ ਨੇਤਰ ਬੰਦ ਹੋ ਚੁੱਕੇ ਸਨ ਪਰ ਯਾਦਦਾਸ਼ਤ ਕਮਾਲ ਦੀ ਸੀ। ਦੁਨੀਆਂ ਦੀ ਜਾਣਕਾਰੀ ਰੱਖਣ ਲਈ ਸਿਰਹਾਣੇ ਵਾਲੇ ਪਾਸੇ ਇਕ ਟ੍ਰਾਂਜਿਸਟਰ ਪਿਆ ਹੁੰਦਾ ਸੀ। ਅਗਰ ਮੇਰੀ ਗੱਲ ਠੀਕ ਹੋਵੇ ਤਾਂ ਉਸ ਸਮੇਂ ਬਿਰਧਾਂ ਦੀ ਸੇਵਾ ਇਕ ਸਿੰਘ ਗੁਰਦੇਵ ਸਿੰਘ ਕਰਿਆ ਕਰਦਾ ਸੀ। ਉਸ ਸਮੇਂ ਤੋਂ ਬਿਰਧ ਆਸ਼ਰਮ ਨਾਲ ਮੇਰਾ ਨਾਤਾ ਜੁੜਿਆ ਸੀ। ਸਮਾਂ ਪਾ ਕੇ ਬਿਰਧ ਆਸ਼ਰਮ ਪਰੇ ਚਲਾ ਗਿਆ ਜਿਸ ਵਿੱਚ ਮੈਨੂੰ ਸੇਵਕ ਕਰਤਾਰ ਸਿੰਘ ਦੇ ਸਹਿਯੋਗ ਨਾਲ ਇਕ ਕਮਰਾ ਮਿਲ ਗਿਆ ਸੀ। ਉਸ ਸਮੇਂ ਮੈਂ ਬਹੁਤਾ ਤੁਰ-ਫਿਰ ਨਹੀਂ ਸਾਂ ਸਕਦਾ। ਇਸ ਕਰਕੇ ਜ਼ਿਆਦਾ ਜਾਣਕਾਰੀ ਮੈਂ ਇਕੱਤ੍ਰ ਨਾ ਕਰ ਸਕਿਆ। ਹੁਣ ਜਦੋਂ ਹੰਸਪਾਲ ਜੀ ਨੇ ਦੱਸਿਆ ਕਿ 'ਮਾਤਾ ਜੀ' ਉਤੇ ਲੇਖ ਤੁਸੀਂ ਦਿਓ, ਤਾਂ ਮੈਂ ਬਿਰਧ ਆਸ਼ਰਮ ਬਾਰੇ ਥੋੜ੍ਹਾ ਜਿਹਾ ਲਿਖਣ ਦੀ ਸੋਚੀ ਕਿ ਕਿਸ ਤਰ੍ਹਾਂ ਮਾਤਾ ਜੀ ਬਿਰਧ ਮਾਈਆਂ ਦਾ ਖ਼ਿਆਲ ਰੱਖਦੇ ਹੁੰਦੇ ਸਨ। ਇਸ ਲਈ 20-21 ਦਸੰਬਰ ਨੂੰ ਬਿਰਧ ਆਸ਼ਰਮ ਸ੍ਰੀ ਭੈਣੀ ਸਾਹਿਬ ਜਾ ਕੇ ਥੋੜ੍ਹੀ ਬਹੁਤ ਜੋ ਜਾਣਕਾਰੀ ਮਿਲੀ, ਇਸ ਲੇਖ ਰਾਹੀਂ ਦੱਸਣ ਦਾ ਜਤਨ ਕਰਦਾ ਹਾਂ।

ਮਾਤਾ ਚੰਦ ਕੌਰ ਜੀ ਨੂੰ ਸ਼ੁਰੂ ਤੋਂ ਹੀ ਉਸਾਰੀ ਦੇ ਕੰਮ ਕਰਵਾਉਣ ਦਾ ਸ਼ੌਕ ਰਿਹਾ ਸੀ। ਇਸ ਲਈ ਕੁੱਝ ਪਿੰਡਾਂ ਦੇ ਲੋਕਾਂ ਨੂੰ ਪ੍ਰੇਰ ਕੇ ਉਸਾਰੀ ਦੇ ਕੰਮ ਜਦੋਂ ਵੀ ਮੌਕਾ ਮਿਲਦਾ ਕਰਵਾਉਂਦੇ ਰਹੇ ਸਨ। ਇਨ੍ਹਾਂ ਕੰਮਾਂ ਵਿੱਚ ਉੱਦਮ ਕਰਵਾਉਣ ਵਾਲਿਆਂ ਵਿੱਚ ਚਿਣਾਈ ਦੇ ਕੰਮ ਵਿੱਚ ਅੱਗੇ ਵਧ ਕੇ ਕੰਮ ਕਰਨ ਵਾਲਿਆਂ ਵਿੱਚ (ਜਿੰਦਾਂ ਮੈਨੂੰ ਦੱਸਿਆ ਗਿਆ ਹੈ) ਸੈਦੋ ਦਾ ਜਥਾ ਸੀ ਜਿਨ੍ਹਾਂ ਵਿੱਚ ਮਿਸਤਰੀ ਸੁਰਿੰਦਰ ਸਿੰਘ, ਮੁਖ਼ਤਿਆਰ ਸਿੰਘ, ਕਰਤਾਰ ਸਿੰਘ ਦੂਲੇਵਾਲ ਆਦਿ ਸਨ ਜਿਨ੍ਹਾਂ ਨੇ ਮਸਤਾਨ ਗੜ੍ਹ ਕੋਠੀ, ਮਨਾਲੀ ਅਤੇ ਪੰਛੀ ਵਾਲੀ ਕੋਠੀ ਵਿੱਚ ਕੰਮ ਕੀਤਾ ਸੀ ਮਾਤਾ ਜੀ ਦੇ ਉੱਦਮ ਦੇਣ 'ਤੇ। ਇਨ੍ਹਾਂ ਦੇ ਨਾਲ ਹੀ ਦੂਸਰਾ ਜਥਾ ਸੀ ਨਗਰ ਵਾਲਿਆਂ ਦਾ ਸਰਦਾਰਾ ਸਿੰਘ ਆਦਿ ਦਾ। ਜੋ ਪਲੱਸਤਰ ਕਰਨ ਦਾ ਕੰਮ ਕਰਿਆ ਕਰਦਾ ਸੀ ਅਤੇ ਚਿਣਾਈ ਦਾ ਵੀ। ਹੋਰ ਵੀ ਕਈ ਸੇਵਕਾਂ ਕੋਲੋਂ ਕੰਮ ਮਾਤਾ ਚੰਦ ਕੌਰ ਜੀ ਕਰਵਾਇਆ ਕਰਦੇ ਸਨ। ਪਰ ਮੈਂ ਇਹ ਲੇਖ ਸ਼ੁਰੂ ਕੀਤਾ ਸੀ ਬਿਰਧ ਆਸ਼ਰਮ ਬਾਰੇ।

ਸਵਿਤ੍ਰੀ

ਜਦੋਂ ਮੈਂ ਬਿਰਧ ਆਸ਼ਰਮ ਵਿੱਚ ਸੀ, ਇਕ ਮਾਈ ਸਾਡੀ ਰਿਹਾਇਸ਼ ਦੇ ਨੇੜੇ ਹੀ ਰਹਿੰਦੀ ਸੀ। ਉਸ ਦਾ ਨਾਂ ਸੀ ਸਵਿਤ੍ਰੀ ਪਤਨੀ ਅਜੈਬ ਸਿੰਘ। ਉਸ ਦੇ 'ਸਤਿਜੁਗ' ਦੇ ਦਫ਼ਤਰ ਵਾਲੇ ਪਾਸੇ ਦੋ ਤਿੰਨ ਮਕਾਨ ਸਨ ਜੋ ਉਸ ਨੇ ਵੇਚ ਕੇ ਫੇਰ ਕੋਠੀ ਲੈ ਲਈ ਅਤੇ ਫੇਰ ਉਸ ਨੂੰ ਵੇਚ ਕੇ ਹੋਰ ਮਕਾਨ ਲੈ ਲਿਆ ਸੀ। ਉਸ ਦੀਆਂ ਦੋ ਲੜਕੀਆਂ ਸਨ। ਇਕ ਲੜਕੀ ਤਾਂ ਠੀਕ ਸੀ ਪਰ ਇਕ ਲੜਕੀ ਤੋਂ ਉਹ ਸਵਿਤ੍ਰੀ ਪਰੇਸ਼ਾਨ ਰਹਿੰਦੀ ਸੀ। ਇਹ ਗੱਲਾਂ ਨੇੜੇ ਦੀਆਂ ਮਾਈਆਂ ਨੇ ਮੈਨੂੰ ਦੱਸੀਆਂ ਸਨ। ਇਕ ਵਾਰੀ ਮਾਤਾ ਜੀ ਉਸ ਪਾਸ ਗਏ ਤਾਂ ਸਵਿਤ੍ਰੀ ਨੇ ਮਾਤਾ ਜੀ ਨੂੰ ਅਰਜ਼ ਕੀਤੀ, 'ਮਾਤਾ ਜੀ ਮੈਨੂੰ ਕੋਈ ਨਹੀਂ ਸਾਂਭਦਾ'। ਮਾਤਾ ਜੀ ਨੇ ਤੁਰੰਤ ਕਿਹਾ - ਚੱਲ ਮੈਂ ਸਾਂਭਦੀ ਹਾਂ। ਇਹ ਕਹਿ ਕੇ ਮਾਤਾ ਜੀ ਉਸ ਨੂੰ ਬਿਰਧ ਆਸ਼ਰਮ ਵਿੱਚ ਲੈ ਕੇ ਆਏ। ਸਵਿਤ੍ਰੀ ਮਾਤਾ ਚੰਦ ਕੌਰ ਜੀ ਦੀ ਬੜੀ ਸੋਭਾ ਕਰਿਆ ਕਰਦੀ ਸੀ। ਜਿੰਦਣ ਮੈਂ ਜਾਣਕਾਰੀਆਂ ਇਕੱਤ੍ਰ ਕਰਨ ਗਿਆ ਸਾਂ, ਉਸ ਤੋਂ ਤਿੰਨ ਕੁ ਦਿਨ ਪਹਿਲਾਂ ਸਵਿਤ੍ਰੀ ਚੜ੍ਹਾਈ ਕਰ ਗਈ ਸੀ।

ਬੀਬੀ ਦਰਸ਼ਨਾਂ

ਬੀਬੀ ਦਰਸ਼ਨਾਂ ਨੂੰ ਅਕਸਰ ਲੰਗਰ ਵਿੱਚ ਦੇਖਿਆ ਜਾਂਦਾ ਸੀ। ਇਹ ਬੀਬੀ ਮੰਡੀ ਤੋਂ ਸੀ ਅਤੇ

Namdhari Elibrary NamdhariElibrary@gmail.com

ਸਰਦਾਰ ਤੀਰਥ ਸਿੰਘ ਦੀ ਪਤਨੀ ਸੀ ਜੋ ਕਾਫੀ ਸਮਾਂ ਪਹਿਲੇ ਚੜ੍ਹਾਈ ਕਰ ਗਏ ਸਨ। ਇਸ ਮਾਈ ਨੂੰ ਵੀ ਮਾਤਾ ਜੀ ਬਿਰਧ ਆਸ਼ਰਮ ਵਿੱਚ 7 ਸਾਲ ਪਹਿਲਾਂ ਲੈ ਆਏ ਸਨ। ਇਨ੍ਹਾਂ ਤੋਂ ਇਲਾਵਾ ਬੀਬੀ ਰਾਣੀ ਵੀ ਬਿਰਧ ਆਸ਼ਰਮ ਵਿੱਚ ਹੈ ਜਿਸ ਦੀਆਂ ਲੱਤਾਂ ਕੰਮ ਨਹੀਂ ਕਰਦੀਆਂ। ਇਹ ਬੀਬੀ ਰਾਜੌਰੀ ਗਾਰਡਨ ਦਿੱਲੀ ਦੀ ਹੈ। ਇਕ ਬੀਬੀ ਸੁਰਜੀਤ ਕੌਰ ਹੈ ਜੋ ਬੋਲ ਨਹੀਂ ਸਕਦੀ। ਇਸ ਬੀਬੀ ਦਾ ਵਿਆਹ ਹੋਇਆ ਪਰ ਆਦਮੀ ਨੇ ਛੱਡ ਦਿੱਤਾ। ਮਾਤਾ ਜੀ ਇਸ ਨੂੰ ਵੀ ਬਿਰਧ ਆਸ਼ਰਮ ਵਿੱਚ ਲੈ ਆਏ। ਹੋਰ ਵੀ ਕਈ ਬੀਬੀਆਂ ਹਨ ਜਿਨ੍ਹਾਂ ਨੂੰ ਮਾਤਾ ਜੀ ਕਿਰਪਾ ਕਰਕੇ ਬਿਰਧ ਆਸ਼ਰਮ ਵਿੱਚ ਲੈ ਆਏ ਅਤੇ ਉਨ੍ਹਾਂ ਲਈ ਸੇਵਕ ਵੀ ਲਗਾ ਦਿੱਤੇ ਸਨ।

ਇਕ ਗੱਲ ਮੈਂ ਸ਼ਿਵ ਪੁਰੀ ਦੀ ਵੀ ਕਰ ਲਵਾਂ। ਸ਼ਾਇਦ 2010-11 ਦੇ ਹੋਲੇ ਦੀ ਗੱਲ ਹੋਵੇਗੀ। ਉਥੋਂ ਦੀ ਸੰਗਤ ਇਕੱਠੀ ਹੋ ਕੇ ਹੋਲੇ ਤੇ ਆ ਰਹੀ ਸੀ। ਆਗਰੇ ਦੇ ਨੇੜੇ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ। ਕਈ ਸਰੀਰ ਚੜ੍ਹਾਈ ਕਰ ਗਏ ਅਤੇ ਕਈਆਂ ਨੂੰ ਬਹੁਤ ਸੱਟਾਂ ਲੱਗੀਆਂ। ਹੋਲੇ ਤੋਂ ਬਾਅਦ ਮਾਤਾ ਜੀ ਸਭ ਦੀ ਖ਼ਬਰ ਲੈਣ ਉਸ ਇਲਾਕੇ ਵਿੱਚ ਗਏ। ਸਭ ਦੀ ਖ਼ਬਰ ਲਈ ਅਤੇ ਜੋ ਸਰੀਰ ਚੜ੍ਹਾਈ ਕਰ ਗਏ ਸਨ ਉਹਨਾਂ ਦੇ ਭੋਗ ਪਵਾਏ ਅਤੇ ਕਈ ਗਰੀਬਾਂ ਦੀ ਆਰਥਿਕ ਮਦਦ ਵੀ ਕੀਤੀ। ਇਕ ਗਰੀਬ ਨੌਜਵਾਨ ਵਿਆਹੀ ਲੜਕੀ ਦੀ ਪਿੱਠ ਉਤੇ ਵੱਡੀ ਸੱਟ ਲੱਗੀ ਜੋ ਬਹੁਤ ਪਰੇਸ਼ਾਨੀ ਵਿੱਚ ਸੀ ਅਤੇ ਗਰੀਬ ਹੋਣ ਕਰਕੇ ਇਲਾਜ ਨਹੀਂ ਸੀ ਕਰਵਾ ਸਕਦੀ। ਮਾਤਾ ਜੀ ਕਿਰਪਾ ਕਰਕੇ ਗੱਡੀ ਕਰਕੇ ਸ੍ਰੀ ਭੈਣੀ ਸਾਹਿਬ ਲੈ ਆਏ ਅਤੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦਿਖਾਇਆ। ਡਾਕਟਰਾਂ ਦੇਖ ਕੇ ਕਿਹਾ ਕਿ ਇਸ ਦਾ ਅਪਰੇਸ਼ਨ ਹੋਣਾ ਹੈ ਪਰ ਇਸ ਦੇ ਪੇਟ ਵਿੱਚ 2-3 ਮਹੀਨੇ ਦਾ ਬੱਚਾ ਹੈ। ਅਪ੍ਰੇਸ਼ਨ ਹੋਣਾ ਔਖਾ ਹੈ। ਪੇਟ ਵਿੱਚ ਬੱਚੇ ਬਾਰੇ ਲੜਕੀ ਨੂੰ ਵੀ ਅਜੇ ਪਤਾ ਨਹੀਂ ਸੀ ਅਤੇ ਡਾਕਟਰਾਂ ਨੇ ਜਵਾਬ ਦੇ ਦਿੱਤਾ। ਮਾਤਾ ਜੀ ਨੇ ਸਤਿਗੁਰੂ ਜੀ ਨੂੰ ਅਰਜ ਕੀਤੀ। ਬੜੇ ਧਿਆਨ ਨਾਲ ਅਪ੍ਰੇਸ਼ਨ ਕੀਤਾ ਜੋ ਸਫਲ ਰਿਹਾ। ਸਮਾਂ ਪਾ ਕੇ ਉਸ ਬੀਬੀ ਦੇ ਲੜਕੀ ਹੋਈ। ਉਹ ਬੀਬੀ ਮਾਤਾ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਣਗਾਨ ਕਰਦੀ ਨਹੀਂ ਥੱਕਦੀ ਸੀ। ਥੋੜ੍ਹਾ ਸਮਾਂ ਪਾ ਕੇ ਬੀਬੀ ਆਪਣੇ ਪਿੰਡ ਮੱਧ ਪ੍ਰਦੇਸ਼ ਵਿੱਚ ਚਲੀ ਗਈ।

ਮਾਤਾ ਜੀ ਨੇ ਬੀਬੀਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਠ ਕਰਨ ਲਈ ਵੀ ਲਗਾਇਆ। ਇਸ ਕੰਮ ਵਿੱਚ ਸੰਤ ਦਰਸ਼ਨ ਸਿੰਘ ਅਤੇ ਸੰਤ ਬਲਕਾਰ ਸਿੰਘ ਦੀ ਮਦਦ ਲਈ ਗਈ। ਹੁਣ ਉਹ ਬੀਬੀਆਂ ਆਪ ਸਤਿਗੁਰੂ ਜੀ ਦੇ ਦਰਸ਼ਨਾਂ ਨਮਿਤ ਪਾਠ ਕਰਦੀਆਂ ਹਨ। 60-70 ਬੀਬੀਆਂ ਪਾਠ ਕਰਦੀਆਂ ਹਨ।

ਜਦੋਂ ਮੈਂ ਬਿਰਧ ਆਸ਼ਰਮ ਵਿੱਚ ਗਿਆ, ਸੇਵਕ ਗੁਲਾਬ ਸਿੰਘ, ਜਿਸ ਨੂੰ ਆਮ ਕਰਕੇ ਗੁਲਾਬਾ ਕਹਿੰਦੇ ਹਨ। ਉਸ ਦੀ ਪਤਨੀ ਭੋਲੀ ਦੇ ਸਤਾਰਾਂ ਕੁ ਸਾਲ ਪਹਿਲਾਂ ਗੁਰਦੇ ਖਰਾਬ ਹੋ ਗਏ ਸਨ। ਦਯਾ ਨੰਦ ਹਸਪਤਾਲ ਵਾਲੇ ਡਾਕਟਰਾਂ ਨੇ ਜਵਾਬ ਦੇ ਦਿੱਤਾ। ਮਾਤਾ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਅਰਜ ਕੀਤੀ। ਸਤਿਗੁਰੂ ਜੀ ਬਚਨ ਕੀਤਾ, "ਮੈਂ ਤਾਂ ਜਵਾਬ ਨਹੀਂ ਦਿੱਤਾ।" ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬੀਬੀ ਭੋਲੀ ਦੇ ਮੱਥੇ ਉਤੇ ਆਪਣੇ ਚਰਨਾਂ ਦਾ ਅੰਗੂਠਾ ਲਗਾਇਆ ਅਤੇ ਬਚਨ ਕੀਤਾ ਸਤਿਗੁਰੂ ਭਲੀ ਕਰਨਗੇ। ਬੀਬੀ ਦੀ ਤਬੀਅਤ ਹੌਲੀ-ਹੌਲੀ ਠੀਕ ਹੋ ਗਈ ਅਤੇ ਉਹ ਬਿਰਧ ਆਸ਼ਰਮ ਸੇਵਾ ਵੀ ਕਰਦੀ ਰਹੀ। ਹੁਣ ਗੁਲਾਬਾ ਸੇਵਾ ਕਰਦਾ ਹੈ।

ਮੈਂ ਜਿਸ ਕਮਰੇ ਵਿੱਚ ਰਹਿ ਰਿਹਾ ਸਾਂ ਉਹ ਬਿਰਧਾਂ ਦਾ ਬਲਾਕ ਨਵਾਂ ਹੀ ਬਣਿਆ ਸੀ। ਪਹਿਲੀ ਮੰਜ਼ਿਲ ਉਤੇ ਅਜੇ ਦਰਵਾਜੇ ਖਿੜਕੀਆਂ ਲੱਗ ਰਹੇ ਸਨ। ਪਤਾ ਕਰਨ ਉਤੇ ਮਾਤਾ ਜੀ ਦੇ ਸੇਵਕ ਲਾਡੀ ਨੇ ਜੋ ਜਾਣਕਾਰੀ ਦਿੱਤੀ, ਉਹ ਇਸ ਤਰ੍ਹਾਂ ਹੈ। ਰਾਜਪੁਰੇ ਦੇ ਨੇੜੇ ਚਰਨਜੀਤ ਸਿੰਘ ਪੈਟਰੋਲ ਪੰਪ ਵਾਲੇ ਹਨ। ਉਸ ਪੈਟਰੋਲ ਪੰਪ ਦੀ ਬਹੁਤ ਵਧੀਆ ਸ਼ੋਅ ਹੈ ਅਤੇ ਆਪ ਵੀ ਬਹੁਤ ਵਧੀਆ ਹਨ। ਚੰਗੇ ਪਾਸੇ ਮਾਇਆ ਲਗਾਉਂਦੇ ਹੀ ਰਹਿੰਦੇ ਹਨ। ਕਈ ਥਾਈਂ ਲੰਗਰ ਵੀ ਲਗਾਉਂਦੇ ਹਨ। ਇਕ ਵਾਰੀ ਮਾਤਾ ਜੀ ਨੇ ਚਰਨਜੀਤ ਸਿੰਘ ਨੂੰ ਪ੍ਰੇਰਿਆ ਕਿ ਬਿਰਧ ਆਸ਼ਰਮ ਵਿੱਚ ਕੁਝ ਕਮਰੇ ਪਵਾ ਦਿਓ ਤਾਂ ਚਰਨਜੀਤ ਸਿੰਘ ਹੋਰਾਂ ਕਿਹਾ ਕਿ ਅੱਜਕੱਲ੍ਹ ਹੱਥ ਤੰਗ ਚੱਲ ਰਿਹਾ ਹੈ, ਕਮਰੇ ਮੈਂ ਪਵਾ ਦਿਆਂਗਾ। ਮਾਤਾ ਜੀ ਨੇ ਫੇਰ ਪ੍ਰੇਰਿਆ ਕਿ ਖਰਚੇ ਤਾਂ ਚੱਲਦੇ ਹੀ ਰਹਿੰਦੇ ਹਨ, ਸਤਿਗੁਰੂ ਜੀ ਕਿਰਪਾ ਕਰਨਗੇ, ਕੰਮ ਕਰਵਾਉਣ ਦਾ ਮਨ ਬਣਾਓ। ਮੈਨੂੰ ਦੱਸਿਆ ਗਿਆ ਕਿ ਚਰਨਜੀਤ ਸਿੰਘ ਨੇ ਪਹਿਲਾਂ ਬਿਰਧ ਆਸ਼ਰਮ ਵਿੱਚ ਅੱਠ ਕਮਰੇ ਬਣਾਉਣ ਦਾ ਮਨ ਬਣਾ ਲਿਆ ਸੀ। ਫੇਰ ਉਨ੍ਹਾਂ ਦਾ ਮਨ ਐਸਾ ਬਣਿਆ ਕਿ ਉਨ੍ਹਾਂ ਅੱਠ ਕੰਮਰਿਆਂ ਦੇ ਉਪਰ ਅੱਠ

Namdhari Elibrary NamdhariElibrary@gmail.com

ਕਮਰੇ ਹੋਰ ਬਣਵਾ ਦਿੱਤੇ, ਯਾਨੀ ਕਿ ਸੋਲ੍ਹਾਂ ਕਮਰੇ ਬਿਰਧ ਆਸ਼ਰਮ ਵਿੱਚ ਬਣਾ ਦਿੱਤੇ। ਇਹ ਕੋਈ ਮਾਮੂਲੀ ਗੱਲ ਨਹੀਂ ਹੈ। ਸਤਿਗੁਰੂ ਜੀ ਕਿਰਪਾ ਕਰਨ ਚਰਨਜੀਤ ਸਿੰਘ ਨੂੰ ਹੋਰ ਖ਼ੁਸ਼ੀਆਂ ਬਖਸ਼ਣ ਅਤੇ ਐਸਾ ਮਨ ਹੋਰਨਾਂ ਦਾ ਵੀ ਬਣਾਉਣ। ਅੱਜ ਮਾਤਾ ਚੰਦ ਕੌਰ ਜੀ ਜਿਥੇ ਵੀ ਹਨ, ਉਨ੍ਹਾਂ ਦਾ ਆਸ਼ੀਰਵਾਦ ਸੰਤ ਚਰਨਜੀਤ ਸਿੰਘ ਦੇ ਸਿਰ ਉਤੇ ਹੈ।

ਮੈਂ ਗੱਲ ਬਿਰਧ ਆਸ਼ਰਮ ਦੀ ਸ਼ੁਰੂ ਕੀਤੀ ਸੀ। ਜਿੰਨੀਆਂ ਕੁ ਮਾਈਆਂ ਦੀ ਗੱਲ ਕੀਤੀ ਹੈ ਬਿਰਧ ਆਸ਼ਰਮ ਵਾਲੀਆਂ ਦੀ, ਹੋਰ ਵੀ ਹਨ ਮਾਈਆਂ ਜਿਨ੍ਹਾਂ ਬਾਰੇ ਮੈਂ ਜਾਣਕਾਰੀ ਹਾਸਲ ਨਹੀਂ ਕਰ ਸਕਿਆ। ਮਾਤਾ ਜੀ ਸਮਾਂ ਕੱਢਕੇ ਬਿਰਧ ਆਸ਼ਰਮ ਦੀਆਂ ਮਾਈਆਂ ਅਤੇ ਹੋਰ ਰਹਿਣ ਵਾਲਿਆਂ ਦਾ ਹਾਲ-ਚਾਲ ਲਗਾਤਾਰ ਪੁੱਛਣ ਲਈ ਆਸ਼ਰਮ ਵਿੱਚ ਆਉਂਦੇ ਰਹੇ ਸਨ ਅਤੇ ਲੋੜੀਂਦੀ ਮਦਦ ਕਰਦੇ ਸਨ। ਅੱਜ ਮਾਤਾ ਜੀ ਦੀ ਘਾਟ ਨੂੰ ਸਾਰੇ ਮਹਿਸੂਸ ਕਰਦੇ ਹਨ। ਸਤਿਗੁਰੂ ਜੀ ਕਿਰਪਾ ਕਰਨ ਮਾਤਾ ਜੀ ਦੀ ਯਾਦ ਬਿਰਧ ਆਸ਼ਰਮ ਵਾਲਿਆਂ ਦੇ ਮਨ ਵਿੱਚ ਸਦਾ ਬਣੀ ਰਹੇ।

ਇਕ ਗੱਲ ਹੋਰ - ਜਿਸ ਤਰ੍ਹਾਂ ਮਾਤਾ ਚੰਦ ਕੌਰ ਜੀ ਬਿਰਧ ਆਸ਼ਰਮ ਵਾਲਿਆਂ ਦਾ ਧਿਆਨ ਕਰਿਆ ਕਰਦੇ ਸਨ, ਹੁਣ ਬੀਬੀ ਗੁਰਸ਼ਰਨ ਕੌਰ ਜੀ (ਹਾਜ਼ਰਾ ਹਜ਼ੂਰ ਸਤਿਗੁਰੂ ਜੀ ਦੇ ਮਹਿਲ) ਵੀ ਉਸੇ ਲੀਹ ਉਤੇ ਚੱਲ ਰਹੇ ਹਨ। ਬਿਰਧ ਆਸ਼ਰਮ ਵਿੱਚ ਸਮਾਂ ਕੱਢ ਕੇ ਫੇਰੀ ਮਾਰ ਲੈਂਦੇ ਹਨ। ਜਾਣਕਾਰੀ ਲਈ ਮੇਰੇ ਜਾਣ ਤੋਂ ਕੁੱਛ ਦਿਨ ਪਹਿਲਾਂ ਹੀ ਬੀਬੀ ਜੀ ਨੇ ਸਾਰੇ ਬਿਰਧ ਆਸ਼ਰਮ ਵਾਲਿਆਂ ਲਈ 'ਪੰਜੀਰੀ' ਬਣਾ ਕੇ ਅਤੇ ਡੱਬਿਆਂ ਵਿੱਚ ਪਾ ਕੇ ਦਿੱਤੀ ਸੀ, ਆਉਂਦੀ ਸਰਦੀ ਦਾ ਧਿਆਨ ਕਰਦਿਆਂ।

ਮਾਤਾ ਚੰਦ ਕੌਰ ਜੀ ਸ੍ਰੀ ਭੈਣੀ ਸਾਹਿਬ ਲਗਾਤਾਰ ਉਸਾਰੀ ਕਰਵਾਉਂਦੇ ਹੀ ਰਹਿੰਦੇ ਸਨ। ਕਿਸੇ ਨੂੰ ਪ੍ਰੇਰਕੇ ਇੱਟਾ ਸੁਟਵਾ ਲੈਣੀਆਂ, ਕਿਸੇ ਨੂੰ ਕਹਿਣਾ ਸੀਮੈਂਟ ਦੀਆਂ ਬੋਰੀਆਂ ਸੁੱਟਵਾ ਦੇਵੋ, ਕਿਸੇ ਨੂੰ ਸੇਵਾ ਤੇ ਲਗਵਾ ਲੈਣਾ, ਹਾਲ ਦੀ ਉਸਾਰੀ ਦਾ ਕੰਮ ਕਰਵਾਉਂਦੇ ਹੀ ਰਹਿਣਾ। ਇਨ੍ਹਾਂ ਕੰਮਾਂ ਚੋਂ ਬਿਰਧ ਆਸ਼ਰਮ ਵੀ ਹੈ ਜਿਸ ਬਾਰੇ ਇਹ ਛੋਟਾ ਜਿਹਾ ਲੇਖ ਮਾਤਾ ਚੰਦ ਕੌਰ ਜੀ ਦੇ ਉਦਮਾਂ ਬਾਰੇ ਲਿਖਿਆ ਹੈ।

ਧੰਨ ਮਾਤਾ ਚੰਦ ਕੌਰ ਜੀ।

■

ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ

✍ ਡਾ. ਦਰਸ਼ਨ ਸਿੰਘ ਮੌਜੂਖੇੜਾ

ਮਾਤਾ ਚੰਦ ਕੌਰ ਜੀ ਹਰਮਨ ਪਿਆਰੇ
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।
ਸੇਵਾ ਸਿਮਰਨ ਤਿਆਗ ਦੀ ਮੂਰਤ।
ਮਿੱਠ ਬੋਲੜੀ ਧੀਰਜ ਪਿਆਰ ਦੀ ਮੂਰਤ।

ਪ੍ਰੇਮਾਂ ਭਗਤੀ ਪਾਏ ਪਰਮੇਸ਼ਰ ਪਿਆਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਸੇਵਾ ਸਮਾਨ ਤੇਰੇ ਤੁੱਲ ਨਾ ਕੋਈ
ਸੱਚ ਸੁੱਚ ਸ਼ਾਂਤੀ ਦਾ ਮੁੱਲ ਨਾ ਕੋਈ
ਬੱਚੇ ਬਾਲੇ ਬੁੱਢੜੇ ਤੇਰੇ ਸਹਾਰੇ।
ਮਾਤਾ ਚੰਦ ਕੌਰ ਜੀ ਹਰਮਨ ਪਿਆਰੇ।

ਨੰਗੇ ਨੂੰ ਕੱਪੜਾ ਭੁੱਖੇ ਨੂੰ ਰੋਟੀ
ਗਰੀਬ ਦੀ ਸਹਾਇਤਾ ਸਦਾ ਕੀਤੀ
ਭਰ ਝੋਲ ਤੁਰਿਆ ਜੋ ਆਇਆ ਦੁਆਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਭੈਣੀ ਸਾਹਿਬ ਕੋਠੀਆਂ ਮੰਦਰ ਬਣਾਇਕੇ
ਇੱਟਾਂ ਗਾਰਾ ਸੀਮਿੰਟ ਸਿਰ ਤੇ ਢਾਇਕੇ
ਅੱਕਣਾ ਨਾ ਥੱਕਣਾ ਸਾਡੀ ਮਾਂ ਮੁਟਿਆਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਮਸਤਾਨਗੜ੍ਹ ਸਾਰਾ ਨਵਾਂ ਉਸਾਰਿਆ
ਹੱਥੀਂ ਵਾਢੀ ਫ਼ਸਲਾਂ ਆਪ ਸੰਭਾਰਿਆ
ਦਿਨ ਰਾਤ ਕਰ ਸੇਵਾ ਕਦੇ ਨਾ ਹਾਰੇ
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਜੀਵਨ ਨਗਰ ਸੜਕ ਜੋ ਕਰੀਵਾਲੇ ਜਾਂਵਦੀ
ਮਾਤਾ ਜੀ ਸਿਰ ਟੋਕਰੀ ਚੁਕ ਸੇਵਾ ਆਪ ਕਰਵਾਈ
ਗੁਰ ਜਗਜੀਤ ਹੋ ਟਰੈਕਟਰ ਸਵਾਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਹੱਥੀਂ ਜਾਇਕੇ ਲੰਗਰ ਆਪ ਪਕਾਵਣਾਂ
ਦੁੱਧ ਫਲ ਮਠਿਆਈ ਸੰਗਤ ਰਜ਼ਾਵਣਾਂ
ਪਦਾਰਥ ਸਾਰੇ ਜੱਗ ਦੇ ਸਿੱਖਾਂ ਤੋਂ ਵਾਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਅਜੇ ਨਾ ਭੁੱਲਿਆ ਵਿਛੋੜਾ ਜਗਜੀਤ ਦਾ
ਬੱਚੇ ਬਾਲੇ ਬੁੱਢੜੇ ਸਭਨਾ ਦੇ ਮੀਤ ਦਾ
ਹੇ ਜਗਤ ਮਾਤਾ ਤੂੰ ਵੀ ਕਰ ਲਏ ਕਿਨਾਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਜੋ ਦਰ ਆਇਆ ਸਨਮਾਨ ਹੀ ਕੀਤਾ
ਹਰ ਮੰਗ ਪੂਰੀ ਕਰ ਦਾਨ ਹੀ ਕੀਤਾ
ਦੁਸ਼ਟ ਜਿਸ ਮੌਤ ਮੰਗੀ ਨਾ ਕੀਤੇ ਇਨਕਾਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।

ਸੁਣ ਇਹ ਹਾਦਸਾ ਸਾਰਾ ਜਗ ਰੋਇਆ।
ਸ੍ਰੀ ਭੈਣੀ ਸਾਹਿਬ ਦਾ ਕਣ ਕਣ ਰੋਇਆ
"ਦਰਸ਼ਨ" ਨਹੀਂ ਮਿਲਨੇ ਐਸੇ ਚਾਂਦ ਸਿਤਾਰੇ।
ਕਾਹਨੂੰ ਤੁਸੀਂ ਦੇ ਗਏ ਵਿਛੋੜੇ ਭਾਰੇ।
ਮਾਤਾ ਚੰਦ ਕੌਰ ਜੀ ਹਰਮਨ ਪਿਆਰੇ।

Namdhari Elibrary NamdhariElibrary@gmail.com

ਮੇਰਾ ਮਨੋਰਥ ਸਦਾ ਸਤਿਗੁਰੂ ਜੀ ਦੀਆਂ ਖੁਸ਼ੀਆਂ-ਮਾਤਾ ਚੰਦ ਕੌਰ ਜੀ

✍ ਸੰਤ ਜਗਤਾਰ ਸਿੰਘ

ਮਾਤਾ ਚੰਦ ਕੌਰ ਜੀ ਵਲੋਂ ਮਿਲੇ ਨਿੱਘ, ਪਿਆਰ, ਅਪਣਤ ਅਤੇ ਕੰਮ ਕਰਨ ਵਿਚ ਦਿਤੇ ਇਸ਼ਾਰਿਆਂ ਨਾਲ ਮੈਂ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਦਾ ਹਾਂ। ਉਹ ਆਪਣੀਆਂ ਸਰੀਰਕ ਤਕਲੀਫਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਦਾ ਸੇਵਾ ਵਿਚ ਲਗੇ ਰਹਿਣ ਵਿਚ ਅਨੰਦ ਲੈਂਦੇ ਸਨ।

ਮਾਤਾ ਜੀ ਦੀ ਸਾਰੀ ਜ਼ਿੰਦਗੀ ਦਾ ਮਨੋਰਥ ਹੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਰਿਹਾ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਵੀ ਮਾਤਾ ਜੀ ਦਾ ਬਹੁਤ ਬਰੀਕੀ ਨਾਲ ਧਿਆਨ ਰਖਦੇ ਸਨ - ਬਹੁਤ ਨੇੜੇ ਵਾਲਿਆਂ ਨੂੰ ਵੀ ਇਸ ਗੱਲ ਦਾ ਅਹਿਸਾਸ ਨਹੀਂ ਸਨ ਹੋਣ ਦਿੰਦੇ। ਉਹਨਾਂ ਦੇ ਭਾਣੇ ਤਾਂ ਸਤਿਗੁਰੂ ਜੀ, ਮਾਤਾ ਜੀ ਨਾਲ ਨਾਰਾਜ਼ ਹੀ ਨਜ਼ਰ ਆਉਂਦੇ ਸਨ।

ਜਿਹੜੀ ਵੀ ਸੇਵਾ ਮਾਤਾ ਜੀ ਕਰਦੇ ਸੀ, ਪ੍ਰਵਾਨਗੀ ਤੋਂ ਬਗੈਰ ਨਹੀਂ ਸਨ ਕਰਦੇ। ਕਈ ਵਾਰੀ ਇਉਂ ਜਾਪਦਾ ਸੀ, ਮਾਤਾ ਜੀ ਮਨ ਮਰਜ਼ੀ ਕਰਦੇ ਸਨ। ਸਮਝ ਉਦੋਂ ਆਉਂਦੀ ਸੀ, ਕਿ ਮਾਤਾ ਜੀ ਨੇ ਮਕਾਨ ਜਾਂ ਕੁਝ ਢਾਂਚੇ ਬਣਾਉਣੇ ਸਤਿਗੁਰੂ ਗਰੀਬ ਨਿਵਾਜ ਜੀ ਨੇ ਜਦੋਂ ਕਈ ਚਿਰ ਬਾਅਦ ਦੌਰੇ ਤੋਂ ·ਆਉਣਾ ਤੇ ਹੁਕਮ ਕਰ ਦੇਣਾ, ਇਹ ਠੀਕ ਨਹੀਂ ਹਨ, ਇਹਨਾਂ ਨੂੰ ਢਵਾ ਦਿਉ ਤਾਂ ਮਾਤਾ ਜੀ ਨੇ ਬਗੈਰ ਕਿਸੇ ਕਿੰਤੂ ਪਰੰਤੂ ਦੇ ਢਵਾ ਦੇਣੇ। ਇਹ ਬਹੁਤ ਕਠਿਨ ਕੰਮ ਹੈ। ਪਰ ਮਾਤਾ ਜੀ ਨੇ ਢਵਾ ਦੇਣੇ ਹੁਕਮ ਅਨੁਸਾਰ। ਫਿਰ ਖੁਸ਼ੀਆਂ ਹੀ ਖੁਸ਼ੀਆਂ।

ਮਾਤਾ ਚੰਦ ਕੌਰ ਜੀ ਵਲੋਂ ਮਿਲੇ ਨਿੱਘ, ਪਿਆਰ, ਅਪਣਤ ਅਤੇ ਕੰਮ ਕਰਨ ਵਿਚ ਦਿਤੇ ਇਸ਼ਾਰਿਆਂ ਨਾਲ ਮੈਂ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਦਾ ਹਾਂ। ਉਹ ਆਪਣੀਆਂ ਸਰੀਰਕ ਤਕਲੀਫਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਦਾ ਸੇਵਾ ਵਿਚ ਲਗੇ ਰਹਿਣ ਵਿਚ ਅਨੰਦ ਲੈਂਦੇ ਸਨ। ਇਕ ਸਮੇਂ ਸੇਵਾ ਕਰਦਿਆਂ ਮਾਤਾ ਜੀ ਦੇ ਲੱਕ ਨੂੰ ਸੱਟ ਲੱਗ ਗਈ ਸੀ। ਡਾਕਟਰਾਂ ਅਨੁਸਾਰ Complete Bed Rest ਜ਼ਰੂਰੀ ਸੀ ਅਤੇ Allopathic ਦਵਾਈ ਖਾਣੀ ਵੀ ਅਤੀ ਜ਼ਰੂਰੀ ਸੀ। ਦੋਨੋਂ ਕੰਮਾਂ ਤੋਂ ਮਾਤਾ ਜੀ ਇਨਕਾਰੀ ਸਨ- ਸੇਵਾ ਤੇ ਜਾਣੋਂ ਹਟਦੇ ਨਹੀਂ ਸਨ ਅਤੇ ਅੰਗਰੇਜ਼ੀ ਦਵਾਈ ਦੇ ਕੱਟੜ ਵਿਰੋਧੀ ਸਨ। ਲੱਕ ਨੂੰ ਆਰਾਮ ਨਹੀਂ ਸੀ ਆ ਰਿਹਾ। ਡਾਕਟਰਾਂ ਦੀ ਚੇਤਾਵਨੀ ਸੀ ਕਿ ਜੇ ਕਰ Bed Rest ਨਾ ਕੀਤੀ ਤੇ ਐਸਾ ਨਾ

Namdhari Elibrary NamdhariElibrary@gmail.com

ਹੋਵੇ ਕਿ ਮਾਤਾ ਜੀ ਨੂੰ ਸਦਾ ਵਾਸਤੇ ਮੰਜੇ ਤੇ ਹੀ ਪੈਣਾ ਪੈ ਜਾਵੇ। ਸੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੀ ਡਿਊਟੀ ਲਗਾਈ ਕਿ ਤੂੰ ਸਾਰਾ ਸਮਾਂ ਜਦੋਂ ਤੱਕ ਡਾਕਟਰ ਆਖਣ ਮਾਤਾ ਜੀ ਕੋਲ ਹੀ ਰਹਿਣਾ ਹੈ, ਅਤੇ ਦਵਾਈ ਵਾਸਤੇ ਸਮੇਂ ਸਿਰ ਪਾਤਸ਼ਾਹ ਜੀ ਆਪ ਦਰਸ਼ਨ ਦੇ ਕੇ ਆਪਣੇ ਸਾਹਮਣੇ ਦਵਾਈ ਦਾ ਸੇਵਨ ਕਰਵਾਉਂਦੇ ਰਹੇ। ਇਹ ਸਾਰੀ ਗੱਲ ਦੱਸਣ ਦਾ ਭਾਵ ਇਹ ਹੈ ਕਿ ਕੁਝ ਅੰਸਰ ਐਸੀ ਦੁਰਭਾਵਨਾ ਵੀ ਫੈਲਾਉਂਦੇ ਰਹੇ ਸਨ ਕਿ ਮਾਤਾ ਜੀ ਨਾਲ ਸਤਿਗੁਰੂ ਜੀ ਨਾਖੁਸ਼ ਰਹਿੰਦੇ ਸਨ ਕਿ ਉਹ ਹੁਕਮ ਨਹੀਂ ਮੰਨਦੇ। ਐਸਾ ਬਿਲਕੁਲ ਨਹੀਂ ਸੀ।

ਮਾਤਾ ਜੀ ਜਦੋਂ ਸਰੋਵਰ ਦੀ ਸੇਵਾ ਕਰਵਾ ਰਹੇ ਸਨ, ਕਿਸੇ ਸਾਧ ਨੇ ਅਰਜ਼ ਕਰਕੇ ਮਾਤਾ ਜੀ ਨੂੰ ਸਰੋਵਰ ਦੀ ਸੇਵਾ ਤੋਂ ਛੁੱਟੀ ਦਵਾ ਦਿੱਤੀ। ਮਾਤਾ ਜੀ ਸਤ ਬਚਨ ਕਰ ਹਟ ਗਏ। ਕੰਮ ਕਰੀਬ ਬੰਦ ਹੋ ਗਿਆ। ਸਰੋਵਰ ਦਾ ਡਿਜ਼ਾਈਨ ਇਸ ਤਰ੍ਹਾਂ ਦਾ ਸੀ 30/35 ਫੁੱਟ ਜ਼ਮੀਨ ਤੋਂ ਥੱਲੇ ਜਾ ਕੇ ਅੱਠ ਕੋਣਾ 5/6 ਫੁੱਟ ਮੋਟਾ ਕਰੀਬ 50' ਚੌੜਾਈ ਵਾਲਾ ਲੈਂਟਰ ਪੈਣਾ ਸੀ। ਔਖਾ ਤੇ ਭਾਰੀ ਕੰਮ ਸੀ। ਮੁੜ ਅਰਜ਼ਾਂ ਹੋਈਆਂ ਤੇ ਫਿਰ ਮਾਤਾ ਜੀ ਨੂੰ ਹੁਕਮ ਹੋਇਆ ਤੇ ਉਹਨਾਂ ਦੁਬਾਰਾ ਕੰਮ ਸ਼ੁਰੂ ਕੀਤਾ। ਬਗੈਰ ਕਿਸੇ ਉਜਰ ਦੇ ਅਤੇ ਨੇਪਰੇ ਚਾੜਿਆ, ਜਿਹੜਾ ਅਤਿ ਕਠਿਨ ਤੇ ਜਟਿਲ ਸੀ। ਇਕ ਸਮੇਂ ਧਰਤੀ ਤੋਂ ਰੇਤੇ ਦੀ ਭਰੀ ਟਰਾਲੀ 30 ਫੁੱਟ ਥੱਲੇ ਰਿੜ ਗਈ ਜਿੱਥੇ ਮਿਸਤਰੀਆਂ ਮਜ਼ਦੂਰਾਂ ਤੋਂ ਮਾਤਾ ਜੀ ਆਪ ਖਲੋ ਕੇ ਕੰਮ ਕਰਵਾ ਰਹੇ ਸਨ। ਇਹ ਵੀ ਕਰਿਸ਼ਮਾ ਹੀ ਸੀ ਸਾਰੇ ਬੱਚ ਗਏ ਅਤੇ ਮਾਤਾ ਜੀ ਆਪ ਦੌੜ ਕੇ ਬਮੁਸ਼ਕਿਲ ਬਚੇ।

ਸੇਵਾ ਵਿਚ ਰੁਝੇ ਮਾਤਾ ਜੀ ਨੂੰ ਅਚਾਨਕ ਹੁਕਮ ਹੋ ਜਾਣਾ ਵਿਦੇਸ਼ ਦੌਰੇ ਤੇ ਨਾਲ ਜਾਣ ਵਾਸਤੇ। ਅਰਜ਼ ਕਰਨੀ ਕਿ ਮੈਂ ਇਥੇ ਰਹਿ ਕੇ ਕੁਝ ਕੰਮ ਕਰਵਾ ਲਵਾਂਗੀ। ਹੁਕਮ ਹੋਣਾ ਨਹੀਂ, ਨਾਲ ਚਲਣਾ ਹੈ। ਸਾਰਾ ਕੰਮ ਛੱਡ ਕੇ ਇਕ ਛੋਟੇ ਜਿਹੇ ਬੈਗ ਵਿਚ ਥੋੜੇ ਬਸਤਰ ਪਾਉਣੇ ਤੇ ਹੁਕਮ ਅਨੁਸਾਰ ਤੁਰ ਪੈਣਾ। ਸਤਿਗੁਰੂ ਜੀ ਦੇ ਹੁਕਮ ਨੂੰ ਪਤੀ ਦਾ ਨਹੀਂ ਅਕਾਲ ਪੁਰਖ ਦਾ ਹੁਕਮ ਕਰ ਜਾਣਿਆ ਸਾਰੀ ਉਮਰ।

ਗਰੀਬ ਨਿਵਾਜ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਉਹਨਾਂ ਦੀ ਰਜ਼ਾ ਨੂੰ ਜਾਣ ਸਵਾ ਲੱਖ ਸ਼ੁਰੂ ਕੀਤੇ ਪਾਠਾਂ ਨੂੰ ਸੰਪੂਰਨ ਕਰਨ ਦੀਆਂ ਵੱਖ ਵੱਖ ਵਿਉਂਤਾਂ ਬਣਾ, ਸੈਂਚੀਆਂ ਬਣਵਾ ਪਾਠਾਂ ਦਾ ਪ੍ਰਵਾਹ

ਸੇਵਾ ਵਿਚ ਰੁਝੇ ਮਾਤਾ ਜੀ ਨੂੰ ਅਚਾਨਕ ਹੁਕਮ ਹੋ ਜਾਣਾ ਵਿਦੇਸ਼ ਦੌਰੇ ਤੇ ਨਾਲ ਜਾਣ ਵਾਸਤੇ। ਸਾਰਾ ਕੰਮ ਛੱਡ ਕੇ ਇਕ ਛੋਟੇ ਜਿਹੇ ਬੈਗ ਵਿਚ ਥੋੜੇ ਬਸਤਰ ਪਾਉਣੇ ਤੇ ਹੁਕਮ ਅਨੁਸਾਰ ਤੁਰ ਪੈਣਾ। ਸਤਿਗੁਰੂ ਜੀ ਦੇ ਹੁਕਮ ਨੂੰ ਪਤੀ ਦਾ ਨਹੀਂ ਅਕਾਲ ਪੁਰਖ ਦਾ ਹੁਕਮ ਕਰ ਜਾਣਿਆ ਸਾਰੀ ਉਮਰ।

ਚਲਾਈ ਰੱਖਿਆ। ਬੀਬੀਆਂ ਨੂੰ ਕੋਠੀ ਵਿਚ ਬੁਲਾ ਪਾਠ ਸਿਖਾਉਣ ਦਾ ਪ੍ਰਬੰਧ ਕਰ ਉਹਨਾਂ ਤੋਂ ਪਾਠ ਕਰਵਾਉਣੇ ਪਾਸ ਬੈਠ। ਰਾਤ ਨੂੰ ਪ੍ਰਸ਼ਾਦਾ ਪਾਣੀ ਛਕਾਣ ਤੋਂ ਬਾਅਦ ਘਰ ਜਾਣ ਦੀ ਛੁੱਟੀ ਦੇਣੀ। ਬੀਬੀਆਂ ਨੂੰ ਵਿਸ਼ੇਸ਼ ਉਤਸ਼ਾਹ ਦੇਣਾ ਪਾਠ ਕਰਨ ਦਾ।

ਸ੍ਰੀ ਸਤਿਗੁਰੂ ਜੀ ਤੋਂ ਬਾਅਦ ਲੋੜਵੰਦਾਂ ਦੀਆਂ ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਜ਼ੁੰਮੇਵਾਰੀ ਵੀ ਆਪਣੇ ਜ਼ੁੰਮੇ ਲੈ ਲਈ। ਸ਼ਾਇਦ ਹੀ ਕੋਈ ਲੋੜਵੰਦ ਖਾਲੀ ਜਾਂਦਾ ਹੋਵੇ। ਸਭ ਦੀ ਪੁਛਗਿਛ ਬਹੁਤ ਜ਼ਿਆਦਾ ਕਰਨੀ, ਮਾਤਾ ਜੀ ਦਾ ਸੁਭਾਵ ਹੀ ਬਣ ਗਿਆ ਹੋਇਆ ਸੀ।

ਏਸੇ ਤਰ੍ਹਾਂ ਮਰੀਜ਼ਾਂ ਦੇ ਇਲਾਜ ਬਾਰੇ, ਭਾਵੇਂ ਕੋਈ ਆ ਜਾਵੇ ਨਾਮਧਾਰੀ ਜਾਂ ਗੈਰ ਨਾਮਧਾਰੀ। ਗੈਰ ਤੇ ਕਿਸੇ ਨੂੰ ਸਮਝਣਾ ਹੀ ਨਹੀਂ। ਜੇ ਕਦੇ ਮੈਂ ਜਾਂ ਸਤਿਗੁਰੂ ਉਦੈ ਸਿੰਘ ਜੀ ਆਖਣਾ ਮਾਤਾ ਜੀ ਹਸਪਤਾਲ ਦਾ ਖਰਚਾ ਮਹੀਨੇ ਦਾ ਕਰੋੜਾਂ ਰੁਪਿਆਂ ਵਿਚ ਹੋ ਰਿਹਾ ਹੈ। ਆਖਣਾ, "ਕਾਕਾ ਇਹ ਤੁਸੀਂ ਆਪ ਹੀ ਵੇਖ ਲਵੋ, ਮੈਥੋਂ ਤੇ ਕਿਸੇ ਨੂੰ ਨਾਂ ਨਹੀਂ ਹੁੰਦੀ।"

ਮੇਰੇ ਘਰੋਂ ਬੀਬਾ ਸਾਹਿਬ ਕੌਰ ਬਾਰੇ ਇਕੋ ਗੱਲ ਆਖਦੇ ਸੀ, "ਮੈਂ ਇਹਨਾਂ ਨੂੰ ਕੁਝ ਨਹੀਂ ਆਖਣਾ, ਮੈਂ ਤਾਂ ਗੁੱਡੀ (ਬੀਬਾ ਜੀ) ਦੀ ਸੇਵਾ ਸਤਿਗੁਰੂ ਜੀ ਦੀ ਪੁੱਤਰੀ ਸਮਝ ਕੇ ਕਰ ਰਹੀ ਹਾਂ।" ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਤਾਂ ਹਰ ਸਿੱਖ ਆਖਦਾ ਹੀ ਹੈ ਕਿ ਸੱਚੇ ਪਾਤਸ਼ਾਹ ਮੇਰੇ ਨਾਲ ਬਹੁਤ ਪਿਆਰ ਕਰਦੇ ਸੀ। ਉਹਨਾਂ ਦੇ ਅਤਿ ਰੁਝੇਵਿਆਂ ਵਾਲੇ ਜੀਵਨ ਯਾਤਰਾ ਵਿਚ ਹਰ ਸਿੱਖ ਵਾਸਤੇ ਸਮਾਂ ਸੀ। ਬੀਬਾ ਜੀ ਵਾਸਤੇ ਵੀ ਉਹਨਾਂ ਨਾਲ ਲਾਡ ਕਰਨ ਵਾਸਤੇ ਸਮਾਂ ਉਚੇਚੇ ਕਢਦੇ ਸਨ। ■

Namdhari Elibrary NamdhariElibrary@gmail.com

ਮਾਤਾ ਜੀ ਨੇ ਆਪਣੀ ਜ਼ੁੰਮੇਵਾਰੀ ਬਾਖੂਬੀ ਪੂਰੀ ਤਰਾਂ ਨਿਭਾਈ

✍ ਸ. ਐਚ. ਐਸ. ਹੰਸਪਾਲ

ਪਰਮ ਪੂਜਯ ਸਾਦਗੀ ਦੀ ਸੀਤਲ ਸੁਭਾ ਵਾਲੀ ਇਸ ਪਵਿੱਤਰ ਆਤਮਾ ਨੇ ਕਿਸੇ ਦਾ ਕਦੀ ਮਾੜਾ ਕਰਨਾ ਤੇ ਕੀ ਸੀ ਕਦੀ ਸੋਚਿਆ ਵੀ ਨਹੀਂ ਹੋਣਾ। ਬਹੁਤ ਵੱਡੀ ਸ੍ਵੇਰ ਤੋਂ ਲੈ ਕੇ ਦੇਰ ਰਾਤ ਦਰਸ਼ਨਾਂ-ਭਿਲਾਸ਼ੀਆਂ ਦੀਆਂ ਉਹਨਾਂ ਆਲੇ ਦੁਆਲੇ ਤੁਰੀਆਂ ਰਹਿੰਦੀਆਂ ਕਤਾਰਾਂ ਅੱਜ ਵੀ ਅਖੋਂ ਉਹਲੇ ਨਹੀਂ ਹੁੰਦੀਆਂ। ਉਹਨਾਂ ਦੇ ਸੋਹਲ ਸਰੀਰ ਨੂੰ ਤਾਂ ਸੰਗਤਾਂ ਸਪਰਸ਼ ਕਰਨ ਨੂੰ ਤਰਸਦੀਆਂ ਹੁੰਦੀਆਂ ਸਨ, ਬੀਬੀਆਂ ਨੇ ਗੱਲ ਵਕੜੀਆਂ ਪਾ ਅਪਨੇ ਅਪਨੇ ਸਰੀਰਾਂ ਨੂੰ ਠੰਡ ਪਾਉਨੀ, ਭਾਈਆਂ ਨੇ ਮੱਥਾ ਟੇਕ ਚਰਨ ਸਪਰਸ਼ ਦੀ ਆਗਿਆ ਲੈ ਚਰਨਾਂ ਨੂੰ ਫੜੀ ਰੱਖਨ ਦਾ ਯਤਨ ਕਰ ਅਪਨੀ ਆਤਮਾ ਵਿੱਚ ਅਤਿ ਦੀ ਠੰਡ ਤੇ ਸ਼ਾਂਤੀ ਮਹਸੂਸ ਕਰਨੀ। ਪਤਾ ਨਹੀਂ ਕਿਤਨੀ ਕੁ ਕੀਮਤ ਲੈ ਉਸ ਨਿਰਦਈ ਹਤਿਆਰੇ ਨੇ ਸ੍ਰੀ ਮਾਤਾ ਜੀ ਦੇ ਸਰੀਰ ਵਿੱਚ ਦੋ ਗੋਲੀਆਂ ਠੋਕ ਦਿੱਤੀਆਂ। ਅੱਜ ਜ਼ਰੂਰ ਉਸ ਨੂੰ ਵੀ ਪਛਤਾਵਾ ਹੋ ਰਿਹਾ ਹੋਵੇਗਾ। ਪਰ ਕੀਹ ਲਾਭ। ਜਗਤ ਮਾਤਾ ਤੁਰਦੀ ਫਿਰਦੀ ਸਾਨੂੰ ਸਦਾ ਵਾਸਤੇ ਅਤਿ ਦਾ ਸੰਤਾਪ ਦੇ ਕੇ ਹਮੇਸ਼ਾ ਵਾਸਤੇ ਚਲੀ ਗਈ।

ਪਰੰਤੂ ਜਾਣ ਤੋਂ ਪਹਿਲਾਂ ਮਾਤਾ ਜੀ ਨੇ ਆਪਣੀ ਜ਼ੁੰਮੇਵਾਰੀ ਬਾਖੂਬੀ ਪੂਰੀ ਤਰ੍ਹਾਂ ਨਿਭਾਈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਨੁਸਾਰ ਨਾਮਧਾਰੀ ਪੰਥ ਦੀਆਂ ਸਾਰੀਆਂ ਜ਼ੁੰਮੇਵਾਰੀਆਂ ਸ੍ਰੀ ਉਦੈ ਸਿੰਘ ਹੁਰਾਂ ਨੂੰ ਪੰਥ ਦੇ ਸਤਿਗੁਰੂ ਦੇ ਰੂਪ ਵਿੱਚ ਸੌਂਪ ਦਿੱਤੀਆਂ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਕੁੱਝ ਸਮਾਂ ਪਹਿਲੋਂ ਇਹ ਵੀ ਹੁਕਮ ਕਰ ਦਿੱਤਾ ਸੀ ਕਿ ਨਿੱਕੇ ਕਾਕੇ ਨੂੰ ਠਾਕੁਰ ਸ਼ਬਦ ਨਾਲ ਸੰਬੋਧਨ ਨਹੀਂ ਕਰਨਾ, ਜਿਵੇਂ ਕਿ ਆਮ ਕਰ ਕੇ ਪਰਚਲਤ ਸੀ। ਕੋਲੋਂ ਸਿੱਖਾਂ ਸੇਵਕਾਂ ਪੁਛਿਆ ਕੇ ਠਾਕੁਰ ਨਹੀਂ ਕਹਿਣਾ ਤੇ ਕੀਹ ਆਖ ਕੇ ਇਹਨਾਂ ਨੂੰ ਸੰਬੋਧਨ ਕਰਿਆ ਕਰੀਏ ? ਹੁਕਮ ਹੋਇਆ ਇਹਨੂੰ ਬਹੁਤ ਵੱਡੀ ਵਸਤੂ ਪ੍ਰਾਪਤ ਹੋਣੀ ਹੈ, ਜੋ ਮਰਜ਼ੀ ਆਖੋ ਠਾਕੁਰ ਸ਼ਬਦ ਨਾਲ ਸੰਬੋਧਨ ਨਹੀਂ ਕਰਨਾ। ਉਸ ਤੋਂ ਬਾਅਦ ਆਪ ਜੀ ਨੂੰ ਸ੍ਰੀ ਉਦੈ ਸਿੰਘ ਕਰ ਪੁਕਾਰਦੇ ਰਹੇ। ਸਮਾਂ ਆਉਣ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਾਕਾਂ ਅਨੁਸਾਰ ਮਾਤਾ ਚੰਦ ਕੌਰ ਜੀ ਨੇ ਨਾਮਧਾਰੀ ਪੰਥ ਦੇ ਸਿਰਤਾਜ ਬਣਾ ਸਤਿਗੁਰੂ ਉਦੈ ਸਿੰਘ ਜੀ ਨੂੰ ਸਭ ਤੋਂ ਪਹਿਲੋਂ ਆਪ ਮੱਥਾ ਟੇਕਿਆ।

ਮਾਤਾ ਜੀ ਦਾ ਰੁਤਬਾ ਕਹਿਨ ਕਥਨ ਤੋਂ ਕਿਤੇ ਉੱਚਾ ਤੇ ਸੁੱਚਾ ਸੀ। ਜੋ ਮੁਖਾਰ ਬਿੰਦ ਤੋਂ ਭਾਵੇਂ ਸਹਿਸੁਭਾ ਕਿਹਾ ਪੂਰਾ ਹੋਇਆ। ਪਤਾ ਨਹੀਂ ਕਿਤਨੇ ਕੁ ਘਰ ਵਸਾਏ, ਕਿਤਨਿਆ ਕੁ ਨੂੰ ਬੱਚੇ ਦਿੱਤੇ, ਹਰ ਤਰ੍ਹਾਂ ਦੇ ਲੋੜ ਵੰਦਾ ਦੀਆਂ ਲੋੜਾਂ ਪੂਰੀਆਂ ਕੀਤੀਆਂ, ਬਿਮਾਰਾਂ ਦੇ ਇਲਾਜ ਕਰਵਾਏ, ਘਰ ਬਣਾ ਕੇ ਦਿੱਤੇ, ਗੱਲ ਕੀਹ ਜਿਹੋ ਜਹੀ ਭਾਵਨਾ ਨਾਲ ਕੋਈ ਵੀ ਮਾਈ-ਭਾਈ ਆਇਆ ਉਸਦੀ ਭਾਵਨਾ ਜ਼ਰੂਰ ਪੂਰੀ ਕੀਤੀ। ਅਖੀਰ ਹਤਿਆਰੇ ਦੀ ਭਾਵਨਾ ਪੂਰੀ ਕਰ ਸਾਨੂੰ ਸਾਰਿਆ ਨੂੰ ਸਦੀਵੀ ਵਿਛੋੜਾ ਦੇ ਗਏ।

ਸ੍ਰੀ ਭੈਣੀ ਸਾਹਿਬ ਦੇ ਰਾਮ-ਸਰੋਵਰ ਦੀ ਅੱਜ ਦੀ ਬਨਤਰ design ਜੋ ਅੱਜ ਆਪ ਜੀ ਵੇਖ ਰਹੇ ਹੋ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖ਼ਸ਼ਸ਼ ਦਵਾਰਾ ਮਾਤਾ ਜੀ ਦੀ ਮਿਹਨਤ ਸਦਕਾ ਹੈ। ਇਸ ਦੀ ਸਾਰੀ ਸੇਵਾ ਮਾਤਾ ਜੀ ਨੇ ਅਰਜ਼ ਕਰ ਆਪਣੇ ਹੱਥ ਲੈ ਲਈ। ਜੋ level ਪਾਨੀ ਦਾ ਉਸ ਸਮੇਂ ਸੀ ਉਸ ਤੋਂ ੫ ਫੁੱਟ ਨੀਵਾਂ ਕਰ lintel ਪਾਇਆ ਗਿਆ ਸੀ। ਸਰੋਵਰ ਨੂੰ ਜੇ ਕਰ

Namdhari Elibrary NamdhariElibrary@gmail.com

ਇੱਕ ਵਡਆਕਾਰੀ ਤਸ਼ਤਰੀ ਮਨ ਲਿਆ ਜਾਵੇ ਜਿਸਨੇ ਸਰੋਵਰ ਦੇ ਜਲ ਵਿੱਚ ਤਰਨਾ ਸੀ। ਸੋ design ਅਨੁਸਾਰ ਬਹੁਤ ਹੀ ਭਾਰੀ lintel ਪਾਇਆ ਜਾਣਾ ਸੀ ਤਾਂ ਜੋ ਸਦਾ ਸਰੋਵਰ ਵਿੱਚ ਧਰਤੀ ਦਾ natural water ਰਹਿ ਸੱਕੇ, ਭਾਵ ਸੋਧ ਦਾ ਜਲ ਪ੍ਰਾਪਤ ਹੋਵੇ। ਕਾਕੂ ਬਲਦੇਵ ਸਿੰਘ ਵੀ ਉਹਨੀਂ ਦਿਨੀ ਸਰੋਵਰ ਦੀ ਸੇਵਾ ਵਿੱਚ ਲੱਗੇ ਹੋਏ ਸੀ। ਉਹਨਾਂ ਦੇ ਦੱਸਣ ਅਨੁਸਾਰ ਕਈ ਸਿੱਖਾਂ, ਸੇਵਕਾਂ ਮਿਸਤਰੀਆਂ ਨੂੰ ਇਸ ਤੇ ਬਹੁਤ ਭਾਰੀ ਇਤਰਾਜ਼ ਸੀ ਕਿ ਇਤਨਾਂ ਖ਼ਰਚ ਕਿਉਂ ਕੀਤਾ ਜਾ ਰਿਹਾ ਸੀ। ਮਾਤਾ ਜੀ ਨੇ design ਮੁਤਾਬਕ ਪੂਰੀ ਰੇਤ, ਬਜਰੀ, ਸੀਮੈਂਟ, ਲੋਹਾ ਪੁਆਇਆ। ਲਾਭ ਇਹ ਹੋਇਆ ਸਰੋਵਰ ਦੇ ਸਟਰਕਚਰ ਵਿੱਚ ਅੱਜ ਤੱਕ ਨ ਕੋਈ ਤ੍ਰੇੜ ਆਈ ਅਤੇ ਨ ਹੀ ਕੋਈ ਨੁਕਸ ਪਿਆ।

ਸਨ ੧੯੬੧ ਦੀ ਗੱਲ ਹੈ, ਜਦੋਂ ਕੇ-੧੭ ਰਾਜੌਰੀ ਗਾਰਡਨ ਅਸੀਂ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ਸ਼ ਨਾਲ ਬਣਾਇਆ ਸੀ। ਇਸ ਦੀ House warming Ceremony ਦੀ ਕਿਰਪਾ ਸੰਤ ਦਰਸ਼ਨ ਸਿੰਘ ਖਜਾਨ ਸਿੰਘ ਹੁਰਾਂ ਤੋਂ ਆਸਾ ਦੀ ਵਾਰ ਲਵਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪ ਕੀਤੀ ਸੀ। ਅਤੇ ਗਰੀਬ ਨਿਵਾਜ ਜੀ ਕਿਰਪਾ ਕਰ ਮੈਨੂੰ ਅਪਨੀ ਨੇੜਤਾ ਬਖ਼ਸ਼ਣੀ ਸ਼ੁਰੂ ਕੀਤੀ। ਉਹਨੀ ਦਿਨੀ ਸੱਚੇ ਪਾਤਸ਼ਾਹ ਜੀ ਦਿੱਲੀ ਅਕਸਰ ਦਰਸ਼ਨ ਦੇਂਦੇ ਸਨ, ਮਾਤਾ ਜੀ ਨਾਲ ਨਹੀਂ ਸਨ ਹੁੰਦੇ। ਪਤਾ ਨਹੀਂ ਕਿਉਂ ਮੈਨੂੰ ਉਦੋਂ ਤੋਂ ਹੀ ਮਾਤਾ ਜੀ ਚੰਗੇ ਚੰਗੇ ਲਗਦੇ ਸਨ। ਮੈਂ ਹਿੰਮਤ ਜੁਟਾ ਅਰਜ਼ ਕਰ ਦਿੱਤੀ ਕਿ ਮਾਤਾ ਜੀ ਨੂੰ ਭੀ ਨਾਲ ਲਿਆਉਣ ਦੀ ਕਿਰਪਾ ਕਰਿਆ ਕਰੋ। ਜ਼ਰਾ ਕੁ ਸੋਚ ਬਚਨ ਕੀਤਾ 'ਮੈਨੂੰ ਸੰਗ ਜਹੀ ਆਉਂਦੀ ਹੈ'। ਅਗਲੀ ਵਾਰੀ ਮਾਤਾ ਜੀ ਨਾਲ ਸਨ, ਗੱਡੀ ਚੋਂ ਉਤਰੇ ਬਚਨ ਨਹੀਂ ਕੀਤਾ, ਉਂਗਲੀ ਨਾਲ ਮਾਤਾ ਜੀ ਵਲ ਇਸ਼ਾਰਾ ਕਰ ਮੈਨੂੰ ਦਸਿਆ ਕਿ ਮਾਤਾ ਜੀ ਨਾਲ ਸਨ। ਮੈਨੂੰ ਇਹ ਵੇਖ ਜਾਣ ਅਤਿਅੰਤ ਪ੍ਰਸਨੰਤਾ ਹੋਈ।

ਮਾਤਾ ਜੀ ਦੇ ਦਰਸ਼ਨਾਂ ਭਿਲਾਸ਼ੀਆਂ ਚੋਂ ਨਾਮਧਾਰੀ ਸਿੱਖਾਂ ਤੋਂ ਇਲਾਵਾ ਗੈਰ ਨਾਮਧਾਰੀ ਸਿੱਖਾਂ ਦੀਆਂ ਵਹੀਰਾਂ ਵੀ ਬਹੁਤ ਹੋਣੀਆਂ। ਸਭ ਨੂੰ ਆਖਣਾ ਸਵੇਰੇ ਉੱਠ ਸਨਕੇਸੀ ਇਸ਼ਨਾਨ ਕਰ ਭਜਨ ਕਰਿਆ ਕਰੋ, ਸਤਿਗੁਰੂ ਸੱਚੇ ਪਾਤਸ਼ਾਹ ਜ਼ਰੂਰ ਕਿਰਪਾ ਕਰਨਗੇ। ਲੋੜਵੰਦਾ ਦੀਆਂ ਨੌਜਵਾਨ ਬੀਬੀਆਂ ਦੇ ਨਿਰੇ ਅਨੰਦ ਕਾਰਜ ਹੀ ਨਹੀਂ ਕਰਨੇ, ਉਹਨਾਂ ਦੇ ਕਾਰੋਬਾਰ, ਨੌਕਰੀਆਂ ਦੇ ਪ੍ਰਬੰਧ ਵੀ ਕਰ ਕੇ ਦੇਣ ਦਾ ਆਪ ਧਿਆਨ ਰਖਨਾ।

ਉਦਮੀ ਬਹੁਤ ਸਨ, ਆਲਸ ਦਾ ਨਾਂ ਨਿਸ਼ਾਨ ਨਹੀਂ ਸੀ। ਸਦਾ ਵੱਡੀ ਸੋਧ ਵਿੱਚ ਰਹਿਣਾ। ਤੁਰਦਿਆਂ ਫਿਰਦਿਆ, ਕੰਮ ਕਰਦਿਆ ਕਰੋਂਦਿਆਂ, ਜੇ ਕੋਈ ਨਾਲ ਲਗ ਗਿਆ, ਕੁਝ ਨਹੀਂ ਆਖਣਾ, ਗੁੱਸਾ ਤੇ ਹੈ ਹੀ ਨਹੀਂ ਸੀ, ਪਤਾ ਨਹੀਂ ਲਗਣ ਦੇਣਾ, ਅਡੋਲ ਨਿਵਾਸ ਤੇ ਜਾ ਇਸ਼ਨਾਨ ਕਰ ਸਤਿਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋ ਜਾਣਾ।

ਬਹੁਤ ਸਮਾਂ ਸ੍ਰੀ ਭੈਣੀ ਸਾਹਿਬ ਇੱਕ ਨੰਬਰ ਕੋਠੀ ਜਿਸਨੂੰ ਪੁਰਾਨੀ ਕੋਠੀ ਵੀ ਕਿਹਾ ਜਾਂਦਾ ਹੈ, ਵਿੱਚ ਬੀਬੀਆਂ ਦਾ ਜਾਣਾ ਪੂਰੀ ਤਰ੍ਹਾਂ ਵਰਜਿਤ ਸੀ, ਮਾਤਾ ਜੀ ਦਾ ਵੀ। ਇਸ ਕੋਠੀ ਦਾ renovation ਹੋ ਰਿਹਾ ਸੀ। ਕੁਝ ਬੀਬੀਆਂ ਦੇ ਆਖਣ ਤੇ ਮਾਤਾ ਜੀ ਵੇਖਣ ਚਲੇ ਗਏ ਕਿ ਚਲੋ ਵੇਖ ਆਈਏ ਕੀ ਕੰਮ ਹੋ ਰਿਹਾ ਹੈ। ਗਰੀਬ ਨਿਵਾਜ ਦੇ ਹੁਕਮਾਂ ਦੀ ਉਲੰਘਣਾ ਸੀ। ਸੋ ਤੁਰੰਤ ਜਾ ਮਾਫੀ ਮੰਗ ਆਪਣੇ ਆਪ ਨੂੰ ਸੁਰਖਰੂ ਕੀਤਾ। ਸਤਿਗੁਰੂ ਜੀ ਹੁਕਮ ਕੀਤਾ ਠੀਕ ਹੈ ਦੋਬਾਰਾ ਐਸਾ ਨ ਹੋਵੇ। ਬਹੁਤ ਨੇੜਿਓ ਹੋ ਵੇਖਨ ਦਾ ਸਮਾਂ ਬਣਦਾ ਰਿਹਾ, ਮਾਤਾ ਜੀ ਦੀ ਘੋਰ ਕੋਸ਼ਸ਼ ਹੁੰਦੀ ਸੀ ਜਾਨੇ ਅਣਜਾਨੇ ਵੀ ਕੋਈ ਉਲੰਘਣਾ ਨਾ ਹੋਵੇ, ਸਦਾ ਹੁਕਮ ਵਿੱਚ ਰਹਿਣ ਦੀ ਅਰਜ਼ ਕਰਦੇ ਰਹਿਣਾ।

ਮਾਤਾ ਜੀ ਦਸਦੇ ਸੀ ਕਿਸੇ ਦੇ ਬੱਚੇ ਵਾਸਤੇ ਅਰਜ਼ ਕਰਨੀ ਤੇ ਸੱਚੇ ਪਾਤਸ਼ਾਹ ਜੀ ਹੁਕਮ ਕਰਨਾ ਪੁਛੋਂ ਕਿਹੋ ਜਿਹਾ ਬੱਚਾ ਚਾਹੀਦਾ ਹੈ, ਜਿਹੋਂ ਜਿਹਾ ਆਖਣਾ ਵੈਸਾ ਹੀ ਹੋ ਜਾਣਾ। ਮਾਤਾ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪਤੀ ਪਰਮੇਸ਼ਵਰ ਤੇ ਜਾਣਿਆ ਹੀ ਪਰੰਤੂ ਆਪਣੇ ਸਤਿਗੁਰੂ ਜੀ ਨੂੰ ਸਦਾ ਅਕਾਲ ਪੁਰਖ ਕਰ ਜਾਨਿਆ ਅਤੇ ਆਪ ਦੀ ਅਨੁਕੰਪਾ ਸਦਾ ਲੋਚੀ। ਕਈ ਦਫਾ ਸਿੱਖਾਂ ਸਾਧਾ ਪਾਸੋਂ ਮਾਤਾ ਜੀ ਪ੍ਰਤੀ ਜ਼ਿਆਦਤੀਆਂ ਵੀ ਹੋ ਜਾਣੀਆਂ, ਪਰ ਆਪ ਨੇ ਸਤਿਗੁਰੂ ਜੀ ਦੇ ਸਿੱਖ ਹੋਣ ਕਾਰਨ ਉਹਨਾਂ ਦੀ ਗ਼ਲਤੀ ਨੂੰ ਜਾਂ ਅਣਗੌਲਿਆਂ ਕਰ ਦੇਨਾ ਜਾਂ ਮੁਆਫ ਕਰ ਆਪਣੇ ਸੇਵਾ ਦੇ routine ਵਿੱਚ ਫਰਕ ਨਹੀਂ ਸੀ ਪੈਣ ਦੇਂਦੇ। ਸਦਾ ਯਾਦ ਰਖਣਾ ਖਿਮਾ ਧੀਰਜ ਵਾਲਿਆਂ ਵੱਲ ਸਤਿਗੁਰੂ ਹੁੰਦਾ ਹੈ।

ਸ੍ਰੀ ਮਾਤਾ ਜੀ ਦੀ ਦੁਖਦ ਘਟਨਾ ਤੋਂ ਬਾਅਦ ਕਈ ਤਰ੍ਹਾਂ ਦੇ ਸ਼ਕ ਸੁਭਾਵਕ ਜਹੇ ਲਗਦੇ ਹਨ। ਭਾਵੇਂ ਪੰਜਾਬ ਸਰਕਾਰ ਆਪਣੇ ਪੁਲਿਸ ਵਿਭਾਗ ਰਾਹੀਂ ਜ਼ਰੂਰ ਬੜੇ ਜ਼ੋਰ ਨਾਲ ਕੰਮ ਕਰ ਰਹੀ ਹੋਵੇਗੀ, ਪਰ ਕੋਈ ਸਿੱਟਾ ਅਜੇ ਤੱਕ ਨਿਕਲਿਆ ਨਹੀਂ ਲਗਦਾ। ਨਾਂ ਹੀ CBI ਕਿਸੇ ਠੋਸ ਨਤੀਜੇ ਤੇ ਪਹੁੰਚੀ ਜਾਪਦੀ ਹੈ। ਇਹ ਆਸ ਕੀਤੀ ਜਾਂਦੀ ਹੈ ਪੰਜਾਬ ਸਰਕਾਰ ਤੇ CBI ਆਪਣੀ ਜ਼ੁੰਮੇਵਾਰੀ ਨੂੰ ਬਾਖੂਬੀ ਨਿਭਾ ਕੇ ਦੇਸ਼ ਵਿਦੇਸ਼ ਵਿੱਚ ਰਹਿ ਰਹੇ ਲੱਖਾਂ ਨਾਮਧਾਰੀ ਸਿੰਘਾਂ ਦੇ ਹਿਰਦਿਆਂ ਨੂੰ ਠੰਡ ਪਾਏਗੀ। ■

Namdhari Elibrary NamdhariElibrary@gmail.com

ਅਪਾਰ ਬਖਸ਼ਿਸ਼ਾਂ ਦੇ ਮਾਲਕ ਮਾਤਾ ਚੰਦ ਕੌਰ ਜੀ

✍ ਸ਼੍ਰੀ ਦੇਵਿੰਦਰ ਸਿੰਘ ਗਿਲ, ਜੀਆ ਨੱਥਾ

ਇਤਿਹਾਸਕ ਇਮਾਰਤਾਂ ਦੀ ਮੁੜ ਨਵ-ਉਸਾਰੀ ਕਰਵਾਈ। ਸਤਿਗੁਰੂ ਰਾਮ ਸਿੰਘ ਜੀ ਦੇ ਕਰਾਂਤੀਕਾਰੀ ਮੰਦਰ ਦੀ ਕਾਇਆਕਲਪ ਕਰ ਦਿੱਤੀ। ਲੰਗਰ ਦੀ ਇਮਾਰਤ, ਸੋਧੀਆਂ ਦੇ ਲੰਗਰ ਦੀ ਇਮਾਰਤ, ਸਤਿਗੁਰੂ ਰਾਮ ਸਿੰਘ ਜੀ ਦੀ ਸਥਾਪਤ ਕੀਤੀ ਅਮਰ ਲੋਹ ਵਾਲਾ ਪਾਸਾ, ਸਭਨਾਂ ਦਾ ਨਵੀਨੀਕਰਨ ਕੀਤਾ।

ਜਗਤ ਮਾਤਾ, ਮਾਤਾ ਚੰਦ ਕੌਰ ਜੀ ਬੇਅੰਤ ਸ਼ਕਤੀਆਂ, ਅਪਾਰ ਬਖ਼ਸ਼ਸ਼ਾਂ ਦੇ ਭੰਡਾਰ ਦੇ ਮਾਲਕ ਸਨ, ਸ਼ਾਇਦ ਹੀ ਨਾਮਧਾਰੀ ਪੰਥ ਵਿੱਚ ਕੋਈ ਐਸਾ ਸੱਜਣ ਹੋਵੇਗਾ ਜੋ ਮਾਤਾ ਜੀ ਦੇ ਪਿਆਰ ਦਾ ਪਾਤਰ ਨਾ ਬਣਿਆ ਹੋਵੇ। ਮਾਤਾ ਜੀ ਨੇ ਦਰ ਉਤੇ ਆਏ ਹਰ ਸਵਾਲੀ ਦਾ ਪ੍ਰਸ਼ਨ ਪੂਰਾ ਕੀਤਾ ਸੀ। ਉਨ੍ਹਾਂ ਨੇ ਬਿਨਾਂ ਮੰਗਿਆਂ ਸਭ ਦੀਆਂ ਝੋਲੀਆਂ ਭਰੀਆਂ, ਮੰਗਣ ਵਾਲੇ ਮੰਗਦੇ ਥੱਕ ਜਾਂਦੇ ਸਨ ਪਰ ਝੋਲੀਆਂ ਭਰਨ ਵਾਲੀ ਮਾਤਾ ਕਦੇ ਨਹੀਂ ਥੱਕੀ ਸੀ। ਉਨ੍ਹਾਂ ਦੀ ਬਖਸ਼ਿਸ਼ ਬਾਰੇ ਸਤਿਜੁਗ ਅਖ਼ਬਾਰ ਦਾ ਪਿਛਲੇ ਸਾਲ ਦਾ ਮਾਤਾ ਚੰਦ ਕੌਰ ਜੀ 'ਕੀਰਤੀ' ਅੰਕ ਪ੍ਰਕਾਸ਼ਿਤ ਹੋ ਚੁੱਕਾ ਹੈ, ਇਸ ਵਾਰ ਵੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਮਾਤਾ ਜੀ ਬਾਰੇ ਹੋਰ ਵਿਸ਼ੇਸ਼ ਅੰਕ ਪ੍ਰਕਾਸ਼ਤ ਹੋ ਰਿਹਾ ਹੈ। ਦੇਸ਼ ਬਿਦੇਸ਼ ਵਿੱਚ ਅਨੇਕ ਪੁਸਤਕਾਂ ਅਤੇ ਰਿਸਾਲਿਆਂ ਦੇ ਵਿਸ਼ੇਸ਼ ਅੰਕ ਪ੍ਰਕਾਸ਼ਤ ਹੋਏ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਦਾ ਅੰਤ ਨਹੀਂ ਪਾਇਆ ਜਾ ਸਕਿਆ ਹੈ। ਉਨ੍ਹਾਂ ਦੀਆਂ ਬਖਸ਼ਿਸ਼ਾਂ ਮਹਾਨ ਸਨ, ਉਨ੍ਹਾਂ ਦੀ ਕੀਰਤੀ ਮਹਾਨ ਸੀ, ਉਨ੍ਹਾਂ ਦੀ ਮਹਿਮਾ ਅਪਰ ਅਪਾਰ ਸੀ।

ਨਾਮਧਾਰੀ ਪੰਥ ਵਿੱਚ ਉਹ ਦੂਜੇ ਮਹਾਨ ਜਗਤ ਮਾਤਾ ਜੀ ਸਨ ਜਿਨ੍ਹਾਂ ਦੀਆਂ ਮਹਾਨਤਾ ਦੀਆਂ ਗਾਥਾਵਾਂ ਰਹਿੰਦੀ ਦੁਨੀਆਂ ਤੱਕ ਯਾਦ ਰਖੀਆਂ ਜਾਣਗੀਆਂ। ਪੰਥ ਵਿੱਚ ਪਹਿਲੇ ਮਾਤਾ ਜੀ, ਮਾਤਾ ਜੀਵਨ ਕੌਰ ਜੀ ਸਨ, ਦੂਜੇ ਨੰਬਰ ਉਤੇ ਮਾਤਾ ਚੰਦ ਕੌਰ ਜੀ ਦਾ ਨਾਮ ਆਉਂਦਾ ਹੈ। ਮਾਤਾ ਰਜਿੰਦਰ ਕੌਰ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਮਾਤਾ ਕਰਤਾਰ ਕੌਰ ਜੀ ਦਾ ਅਨੰਦ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਹੋਇਆ ਸੀ। ਪਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਤਾ ਕਰਤਾਰ ਕੌਰ ਜੀ ਦਾ ਚੰਦ ਜਿਹਾ ਸੀਤਲ ਸੁਭਾਅ ਦੇਖ ਕੇ ਨਾਮ ਚੰਦ ਕੌਰ ਰੱਖ ਦਿੱਤਾ ਕਿਉਂਕਿ ਉਨ੍ਹਾਂ ਦਾ ਸੁਭਾਅ ਅਤੇ ਪ੍ਰਭਾਵ ਚੰਦ ਜਿਹਾ ਸੀਤਲ ਅਤੇ ਦਰਸ਼ਨ ਕਰਕੇ ਭੁੱਖਾਂ ਲਾਹੁਣ ਵਾਲਾ ਸੀ। ਇਹੋ ਕਾਰਨ ਸੀ ਕਿ ਉਨ੍ਹਾਂ ਨੇ ਹਰ ਅਭਿਲਾਸ਼ੀ ਨੂੰ ਦਰਸ਼ਨ ਦੇ ਕੇ ਦੁਨਿਆਵੀ ਪਦਾਰਥਾਂ ਦੀ ਬਖਸ਼ਿਸ਼ ਕਰਕੇ ਉਨ੍ਹਾਂ ਦੀਆਂ ਜਨਮ ਜਨਮਾਤਰਾਂ ਦੀਆਂ ਭੁੱਖਾਂ ਦੂਰ ਕਰ ਦਿੱਤੀਆਂ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਹਰ ਪ੍ਰਾਣੀ ਰੋਇਆ, ਭੁੱਬਾਂ ਮਾਰ ਮਾਰ ਰੋਇਆ ਹਰ ਕਿਸੇ ਨੂੰ ਇਹੋ ਜਾਪਿਆ ਕਿ ਉਨ੍ਹਾਂ ਦੀ ਮਾਤਾ ਸੰਸਾਰ ਤੋਂ ਤੁਰ ਗਈ ਹੈ, ਅੱਜ ਉਹ ਮਾਤਾ ਦੇ ਪਿਆਰ ਤੋਂ ਸੱਖਣੇ ਹੋ ਗਏ ਹਨ।

ਜਦੋਂ ਮੈਂ 1987 ਈਸਵੀ ਵਿੱਚ ਪਹਿਲੀ ਵਾਰ

Namdhari Elibrary NamdhariElibrary@gmail.com

ਅਸੂ ਦੇ ਮੇਲੇ ਉਤੇ ਸ੍ਰੀ ਭੈਣੀ ਸਾਹਿਬ ਆਇਆ ਸਾਂ ਤਾਂ ਮੈਂ ਦੇਖਿਆ ਸੀ ਕਿ ਇਹੋ ਸੁਤੰਤਰਤਾ ਸੰਗ੍ਰਾਮੀਆਂ ਦਾ ਸਥਾਨ ਇਕ ਆਮ ਪਿੰਡ ਵਾਂਗ ਸੀ, ਕੱਚੇ ਰਸਤੇ ਸਨ, ਥੋੜ੍ਹੇ ਮਕਾਨ ਪੱਕੇ ਸਨ, ਰਸਤਿਆਂ ਵਿੱਚ ਧੂੜ ਮਿੱਟੀ ਉੱਡਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਤੇ ਮਾਤਾ ਜੀ ਦੇ ਪੁਰਸ਼ਾਰਥ ਨਾਲ ਕੁੱਝ ਸਾਲਾਂ ਵਿੱਚ ਹੀ ਕੱਚੇ ਮਕਾਨਾਂ ਦੀ ਜਗ੍ਹਾ ਸੋਹਣੇ ਪੱਕੇ ਆਲੀਸ਼ਾਨ ਇਮਾਰਤਾਂ ਉਸਾਰ ਦਿੱਤੀਆਂ ਗਈਆਂ। ਇਥੇ ਹੀ ਬਸ ਨਹੀਂ, ਸੰਗਤਾਂ ਦੀਆ ਸਹੂਲਤਾਂ ਲਈ ਸਰਦੀਆਂ ਵਿੱਚ ਇਸ਼ਨਾਨ ਪਾਣੀ ਕਰਨ ਲਈ ਹਰ ਕਮਰੇ ਵਿੱਚ ਗੀਜ਼ਰ ਦਾ ਪ੍ਰਬੰਧ ਕਰਾ ਦਿੱਤਾ ਗਿਆ। ਗਰਮੀਆਂ ਵਿੱਚ ਹਰ ਕਮਰੇ ਵਿੱਚ ਏ.ਸੀ. ਜਾਂ ਫਿਰ ਵਾਟਰ ਕੂਲਰ ਲਗਾ ਦਿੱਤੇ ਹਨ, ਪੱਖੇ ਤਾਂ ਹਰ ਕਮਰੇ ਵਿੱਚ ਦੋ-ਦੋ ਲਗਾਏ ਗਏ ਹਨ ਤਾਂ ਕਿ ਗੁਰਦੁਆਰੇ ਆਈ ਸੰਗਤ ਰਾਤ ਸਮੇਂ ਠਹਿਰਣ ਸਮੇਂ ਠੰਡੀ ਹਵਾ ਦਾ ਅਨੰਦ ਮਾਣ ਸਕੇ। ਕੱਚੀਆਂ ਸੜਕਾਂ ਨੂੰ ਪੱਕੀਆਂ ਵਿੱਚ ਤਬਦੀਲ ਕਰ ਦਿੱਤਾ ਗਿਆ, ਅੱਜ ਧੂੜ ਮਿੱਟੀ ਦਾ ਤਾਂ ਕਿਤੇ ਵੀ ਨਾਮੋ ਨਿਸ਼ਾਨ ਨਹੀਂ ਹੈ। ਅੱਜ ਸਾਰੀਆਂ ਸੁੱਖ ਸਹੂਲਤਾਂ ਸਿਖਾਂ ਨੂੰ ਮਿਲ ਰਹੀਆਂ ਹਨ।

ਇਥੇ ਹੀ ਬਸ ਨਹੀਂ, ਮਾਤਾ ਜੀ ਨੇ ਆਪ ਅਗੇ ਹੋ ਕੇ ਇਮਾਰਤ ਉਸਾਰੀ ਵਿੱਚ ਯੋਗਦਾਨ ਪਾਇਆ ਸੀ। ਸਿਖ ਮਜ਼ਦੂਰਾਂ ਦੀਆਂ ਕੰਮ ਅਨੁਸਾਰ ਸ਼ਿਫ਼ਟਾਂ ਬਦਲਦੀਆਂ ਹੁੰਦੀਆਂ ਸਨ, ਸਿਰਫ ਇਕ ਮਾਤਾ ਜੀ ਸਨ ਜੋ ਲਗਾਤਾਰ ਹੱਥੀ ਕੰਮ ਕਰਿਆ ਕਰਦੇ ਸਨ। ਕਦੇ ਆਪਣੇ ਹੱਥਾਂ ਨਾਲ ਰੋੜੀ ਕੁਟਣੀ, ਕਦੇ ਆਪ ਹੀ ਮਿਸਤਰੀਆਂ ਨੂੰ ਇੱਟਾਂ ਫੜਾਉਣ ਲਗ ਪੈਂਦੇ ਸਨ। ਉਨ੍ਹਾਂ ਵੱਲ ਦੇਖ ਕੇ ਹੋਰ ਸਾਧ ਸੰਗਤ ਵੀ ਕਾਰ ਸੇਵਾ ਵਿੱਚ ਜੁਟ ਜਾਇਆ ਕਰਦੀ ਸੀ। ਆਪ ਜੀ ਲੰਗਰ ਵੱਲ ਉਚੇਚਿਆਂ ਧਿਆਨ ਦਿਆ ਕਰਦੇ ਸਨ, ਲੰਗਰ ਵਿੱਚ ਉਨ੍ਹਾਂ ਦੀ ਕਿਰਪਾ ਨਾਲ ਉਚੇਚੇ ਸਵਾਦਿਸ਼ਟ ਪਦਾਰਥ ਤਿਆਰ ਹੋਇਆ ਕਰਦੇ ਸਨ ਅਤੇ ਫਿਰ ਉਨ੍ਹਾਂ ਦੀ ਮਿਹਰ ਸਦਕਾ ਲੰਗਰ ਵਿੱਚ ਕਦੇ ਤੋਟ ਨਹੀਂ ਸੀ ਆਉਂਦੀ।

ਫਿਰ ਉਨ੍ਹਾਂ ਨੇ ਇਤਿਹਾਸਕ ਇਮਾਰਤਾਂ ਦੀ ਮੁੜ ਨਵ-ਉਸਾਰੀ ਕਰਵਾਈ। ਸਤਿਗੁਰੂ ਰਾਮ ਸਿੰਘ ਜੀ ਦੇ ਕਰਾਂਤੀਕਾਰੀ ਮੰਦਰ ਦੀ ਕਾਇਆਕਲਪ ਕਰ ਦਿੱਤੀ। ਉਨ੍ਹਾਂ ਦੀ ਉਚੇਚੀ ਪ੍ਰੇਰਨਾਂ ਨਾਲ ਹਾਈ ਲੈਵਲ ਵੱਡ-ਅਕਾਰੀ ਲੰਗਰ ਹਾਲ ਤਿਆਰ ਹੋਇਆ ਅਤੇ ਇਸ ਦੇ ਨਾਲ ਹੀ ਪੁਰਾਣੀ ਲੰਗਰ ਦੀ ਇਮਾਰਤ, ਸੋਧੀਆਂ ਦੇ ਲੰਗਰ ਦੀ ਇਮਾਰਤ, ਸਤਿਗੁਰੂ ਰਾਮ ਸਿੰਘ ਜੀ ਦੀ ਸਥਾਪਤ ਕੀਤੀ ਅਮਰ ਲੋਹ ਵਾਲਾ ਪਾਸਾ, ਸਭਨਾਂ ਦਾ ਨਵੀਨੀਕਰਨ ਕੀਤਾ ਪਰੰਤੂ ਉਨ੍ਹਾਂ ਦੀ ਇਤਿਹਾਸਕਤਾ ਨੂੰ ਕਾਇਮ ਰਖਦੇ ਹੋਏ ਨਾਨਕਸ਼ਾਹੀ ਇੱਟਾਂ ਨੂੰ ਵਰਤੋਂ ਵਿੱਚ ਲਿਆ ਕੇ ਉਨ੍ਹਾਂ ਇਮਾਰਤਾਂ ਦੀ ਪੁਰਾਤਨਤਾ ਨੂੰ ਕਾਇਮ ਰਖਿਆ ਹੈ। ਹਰੀਮੰਦਰ ਦੀ ਨਵੀਂ ਬਿਲਡਿੰਗ ਤਿਆਰ ਕਰਵਾਈ, ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਸਮੇਂ ਦਾ ਵਿਦਿਆਲਾ ਜੋ ਰਾਮਸਰ ਦੇ ਕੰਢੇ ਉਤੇ ਸਥਿਤ ਹੈ, ਉਸ ਦੀ ਪੁਰਾਣੀ ਬਿਲਡਿੰਗ ਜੋ ਅਲੋਪ ਹੋ ਚੁੱਕੀ ਸੀ, ਉਸ ਨੂੰ ਮੁੜ ਸੁਰਜੀਤ ਕੀਤਾ। ਉਥੇ ਸ੍ਰੀ ਭੈਣੀ ਸਾਹਿਬ ਦੀ ਨਵੀਂ ਲਾਇਬ੍ਰੇਰੀ ਸਥਾਪਤ ਕੀਤੀ ਹੈ। ਇਨ੍ਹਾਂ ਤੋਂ ਬਿਨਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਜਿਸ ਦਾ ਵਡਅਕਾਰੀ ਹਾਲ ਜੋ ਬਿਨਾਂ ਪਿਲਰਾਂ ਤੋਂ ਅਦਭੁਤ ਕਾਰੀਗਰੀ ਦਾ ਨਮੂਨਾ ਹੈ ਜੋ ਏਸ਼ੀਆ ਵਿੱਚ ਪਹਿਲੇ ਨੰਬਰ ਤੇ ਮੰਨਿਆ ਜਾਂਦਾ ਹੈ।

ਜਦੋਂ ਵੀ ਕੋਈ ਕਾਰਜ ਅਰੰਭ ਹੁੰਦਾ, ਮਾਤਾ ਜੀ ਨੂੰ ਚਾਉ ਚੜ੍ਹ ਜਾਂਦਾ ਸੀ, ਉਨ੍ਹਾਂ ਨੂੰ ਕੋਈ ਅਕੇਵਾਂ ਜਾਂ ਥਕੇਵਾਂ ਨਹੀਂ ਸੀ ਹੁੰਦਾ, ਸਗੋਂ ਉਹ ਸਤਿਗੁਰੂ ਜੀ ਦੇ ਕਹੇ ਅਨੁਸਾਰ ਪੂਰਾ ਉਤਰਦੇ ਸਨ। ਕਈ ਵਾਰ ਸਤਿਗੁਰੂ ਜੀ ਆਖਿਆ ਕਰਦੇ ਸਨ ਕਿ ਮੇਰੀ ਸਿੰਘਣੀ ਨੂੰ ਵੀ ਆਰਾਮ ਕਰ ਲੈਣ ਦਿਆ ਕਰੋ। ਪਰੰਤੂ ਮਾਤਾ ਜੀ ਮੁਸਕਰਾ ਕੇ ਕਾਰਜ ਮੁਕਾਉਣ ਲਈ ਹੋਰ ਉਤਸ਼ਾਹ ਨਾਲ ਕਾਰਜ ਕਰਨ ਵਿੱਚ ਜੁਟ ਜਾਂਦੇ ਸਨ।

ਉਹ ਸ੍ਰੀ ਭੈਣੀ ਸਾਹਿਬ ਵਿੱਚ ਸਭ ਨੂੰ ਇਕ ਨਜ਼ਰ ਪਿਆਰ ਕਰਦੇ ਅਤੇ ਬਿਨਾਂ ਵਿਤਕਰੇ ਤੋਂ ਸਭ ਦੀਆਂ ਲੋੜਾਂ ਪੂਰੀਆਂ ਕਰਦੇ ਸਨ। ਉਨ੍ਹਾਂ ਦੀ ਜਿਸ ਉੱਤੇ ਵੀ ਨਜ਼ਰ ਪੈਂਦੀ ਸੀ, ਉਸ ਦੇ ਵਾਰੇ ਨਿਆਰੇ ਹੋ ਜਾਂਦੇ ਸਨ। ਬੀਬੀ ਹਰਭਜਨ ਕੌਰ ਚਾਨਾ ਯੂ. ਕੇ. ਵਾਲੇ ਪੁਸਤਕ "ਪਿਆਰ ਦਾ ਸਾਗਰ - ਜਗਤ ਮਾਤਾ ਚੰਦ ਕੌਰ" ਦੇ ਸਫਾ 75 ਉਤੇ ਲਿਖਦੇ ਹਨ ਕਿ ਇਕ ਵਾਰ ਰਾਏਕੋਟ ਇਤਿਹਾਸਕ ਸਥਾਨ ਉਤੇ ਸੇਵਾ ਕਰਨ ਗਏ ਜਿਥੇ ਪਹਿਲਾਂ ਸੇਵਾ ਚਲ ਰਹੀ ਸੀ। ਮਾਤਾ ਜੀ ਨੇ ਸੇਵਾਦਾਰਾਂ ਨੂੰ ਕਿਹਾ ਕਿ ਜਾ ਕੇ ਕੰਮ ਕਰਨ ਵਾਲਿਆਂ ਮੁੰਡਿਆਂ ਨੂੰ ਬੁਲਾ ਕੇ ਲੈ ਆਵੋ ਤਾਂ ਕੰਮ ਸ਼ੁਰੂ ਕੀਤਾ ਜਾਵੇ। ਸੇਵਾਦਾਰ ਗਿਆ ਅਤੇ ਖਾਲੀ ਹੱਥ ਵਾਪਸ ਆ ਗਿਆ। ਮਾਤਾ ਜੀ ਨੇ ਪੁੱਛਿਆ, ਮੁੰਡੇ ਕਿਥੇ ਹਨ? ਸੇਵਾਦਾਰ ਨੇ ਦੱਸਿਆ ਕਿ ਆਪ ਜੀ ਦੀ ਕਿਰਪਾ ਨਾਲ ਜਿਹੜੇ ਮੁੰਡੇ ਇਥੇ ਕੰਮ ਕਰਦੇ ਸਨ, ਉਨ੍ਹਾਂ ਦੇ ਬਾਹਰਲੇ ਵੀਜ਼ੇ ਲਗ ਗਏ ਹਨ ਅਤੇ ਉਹ ਬਾਹਰ ਚਲੇ ਗਏ ਹਨ। ਪਹਿਲਾਂ ਉਨ੍ਹਾਂ ਦੇ ਲੱਖ ਯਤਨ ਕਰਨ ਤੇ ਵੀ ਵੀਜ਼ੇ ਨਹੀਂ ਲਗਦੇ ਸਨ। ਸੇਵਾਦਾਰ ਦੀ ਗੱਲ ਸੁਣ ਕੇ ਮਾਤਾ ਜੀ ਹੱਸ ਪਏ। ਹੱਸ ਕੇ ਮਾਤਾ

Namdhari Elibrary NamdhariElibrary@gmail.com

ਨਾਮਧਾਰੀ ਪੰਥ ਵਿੱਚ ਉਹ ਦੂਜੇ ਮਹਾਨ ਜਗਤ ਮਾਤਾ ਜੀ ਸਨ ਜਿਨ੍ਹਾਂ ਦੀਆਂ ਮਹਾਨਤਾ ਦੀਆਂ ਗਾਥਾਵਾਂ ਰਹਿੰਦੀ ਦੁਨੀਆਂ ਤੱਕ ਯਾਦ ਰਖੀਆਂ ਜਾਣਗੀਆਂ। ਪੰਥ ਵਿੱਚ ਪਹਿਲੇ ਮਾਤਾ ਜੀ, ਮਾਤਾ ਜੀਵਨ ਕੌਰ ਜੀ ਸਨ, ਦੂਜੇ ਨੰਬਰ ਉਤੇ ਮਾਤਾ ਚੰਦ ਕੌਰ ਜੀ ਦਾ ਨਾਮ ਆਉਂਦਾ ਹੈ।

ਜੀ ਸੇਵਾਦਾਰ ਨੂੰ ਕਹਿਣ ਲਗੇ ਕਿ ਤੁਸੀਂ ਹੋਰ ਵਿਹਲੇ ਮੁੰਡਿਆਂ ਨੂੰ ਕਹੋ ਕਿ ਇਥੇ ਆ ਕੇ ਕੰਮ ਕਰਨ, ਉਨ੍ਹਾਂ ਦੇ ਵੀ ਵੀਜ਼ੇ ਲਗ ਜਾਣਗੇ। ਮਾਤਾ ਜੀ ਦਾ ਬਚਨ ਸੁਣ ਕੇ ਹੋਰ ਵਿਹਲੇ ਮੁੰਡੇ ਇਤਿਹਾਸਕ ਅਸਥਾਨ ਉਤੇ ਆ ਕੇ ਕੰਮ ਕਰਨ ਲਗ ਪਏ।

ਇਸੇ ਤਰ੍ਹਾਂ ਮਾਤਾ ਜੀ ਗੁਰੂ ਘਰ ਦੇ ਹਜ਼ੂਰੀ ਰਾਗੀਆਂ ਉਤੇ ਅਪਾਰ ਕਿਰਪਾ ਸਮੇਂ ਸਮੇਂ ਕਰਦੇ ਰਹੇ ਸਨ। ਹਜ਼ੂਰੀ ਰਾਗੀ ਸ਼ੇਰ ਸਿੰਘ ਜਿਸ ਦੇ ਮਨ ਵਿੱਚ ਇਕ ਗੱਲ ਸਮਾਅ ਗਈ ਕਿ ਜੇ ਉਹ ਵਿਦੇਸ਼ ਅਮਰੀਕਾ ਚਲਾ ਜਾਵੇ ਤਾਂ ਆਪਣੇ ਪਰਿਵਾਰ ਨੂੰ ਹੋਰ ਕਮਾਈ ਕਰਕੇ ਸੁਖੀ ਰੱਖ ਸਕੇਗਾ। ਉਸ ਨੇ 2004 ਵਿੱਚ ਆਪਣੀ ਬੇਟੀ ਅਰਵਿੰਦਰ ਕੌਰ ਦਾ ਅਨੰਦ ਕਰ ਦਿੱਤਾ ਅਤੇ ਫਿਰ ਆਪਣਾ ਨਿਊਯਾਰਕ-ਅਮਰੀਕਾ ਦਾ ਵੀਜ਼ਾ ਲਗਵਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਕੋਲੋਂ ਆਗਿਆ ਲੈਣ ਆਇਆ। ਸਤਿਗੁਰੂ ਜੀ ਨੇ ਕਿਹਾ, ਤੂੰ ਜਿਥੇ ਮਰਜ਼ੀ ਜਾਹ ਪਰੰਤੂ ਤੇਰੇ ਦੋਵੇਂ ਪੁੱਤਰ ਸ਼ਾਮ ਸਿੰਘ ਤੇ ਸਰਮੁਖ ਸਿੰਘ ਅੱਜ ਤੋਂ ਮੇਰੇ ਪੁੱਤਰ ਹਨ, ਇਨ੍ਹਾਂ ਦਾ ਸਭ ਕੁਝ ਮੈਂ ਦੇਖਾਂਗਾ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਦੋਹਾਂ ਦੀ ਪਾਲਣਾ ਮਾਤਾ ਜੀ ਦੀ ਨਿਗਰਾਨੀ ਵਿੱਚ ਹੋਈ। ਸਤਿਗੁਰੂ ਜੀ ਨੇ ਉਨ੍ਹਾਂ ਦੋਹਾਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਅਤੇ ਆਪ ਉਚੇਚਾ ਧਿਆਨ ਦੇ ਕੇ ਗੁਰਬਾਣੀ ਦੇ ਪਾਠ ਸ਼ੁੱਧ ਲਗਾਂ ਮਾਤਰਾ ਸਹਿਤ ਕਰਨ ਦੀ ਸਿੱਖਿਆ ਦਿਵਾਈ।

ਮਾਤਾ ਜੀ ਨੇ ਉਨ੍ਹਾਂ ਦੀ ਹਰ ਲੋੜੀਂਦੀ ਲੋੜ ਪੂਰੀ ਕੀਤੀ ਅਤੇ ਉਨ੍ਹਾਂ ਦੇ ਬੱਚਿਆਂ ਵਾਂਗ ਚਾਅ ਮਲਾਰ ਕੀਤੇ। ਸੰਤ ਸ਼ੇਰ ਸਿੰਘ ਜਦੋਂ ਦੇ ਅਮਰੀਕਾ ਗਏ ਅਜੇ ਤੱਕ ਇੰਡੀਆ ਨਹੀਂ ਆਏ ਹਨ। ਮਾਤਾ ਜੀ ਨੇ ਉਨ੍ਹਾਂ ਦੋਹਾਂ ਲਈ ਇਕ ਕਰੋੜ ਦੀ ਲਾਗਤ ਦੀ ਕੋਠੀ ਤਿਆਰ ਕਰਵਾ ਕੇ ਦਿੱਤੀ ਅਤੇ ਇਸ ਦੇ ਨਾਲ ਹੀ 20 ਲੱਖ ਦੀ ਕਾਰ ਵੀ ਦਿੱਤੀ। ਮਾਤਾ ਜੀ ਨੇ ਆਪ ਲੜਕੀ ਦੇਖ ਕੇ 13 ਮਾਰਚ 2012 ਈਸਵੀ ਨੂੰ ਸ਼ਾਮ ਸਿੰਘ ਦਾ ਅਨੰਦ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਕਰਵਾਇਆ। ਉਪਰੰਤ ਸਰਮੁਖ ਸਿੰਘ ਦਾ ਅਨੰਦ ਮਾਤਾ ਜੀ ਦੀ ਕਿਰਪਾ ਨਾਲ 16 ਅਕਤੂਬਰ 2014 ਈਸਵੀ ਨੂੰ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਇਆ। ਉਨ੍ਹਾਂ ਨੂੰ ਰੋਟੀ ਰੋਜ਼ੀ ਖਾਤਰ ਮਾਤਾ ਜੀ ਨੇ ਆਪਣੇ ਕੋਲੋਂ ਇਕ ਦੁਕਾਨ ਦੇ ਦਿੱਤੀ। ਅੱਜ ਉਹ ਹਜ਼ੂਰੀ ਰਾਗੀ ਬਣ ਕੇ ਕੀਰਤਨ ਕਰਦੇ ਹਨ ਅਤੇ ਦੁਕਾਨ ਉਤੇ ਉਪਜੀਵਕਾ ਵੀ ਕਮਾਉਂਦੇ ਹਨ ਅਤੇ ਸਤਿਗੁਰੂ ਉਦੈ ਸਿੰਘ ਜੀ ਦੀਆਂ ਖ਼ੁਸ਼ੀਆਂ ਦਾ ਅਨੰਦ ਵੀ ਮਾਣਦੇ ਹਨ।

ਮਾਤਾ ਜੀ ਪੰਥ ਨੂੰ ਸਭ ਤੋਂ ਵੱਡੀ ਦੇਣ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰ ਜਾਣ ਤੋਂ ਬਾਅਦ ਪੰਥ ਦੀ ਸਾਂਭ ਸੰਭਾਲ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਸੌਂਪਣਾ ਸੀ। ਕੁਝ ਸ਼ਰਾਰਤੀ ਅਨਸਰ, ਪੰਥ ਦੇ ਦੋਖੀ ਸਿਰ ਚੁੱਕ ਰਹੇ ਸਨ ਅਤੇ ਸੰਗਤ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਮਾਤਾ ਜੀ ਦੀ ਪਰੇਰਨਾ ਨਾਲ ਸਤਿਗੁਰੂ ਉਦੈ ਸਿੰਘ ਜੀ ਨੇ ਸੰਗਤ ਨੂੰ ਸੱਚ ਦਾ ਮਾਰਗ ਦਿਖਾਉਣ ਲਈ ਦੇਸ਼ ਵਿਦੇਸ਼ ਦੇ ਦੌਰੇ ਕਰਨੇ ਸ਼ੁਰੂ ਕੀਤੇ। ਗੁਰ ਦੋਖੀਆਂ ਨੇ ਝੂਠੇ ਮੁਕੱਦਮੇ ਕਰਕੇ ਸੰਗਤਾਂ ਨੂੰ ਵਰਗਲਾਉਣਾ ਚਾਹਿਆ। ਕੁਝ ਸਮੇਂ ਲਈ ਆਰਜ਼ੀ ਤੌਰ ਤੇ ਦਿੱਲੀ, ਬਟਾਲਾ ਅਤੇ ਮੰਡੀ ਦੀਆਂ ਧਰਮਸ਼ਾਲਾਵਾਂ ਬੰਦ ਹੋਈਆਂ ਪਰੰਤੂ ਮਾਤਾ ਜੀ ਦੇ ਅਦੁਤੀ ਤਪ ਤੇਜ ਦੇ ਪ੍ਰਭਾਵ ਅਗੇ ਉਹ ਟਿਕ ਨਾ ਸਕੇ ਅਤੇ ਧਰਮਸ਼ਾਲਾਵਾਂ ਖੁੱਲ੍ਹ ਗਈਆਂ।

ਸਤਿਗੁਰੂ ਉਦੈ ਸਿੰਘ ਜੀ ਨੂੰ ਨੁਕਸਾਨ ਪਹੁੰਚਾਉਣ ਲਈ ਦੋਖੀਆਂ ਨੇ ਇੰਗਲੈਂਡ ਵਿੱਚ ਉਨ੍ਹਾਂ ਉੱਤੇ ਜਾਨ ਲੇਵਾ ਹਮਲਾ ਵੀ ਕਰਵਾਇਆ ਪਰੰਤੂ ਉਹ ਲੋਕ ਕਾਮਯਾਬ ਨਾ ਹੋ ਸਕੇ। ਫਿਰ ਉਨ੍ਹਾਂ ਲੋਕਾਂ ਨੇ ਹਰਵਲਭ ਸੰਗੀਤ ਸੰਮੇਲਨਾਂ ਵਿੱਚ ਸਤਿਗੁਰੂ ਉਦੈ ਸਿੰਘ ਜੀ ਉਤੇ ਮਾਨਵ ਬੰਬ ਨਾਲ ਹਮਲਾ ਕਰਨ ਦੀ ਯੋਜਨਾ ਵੀ ਬਣਾਈ ਸੀ ਪਰ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਅਤੇ ਮਾਤਾ ਜੀ ਦੀ ਰਹਿਮਤ ਸਦਕਾ ਉਨ੍ਹਾਂ ਦਾ ਉਹ ਮਿਸ਼ਨ ਵੀ ਕਾਮਯਾਬ ਨਾ ਹੋ ਸਕਿਆ। ਅੱਜ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਨਾਲ ਪੰਥਕ ਗਤੀਵਿਧੀਆਂ

Namdhari Elibrary NamdhariElibrary@gmail.com

ਮਾਤਾ ਜੀ ਦੀ ਅਵਸਥਾ ਬ੍ਰਹਮ ਗਿਆਨੀਆਂ ਵਾਲੀ ਅਵਸਥਾ ਸੀ, ਅਚਾਨਕ ਮੁਖ ਤੋਂ ਨਿਕਲੇ ਬਚਨ ਪੂਰਨ ਹੋ ਜਾਂਦੇ ਸਨ। ਅਨੇਕ ਸਿਖਾਂ ਦੇ ਕੰਮ ਅਤੇ ਅਰਦਾਸਾਂ ਉਨ੍ਹਾਂ ਨੇ ਸੁਪਨੇ ਵਿੱਚ ਦਰਸ਼ਨ ਦੇ ਕੇ ਪੂਰੀਆਂ ਕੀਤੀਆਂ ਸਨ।

ਵਿੱਚ ਪਹਿਲਾਂ ਵਾਲੀ ਨੁਹਾਰ ਆ ਗਈ ਹੈ। ਹਰ ਸਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਕੀਰਤਨ ਸੰਮੇਲਨ ਦੇਸ਼ ਵਿਦੇਸ਼ ਵਿੱਚ ਕਰਵਾਏ ਜਾਂਦੇ ਹਨ। ਪੰਥਕ ਇਤਿਹਾਸ ਨੂੰ ਸਾਂਭਣ ਅਤੇ ਲਿਖਣ ਵਿੱਚ ਪਹਿਲਾਂ ਵਾਂਗ ਤੇਜ਼ੀ ਆ ਗਈ ਹੈ ਜਿਨ੍ਹਾਂ ਵਿੱਚ ਮਾਤਾ ਜੀ ਦੇ ਪੁਰਸ਼ਾਰਥ ਦੀ ਝਲਕ ਸਾਫ ਦਿਖਾਈ ਦਿੰਦੀ ਹੈ।

ਮਾਤਾ ਜੀ ਦੀ ਅਵਸਥਾ ਬ੍ਰਹਮ ਗਿਆਨੀਆਂ ਵਾਲੀ ਅਵਸਥਾ ਸੀ, ਅਚਾਨਕ ਮੁਖ ਤੋਂ ਨਿਕਲੇ ਬਚਨ ਪੂਰਨ ਹੋ ਜਾਂਦੇ ਸਨ। ਅਨੇਕ ਸਿਖਾਂ ਦੇ ਕੰਮ ਅਤੇ ਅਰਦਾਸਾਂ ਉਨ੍ਹਾਂ ਨੇ ਸੁਪਨੇ ਵਿੱਚ ਦਰਸ਼ਨ ਦੇ ਕੇ ਪੂਰੀਆਂ ਕੀਤੀਆਂ ਸਨ। ਕਈ ਵਾਰ ਮਾਤਾ ਜੀ ਆਪ ਹੀ ਅਬੋਲ ਅਰਦਾਸ ਸਿੱਖ ਦੇ ਹਾਵ-ਭਾਵ ਦੇਖ ਕੇ ਹੀ ਪੂਰੀ ਕਰ ਦਿੰਦੇ ਸਨ ਅਰਥਾਤ ਸਿੱਖਾਂ ਦੇ ਕਾਰਜ ਪੂਰੇ ਹੋ ਜਾਂਦੇ ਸਨ। ਕਈਆਂ ਪਰਿਵਾਰਾਂ ਵਿੱਚ ਜਿਥੇ ਅਨੰਦ ਹੋਇਆ ਕਾਫੀ ਸਮਾਂ ਗੁਜਰ ਗਿਆ ਸੀ, ਮਾਤਾ ਜੀ ਦੇ ਬਚਨਾਂ ਨਾਲ ਉਨ੍ਹਾਂ ਦੇ ਘਰਾਂ ਨੂੰ ਭਾਗ ਲਗੇ ਭਾਵ ਪੁੱਤਰ ਦੀ ਦਾਤ ਮਿਲੀ। ਉਹ ਬਖਸ਼ਸ਼ਾ ਦੇ ਭੰਡਾਰ ਸਨ ਸਭ ਦੀਆਂ ਝੋਲੀਆਂ ਭਰਦੇ ਸਨ।

ਰਹਿਮਤਾਂ ਦੀਆਂ ਝੋਲੀਆਂ ਭਰਨ ਵਾਲੀ ਮਾਤਾ ਚੰਦ ਕੌਰ ਜੀ, ਅਚਾਨਕ ਹੀ ਸ਼ਹਾਦਤ ਵਾਲਾ ਰੁਤਬਾ ਪਾ ਜਾਣਗੇ, ਇਸ ਬਾਰੇ ਕੋਈ ਜਾਣਦਾ ਨਹੀਂ ਸੀ ਬਲਕਿ ਕੋਈ ਸੋਚ ਵੀ ਨਹੀਂ ਸਕਦਾ ਸੀ ਪਰੰਤੂ ਇਹ ਸਭ ਕੁਝ ਅਚਾਨਕ ਹੀ ਹੋ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਵਿੱਚ 4 ਅਪ੍ਰੈਲ 2016 ਦੇ ਦਿਹਾੜੇ ਬੱਚਿਆਂ ਦਾ ਨਵਾਂ ਸੈਸ਼ਨ ਸ਼ੁਰੂ ਹੋਣਾ ਸੀ। ਅਕੈਡਮੀ ਵਿੱਚ ਇਕ ਹਵਨ ਕੀਤਾ ਗਿਆ। ਬੱਚਿਆਂ ਨੂੰ ਅਸ਼ੀਰਵਾਦ ਦੇਣ ਲਈ ਮਾਤਾ ਜੀ ਅਕੈਡਮੀ ਵਿੱਚ ਆਏ ਹੋਏ ਸਨ। ਇੰਝ ਜਾਪਦਾ ਸੀ ਕਿ ਮਾਤਾ ਜੀ ਆਪਣੇ ਰੁਝੇਵੇਂ ਛੇਤੀ ਤੋਂ ਛੇਤੀ ਸਮੇਟ ਰਹੇ ਸਨ। 3 ਅਪ੍ਰੈਲ ਨੂੰ ਦਿੱਲੀ ਤੋਂ ਵਾਪਸ ਆਏ ਸਨ ਅਤੇ ਜ਼ਿਆਦਾ ਸਮਾਂ ਉਥੇ ਨਾ ਰਹੇ। ਜ਼ੁੰਮੇਵਾਰ ਵਿਅਕਤੀਆਂ ਨੂੰ ਆਪਣੀਆਂ ਜ਼ੁੰਮੇਵਾਰੀਆਂ ਸੰਭਾਲ ਲੈਣ ਦੇ ਇਸ਼ਾਰੇ ਕਰ ਰਹੇ ਸਨ ਪਰੰਤੂ ਕੋਈ ਵੀ ਨਹੀਂ ਸੀ ਜਾਣਦਾ ਕਿ ਕੁਝ ਘਟਨਾ ਵਾਪਰਨ ਵਾਲੀ ਹੈ।

ਅਜੇ ਲਗਭਗ ਇਕ ਮਹੀਨਾ ਪਹਿਲਾਂ ਹੀ ਹੋਲਾ ਪੁਰਬ ਤੇ ਮਾਤਾ ਜੀ ਨੇ ਬੀਬੀ ਗੁਰਸ਼ਰਨ ਕੌਰ ਜੀ ਨੂੰ ਇਸ਼ਾਰਾ ਕਰ ਦਿੱਤਾ ਸੀ ਕਿ ਮੇਲਿਆਂ ਉਤੇ ਲੰਗਰ ਅਤੇ ਸੰਗਤ ਦੀ ਸੁਖ ਸਹੂਲਤ ਅਤੇ ਡੇਰਿਆਂ ਦੇ ਪ੍ਰਬੰਧ ਦੀ ਹੁਣ ਤੁਸੀਂ ਸੰਭਾਲ ਕਰਿਆ ਕਰੋ। ਅਗੋਂ ਬੀਬੀ ਜੀ ਨੇ ਹਸਦਿਆਂ ਹੋਇਆਂ ਬਚਨ ਕੀਤਾ ਕਿ ਇਹ ਕੁਝ ਤੁਸੀਂ ਹੀ ਸੰਭਾਲੋ, ਅਸੀਂ ਤਾਂ ਪਤਾ ਨਹੀਂ ਕਦੋਂ ਬੰਗਲੌਰ ਚਲੇ ਜਾਣਾ ਹੈ? ਇਹ ਇਤਿਹਾਸਕ ਵਾਰਤਾਲਾਪ ਦਾ ਜ਼ਿਕਰ ਇੰਗਲੈਂਡ ਵਾਲੀ ਬੀਬੀ ਜੀ ਨੇ ਮਾਤਾ ਜੀ ਬਾਰੇ ਲਿਖੀ ਪੁਸਤਕ ਵਿੱਚ ਕੀਤਾ ਹੈ। ਇਹ ਮਾਤਾ ਜੀ ਦੇ ਭਵਿੱਖਤ ਵਾਕ ਸਨ ਜਿਨ੍ਹਾਂ ਨੂੰ ਕਿਸੇ ਨੇ ਵੀ ਨਾ ਸਮਝਿਆ।

4 ਅਪ੍ਰੈਲ 2016 ਨੂੰ ਮਾਤਾ ਜੀ, ਕਲੱਬ ਕਾਰ ਵਿੱਚ ਬੈਠ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਵਿੱਚ ਪਹੁੰਚੇ ਅਤੇ ਬੱਚਿਆਂ ਨੂੰ ਅਸ਼ੀਰਵਾਦ ਦੇ ਕੇ ਬਾਹਰ ਵਾਲੇ ਗੇਟ ਵੱਲ ਸੇਵਕ ਕਰਤਾਰ ਸਿੰਘ ਨੇ ਕਲੱਬ ਕਾਰ ਮੋੜੀ। ਜਿਉਂ ਹੀ ਕਾਰ ਗੇਟ ਦੇ ਨੇੜੇ ਪਹੁੰਚੀ ਤਾਂ ਦੋ ਅਣਪਛਾਤੇ ਆਦਮੀ ਮੋਟਰ ਸਾਈਕਲ ਉਤੇ ਆਏ ਅਤੇ ਮਾਤਾ ਜੀ ਨੂੰ ਮੱਥਾ ਟੇਕਣ ਦਾ ਬਹਾਨਾ ਕੀਤਾ। ਜਿਉਂ ਹੀ ਮਾਤਾ ਜੀ ਨੇ ਕਾਰ ਰੁਕਵਾਈ ਤਾਂ ਉਨ੍ਹਾਂ ਵਿੱਚੋਂ ਇਕ ਨੇ ਮਾਤਾ ਜੀ ਉਤੇ ਪਿਸਤੌਲ ਨਾਲ ਦੋ ਫਾਇਰ ਕੀਤੇ ਅਤੇ ਮੋਟਰ ਸਾਈਕਲ ਉਤੇ ਸਵਾਰ ਹੋ ਕੇ ਭੱਜ ਗਏ। ਇਹ ਅਣਚਿਤਵਿਆ ਕਾਰਜ ਹੋ ਗਿਆ, ਗੁਰਦੋਖੀਆਂ, ਨਿੰਦਕਾਂ ਦੀ ਇੱਛਾ ਪੂਰੀ ਹੋ ਗਈ ਸੀ। ਇਹ ਨਿੰਦਕ ਕਾਫੀ ਸਮੇਂ ਤੋਂ ਗੁਰੂ ਘਰ ਦਾ ਨੁਕਸਾਨ ਕਰਨਾ ਚਾਹੁੰਦੇ ਸੀ, ਕਦੇ ਉਹ ਸੰਗਤ ਨੂੰ ਪਾੜਨਾ ਚਾਹੁੰਦੇ ਸੀ, ਕਦੇ ਉਹ ਸਤਿਗੁਰੂ ਉਦੈ ਸਿੰਘ ਜੀ ਉਤੇ ਜਾਨ ਲੇਵਾ ਹਮਲਾ ਕਰਦੇ ਸਨ ਪਰੰਤੂ ਉਹ ਆਪਣੇ ਮਿਸ਼ਨਾਂ ਵਿੱਚ ਕਾਮਯਾਬ ਨਹੀਂ ਸੀ ਹੋ ਰਹੇ। ਪਰ 4 ਅਪ੍ਰੈਲ ਨੂੰ ਉਹ ਆਪਣੇ ਮਿਸ਼ਨ, ਕੋਝੇ ਜਤਨ ਵਿੱਚ ਕਾਮਯਾਬ ਹੋ ਗਏ, ਉਨ੍ਹਾਂ ਨੇ ਮਾਤਾ ਜੀ ਨੂੰ ਸ਼ਹੀਦ ਕਰਕੇ ਨਾਮਧਾਰੀ ਪੰਥ ਨੂੰ ਮਾਰੂ ਚੋਟ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਮਾਤਾ ਜੀ ਦੀ ਕੁਰਬਾਨੀ ਨੂੰ ਹਮੇਸ਼ਾਂ ਯਾਦ ਰਖਿਆ ਜਾਵੇਗਾ, ਪੰਥ ਪ੍ਰਤੀ ਉਨ੍ਹਾਂ ਦੀ ਅਗੁਵਾਈ ਪ੍ਰਸ਼ੰਸਾ ਯੋਗ ਸੀ, ਉਨ੍ਹਾਂ ਦੀ ਘਾਲ ਕਮਾਈ ਭਵਿੱਖ ਵਿੱਚ ਨਾਮਧਾਰੀ ਪੰਥ ਲਈ ਸਦਾ ਰਾਹ ਦਸੇਰਾ ਸਾਬਿਤ ਹੋਵੇਗੀ।■

Namdhari Elibrary NamdhariElibrary@gmail.com

ਐਸੀ ਸੀ ਸਾਡੀ ਮਾਂ ਮਾਤਾ ਚੰਦ ਕੌਰ

✍ ਸੰਤ ਗੁਰਬਚਨ ਸਿੰਘ ਨਾਮਧਾਰੀ

ਕਦੀ ਕਿਸੇ ਸਿੱਖ ਤੋਂ ਅਵੱਗਿਆ ਹੋ ਜਾਂਦੀ, ਸਤਿਗੁਰਾਂ ਵਲੋਂ ਤਨਖਾਹ ਲੱਗ ਜਾਂਦੀ, ਮਾਤਾ ਜੀ ਉਕਤ ਸਿੱਖ ਦੇ ਮਿਤਰਾਂ, ਰਿਸ਼ਤੇਦਾਰਾਂ ਨਾਲ ਮਿਲਕੇ ਪ੍ਰਭਾਵਤ ਸਿੱਖ ਨੂੰ ਬੁਲਾ ਕੇ ਪਿਆਰ ਨਾਲ, ਭੁੱਲ ਦਾ ਅਹਿਸਾਸ ਕਰਾਉਂਦੇ ਅਤੇ ਪਛਤਾਵੇ ਵਿਚ ਆਏ ਉਸ ਸਿੱਖ ਨੂੰ ਸਤਿਗੁਰੂ ਤੋਂ ਬਖਸ਼ਾ ਕੇ, ਗੁਰਸਿੱਖੀ ਪਰਿਵਾਰ ਨਾਲ ਜੋੜ ਦਿੰਦੇ।

ਗੁੱਸਾ ਮਨਿ ਨ ਹੰਢਾਇ ਦੇ ਕੱਥਨ ਅਨੁਸਾਰ ਮਾਤਾ ਜੀ ਨੇ ਆਪਣੇ ਜੀਵਨ ਵਿਚ ਕਦੇ ਗੁੱਸਾ ਨਹੀਂ ਕੀਤਾ ਅਤੇ ਦੂਸਰਿਆਂ ਨੂੰ ਵੀ ਇਹੀ ਪ੍ਰੇਰਣਾ ਦੇ ਕੇ ਸਿੱਧੇ ਰਸਤੇ ਪਾਇਆ।

ਐਸੀ ਸੀ ਸਾਡੀ ਮਾਂ, 'ਮਾਤਾ ਚੰਦ ਕੌਰ'। ਆਕਾਸ਼ ਦਾ ਚੰਨ ਤਾਂ ਕਈ ਵਾਰ ਘੱਟਦਾ ਵੱਧਦਾ ਰਹਿੰਦੈ... ਕਈ ਵਾਰੀ ਲੁਪਤ ਵੀ ਹੋ ਜਾਂਦੈ। ਤਾਂ ਜਗਤ ਵਿਚ ਮਸਿਆ ਵਰਤ ਜਾਂਦੀ ਏ। ਪਰ, ਮਾਤਾ ਚੰਦ ਕੌਰ ਨੂੰ ਜਿਸ ਨੇ ਵੀ ਜਦੋਂ ਵੀ ਵੇਖਿਆ, ਸਦਾ ਪੁੰਨਿਆਂ ਦੇ ਚੰਦ ਵਾਂਗ ਖਿੜੀ ਹੋਈ ਵੇਖਿਆ... ਇਸ ਮਾਂ ਦੇ ਚੇਹਰੇ ਤੇ ਕਦੇ ਕੋਈ ਰੰਜਿਸ਼ ਦੀ ਇਕ ਤਿਊੜੀ ਨਾ ਵੇਖੀ, ਥਕੇਵੇਂ ਦੀ ਕੋਈ ਲਕੀਰ ਨਾ ਵੇਖੀ।

ਮੈਂ, ਉਂਞ ਤਾਂ ਮਾਤਾ ਇੰਦਰ ਕੌਰ ਅਤੇ ਪਿਤਾ ਜੀ ਸੂਬਾ ਦੀਵਾਨ ਸਿੰਘ ਦੀ ਉਂਗਲ ਫੜ ਕੇ ਬਾਲ ਅਵਸਥਾ ਤੋਂ ਸ੍ਰੀ ਭੈਣੀ ਸਾਹਿਬ ਆਉਂਦਾ ਜਾਂਦਾ ਰਿਹਾ। ਪਰ ਸੰਨ 1962 ਨੂੰ ਅੱਸੂ ਦੇ ਮੇਲੇ ਤੇ 13 ਸਾਲ ਦੀ, ਇਕਸਤ ਪਛਾਣ ਸ਼ਕਤੀ ਅਤੇ ਅਸਾਧਾਰਣ ਬੋਧ ਦੀ ਅਵਸਥਾ ਵਿਚ, ਮਾਤਾ ਚੰਦ ਕੌਰ ਜੀ ਦੇ ਦਰਸ਼ਨ ਕੀਤੇ। ਉਦੋਂ ਅਜੇ ਦੋ ਦਿਨ ਪਹਿਲਾਂ ਹੀ ਚੀਨ ਨੇ ਭਾਰਤ ਦੇ ਲੱਦਾਖ ਅਤੇ ਨੇਫਾ ਖੇਤਰ ਤੇ ਹਮਲਾ ਕਰ ਦਿਤਾ ਸੀ। ਰੇਡੀਓ ਤੇ ਕਈ ਭਾਰਤੀ ਚੌਕੀਆਂ ਤੇ ਅੱਗੇ ਵਧ ਰਹੀ ਚੀਨੀ ਫੌਜ ਦੀਆਂ ਖਬਰਾਂ ਤੋਂ ਸਾਰੇ ਭੈਅ ਅਤੇ ਸ਼ੰਕਾ ਗ੍ਰਸਤ ਹੋ ਰਹੇ ਸਨ। ਸ਼ਾਮ ਹੁੰਦਿਆਂ, ਸਰਕਾਰੀ ਐਲਾਨ ਅਨੁਸਾਰ ਬਲੈਕ ਆਊਟ ਹੋ ਜਾਂਦਾ। ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਵੀ, ਪਾਠੀ ਉਪਰੋਂ ਕਾਨਿਆਂ ਨਾਲ ਢੱਕੇ ਹੋਏ ਸ਼ੇਡ ਥੱਲੇ, ਦੀਵੇ ਦੀ ਮੱਧਮ ਲੋਅ ਵਿਚ ਹੁੰਦਾ। ਰੋਜ਼ ਮੱਰਾ ਦੇ ਕੰਮ ਲੰਗਰ ਬਣਾਉਣ ਤੇ ਸਾਂਭਣ ਦੇ ਕੰਮ, ਹਨੇਰਾ ਘਿਰਨ ਤੋਂ ਪਹਿਲਾਂ ਮੁਕਾ ਲਿਆ ਜਾਂਦਾ। ਉਸ ਸਮੇਂ, ਅਸੀਂ ਲੰਗਰ ਵਿਚ ਪੁੱਜੇ। ਦੁਪਹਿਰ ਦਾ ਕੋਈ ਸਮਾਂ ਹੋਣੈ। ਦਰਸ਼ਨ ਡਿਉੜੀ ਟੱਪਦਿਆਂ ਸੁੰਦਰਤਾ, ਸਾਦਗੀ, ਸ਼ਾਂਤੀ ਅਤੇ ਸੋਮਯਤਾ ਦੀ ਸਾਖਿਆਤ ਦੇਵੀ ਦੇ ਦਰਸ਼ਨ ਹੋਇ। ਉਹ ਦੇਵੀ ਅਤੇ ਚਾਰ ਪੰਜ ਹੋਰ ਸੇਵਾ ਕਰਦੀਆਂ ਔਰਤਾਂ ਛੱਜ ਵਿਚ ਕਣਕ ਛੱਟ ਰਹੀਆਂ ਸਨ। ਨਜ਼ਰ ਪੈਂਦਿਆਂ ਹੀ ਪਿਤਾ ਜੀ ਹੱਥ ਜੋੜ, ਸਾਨੂੰ ਸੁਚੇਤ ਕੀਤਾ, ਮਾਤਾ ਜੀ। ਮਾਤਾ ਪਿਤਾ ਦੇ ਨਾਲ ਮੈਂ ਵੀ ਚਰਨਾਂ ਤੇ ਨਮਸਕਾਰ ਕੀਤੀ। ਮੇਰੀ ਮਾਤਾ ਨੇ ਮੇਰਾ ਹੱਥ ਫੜ ਕੇ, ਮੈਨੂੰ ਥੋੜ੍ਹਾ ਅੱਗੇ ਕੀਤਾ ਤੇ ਹੱਥ ਜੋੜ ਪ੍ਰਿਚੈ ਦਿੱਤਾ, ਮਾਤਾ ਜੀ ਪੁੱਤਰ ਏ। ਮਾਤਾ ਜੀ ਨੇ ਖਿੜ ਕੇ ਅਸ਼ੀਰਵਾਦ ਦੀ ਮੁਦਰਾਂ ਵਿਚ, ਮਮਤਾ ਅਤੇ ਅਪਣੱਤ ਭਰੇ ਨੈਣਾਂ ਨਾਲ, ਵੇਖਿਆ ਤੇ ਬਚਨ ਕੀਤਾ, "ਕਾਕਾ, ਹੁਣ

Namdhari Elibrary NamdhariElibrary@gmail.com

ਆਉਂਦਾ ਜਾਂਦਾ ਰਵੀਂ"! ਉਸ ਵੇਖਣੀ ਵਿਚ ਗਜ਼ਬ ਦੀ ਸੰਮੋਹਨ ਸੀ....ਬਾਲ ਕਥਾਵਾਂ ਵਿਚ ਪੜ੍ਹਿਆ ਹੋਣੈ ਕਿਸੇ ਰਾਣੀ ਪਰੀ ਦੀ ਗੈਬੀ ਸ਼ਕਤੀ ਦੀ ਖਿੱਚ ਸੀ। ਮੈਂ 54 ਸਾਲਾਂ ਬਾਅਦ, ਅੱਜ ਵੀ ਉਸ ਸੰਮੋਹਨ ਤੋਂ ਉਸ ਖਿੱਚ ਤੋਂ ਅਭਿਭੂਤ ਹਾਂ।

ਮਾਤਾ ਜੀ ਵਾਸਤੇ, ਜਗ ਜਾਹਰ ਸੀ, ਕਿ ਮਾਤਾ ਜੀ ਨੂੰ ਗੁੱਸਾ ਨਹੀਂ ਆਉਂਦਾ। ਇਕ ਵਾਰ ਇਕ ਪ੍ਰਸੰਗ ਛਿੜਯਾ, ਤਾਂ ਉਂਕਾਰ ਸਿੰਘ (ਸੇਠ ਕਿਰਪਾਲ ਸਿੰਘ ਦਾ ਛੋਟਾ ਪੁੱਤਰ) ਜੋ ਮਾਤਾ ਜੀ ਦੇ ਛੋਟੇ ਭਾਈ ਸੰਤ ਬਲੀ ਸਿੰਘ ਦਾ ਜਵਾਈ ਹੈ ਨੇ ਦੱਸਿਆ, "ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧ ਬਾਬਤ ਜਾਂ ਡੇਰੇ ਦੀ ਸਾਂਭ ਸੰਭਾਲ ਨਾਲ ਸੰਬੰਧਿਤ ਕਿਸੇ ਪ੍ਰਸੰਗ ਤੇ ਚਰਚਾ ਕਰਦਿਆਂ ਹੋਇਆਂ ਮੈਂ ਕਈ ਵਾਰ ਜ਼ਰੂਰਤ ਤੋਂ ਜ਼ਿਆਦਾ ਗਰਮ ਹੋ ਜਾਂਦਾ ਸਾਂ। ਹਰ ਵਾਰ ਮਾਤਾ ਜੀ ਮੁਸਕਰਾਹਟ ਛੱਡਦੇ ਤੇ ਕਹਿੰਦੇ, "ਇਦਾਂ ਨਹੀਂ ਸੋਚੀ ਦਾ ਹੁੰਦਾ... ਸੱਚੇ ਪਾਤਸ਼ਾਹ ਸਭ ਠੀਕ ਕਰ ਲੈਣਗੇ।"

ਭਾਈ ਲੱਧਾ ਸਿੰਘ ਦੇ ਪਰਉਪਕਾਰ ਦਾ ਪ੍ਰਸੰਗ ਸਭ ਜਾਣਦੇ ਹਨ। ਪੰਜਵੇਂ ਪਾਤਸ਼ਾਹ ਸਮੇਂ ਹਜ਼ੂਰੀ ਰਾਗੀ ਸੱਤਾ ਤੇ ਬਲਵੰਡ ਨੂੰ ਬਖਸ਼ਾ ਕੇ ਗੁਰੂ ਚਰਨਾਂ ਨਾਲ ਜੋੜਿਆ। ਮਾਤਾ ਜੀ ਦੀ ਮਨੋਦਸ਼ਾ ਸਦਾ ਇਸੇ ਪਰਉਪਕਾਰੀ ਤਲ ਤੇ ਰਹਿੰਦੇ। ਸਦਾ ਕਹਿੰਦੇ, ਕੋਈ ਸਿੱਖ ਸਤਿਗੁਰੂ ਤੋਂ ਟੁੱਟੇ ਤਾਂ ਮੈਨੂੰ ਬਹੁਤ ਦੁੱਖ ਹੁੰਦੈ। ਕਦੀ ਕਿਸੇ ਸਿੱਖ ਤੋਂ ਅਵੱਗਿਆ ਹੋ ਜਾਂਦੀ, ਸਤਿਗੁਰਾਂ ਵਲੋਂ ਤਨਖਾਹ ਲੱਗ ਜਾਂਦੀ, ਮਾਤਾ ਜੀ ਉਕਤ ਸਿੱਖ ਦੇ ਮਿਤਰਾਂ, ਰਿਸ਼ਤੇਦਾਰਾਂ ਨਾਲ ਮਿਲਕੇ ਪ੍ਰਭਾਵਤ ਸਿੱਖ ਨੂੰ ਬੁਲਾ ਕੇ ਪਿਆਰ ਨਾਲ, ਭੁੱਲ ਦਾ ਅਹਿਸਾਸ ਕਰਾਉਂਦੇ ਅਤੇ ਪਛਤਾਵੇ ਵਿਚ ਆਏ ਉਸ ਸਿੱਖ ਨੂੰ ਸਤਿਗੁਰੂ ਤੋਂ ਬਖਸ਼ਾ ਕੇ, ਗੁਰਸਿੱਖੀ ਪਰਿਵਾਰ ਨਾਲ ਜੋੜ ਦਿੰਦੇ।

ਸੱਚੇ ਪਾਤਸ਼ਾਹ ਕਿਸੇ ਗੱਲ ਤੋਂ ਇੰਦਰ ਸਿੰਘ ਹੁਰਾਂ ਨਾਲ ਨਾਰਾਜ਼ ਸਨ। ਪਰਿਵਾਰ ਦਿਆਂ ਨੂੰ ਤਾਂ ਜੋ ਦੁੱਖ ਹੋਣਾ ਸੀ, ਸੁਭਾਵਿਕ ਹੋਇਆ ਹੀ, ਪਰ ਉਸ ਤੋਂ ਵੱਧ ਦੁੱਖ ਮਾਤਾ ਜੀ ਨੇ ਮੰਨਿਆ। ਇੰਦਰ ਸਿੰਘ ਨਾਲ ਮਧੁਰ ਸੰਬੰਧ ਵਾਲਿਆਂ ਨੂੰ ਇਕ-ਇਕ ਨੂੰ ਮਿਲਕੇ ਸਿੱਖ-ਗੁਰੂ ਮਿਲਣ ਲਈ ਉਪਰਾਲਾ ਕੀਤਾ। ਮੈਨੂੰ, ਸ੍ਰੀ ਭੈਣੀ ਸਾਹਿਬ ਵਖਰਿਆਂ ਕਰਕੇ ਵਚਨ ਕੀਤਾ, ਸੱਚੇ ਪਾਤਸ਼ਾਹ ਇੰਦਰ ਸਿੰਘ ਤੇ ਬਹੁਤ ਮਾਣ ਕਰਦੇ ਸੀ....ਹੁਣ ਅੰਦਰੋਂ ਉਦਾਸ ਨੇ। ਤੁਸੀਂ ਕਿਵੇਂ ਵੀ ਇਕ ਵਾਰ ਲੈ ਆਉ, ਮੈਂ ਆਪ ਨਾਲ ਖੜੋਵਾਂਗੀ। ਸ਼ਾਇਦ ਮਾਤਾ ਜੀ ਦੀਆਂ ਗਹਿਰੀਆਂ, ਸੰਵੇਦਨਸ਼ੀਲ ਅਰਜੋਈਆਂ ਹੀ ਧੁਰਿ ਤੱਕ ਪੁੱਜੀਆਂ....ਸੱਚੇ ਪਾਤਸ਼ਾਹ 1977 ਚੜ੍ਹਦਿਆਂ, ਡਾਲਟਨਗੰਜ ਦੌਰੇ ਸਮੇਂ ਵਚਨ ਕੀਤਾ, "ਇੰਦਰ

"ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧ ਬਾਬਤ ਜਾਂ ਡੇਰੇ ਦੀ ਸਾਂਭ ਸੰਭਾਲ ਨਾਲ ਸੰਬੰਧਿਤ ਕਿਸੇ ਪ੍ਰਸੰਗ ਤੇ ਚਰਚਾ ਕਰਦਿਆਂ ਹੋਇਆਂ ਮੈਂ ਕਈ ਵਾਰ ਜ਼ਰੂਰਤ ਤੋਂ ਜ਼ਿਆਦਾ ਗਰਮ ਹੋ ਜਾਂਦਾ ਸਾਂ। ਹਰ ਵਾਰ ਮਾਤਾ ਜੀ ਮੁਸਕਰਾਹਟ ਛੱਡਦੇ ਤੇ ਕਹਿੰਦੇ, "ਇਦਾਂ ਨਹੀਂ ਸੋਚੀ ਦਾ ਹੁੰਦਾ... ਸੱਚੇ ਪਾਤਸ਼ਾਹ ਸਭ ਠੀਕ ਕਰ ਲੈਣਗੇ।"

ਸਿੰਘ ਜੋ ਠੀਕ ਸਮਝੇ ਕਰੇ, ਹੁਣ ਮੇਰੀ ਕੋਈ ਨਰਾਜ਼ਗੀ ਨਹੀਂ। ਦੂਰ ਅੰਦੇਸ਼ ਸਤਿਗੁਰੂ ਨੇ ਆਉਣ ਵਾਲਾ ਸਮਾਂ ਸ਼ਾਇਦ ਵੇਖ ਲਿਆ ਸੀ, ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ, ਅਪੋਜ਼ੀਸ਼ਨ ਪਾਰਟੀਆਂ ਦਾ ਸਮੂਹਿਕ ਅੰਦੋਲਨ ਚਲ ਪਿਆ ਸੀ ਕੁੱਝ ਸਮੇਂ ਬਾਅਦ ਹੀ ਜਨਤਾ ਪਾਰਟੀ ਦੀ ਸਰਕਾਰ ਬਣੀ, ਇੰਦਰ ਸਿੰਘ ਨਾਮਧਾਰੀ ਬਿਹਾਰ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਬਣੇ, ਸਤਿਗੁਰੂ ਜੀ ਦੀਆਂ ਖੁਸ਼ੀਆਂ ਸਨ, ਮਾਤਾ ਜੀ, ਗੁਰੂ ਸਿੱਖ ਮਿਲਨ ਤੇ ਪ੍ਰਫੁਲਿਤ ਹੋ ਰਹੇ ਸਨ।

ਸੰਨ 2006 ਤੋਂ ਸੰਨ 2009 ਦੀ ਪਹਿਲੀ ਤਿਮਾਹੀ ਤੱਕ ਮੀਟਿੰਗਾਂ ਦਾ ਦੌਰ ਚਲਿਆ। ਦਿੱਲੀ, ਸ੍ਰੀ ਜੀਵਨ ਨਗਰ, ਚੰਡੀਗੜ੍ਹ, ਮੁਕੇਰੀਆਂ, ਲੁਧਿਆਣਾ, ਪਟਿਆਲਾ, ਰੋਪੜ, ਮੰਡੀ, ਗੜ੍ਹਦੀਵਾਲ, ਕਈ ਥਾਵਾਂ ਤੇ ਮੀਟਿੰਗਾਂ ਦਾ ਦੌਰ ਚਲਿਆ। ਮੈਨੂੰ ਮੀਟਿੰਗਾਂ ਵਾਲਿਆਂ ਦਾ ਪ੍ਰਧਾਨ ਕਿਹਾ ਜਾਂਦਾ ਸੀ। ਅਜ ਇਸ ਲੇਖ ਵਿਚ, ਮੈਂ ਸਮੇਂ ਦੀ ਧੁੜ ਵਿਚ ਢੱਕੇ ਛੁਪੇ ਪੰਨਿਆਂ ਨੂੰ ਬਹੁਤ ਇਮਾਨਦਾਰੀ ਨਾਲ ਖੋਲਾਂਗਾ। ਪਹਿਲੀ ਗੱਲ ਤਾਂ ਇਹ ਕਿ ਉਹ ਨਿਰੋਲ ਪੰਥਕ ਸੁਧਾਰਵਾਦੀ ਲਹਿਰ ਸੀ ਅਤੇ ਕਿਸੇ ਧੜੇ ਤੋਂ ਪ੍ਰਭਾਵਿਤ ਜਾਂ ਨਿਰਦੇਸ਼ਤ ਨਹੀਂ ਸੀ। ਸਾਡੇ ਧਰਮ ਕੇਂਦਰ ਦੇ ਆਰਥਿਕ ਅਤੇ ਪ੍ਰਸ਼ਾਸ਼ਨਿਕ ਪ੍ਰਬੰਧਕ, ਸੰਗਤ ਨੂੰ, ਪਾਤਸ਼ਾਹ ਜੀ ਦੇ ਦਰਸ਼ਨ ਦੀਦਾਰੇ, ਲੰਗਰ ਸੁਧਾਰ ਆਦਿ ਤੇ ਨਾਲ ਨਾਲ ਪੂਜਯ ਮਾਤਾ ਜੀ ਦੀ ਗੌਰਵਮਈ ਗਰਿਮਾ ਦੀ ਸਥਾਪਨਾ, ਇਸ ਲਹਿਰ ਦੇ ਮੁੱਖ ਮੰਤਵ ਸਨ। ਉਹ ਮੁਹਿੰਮ ਪੰਥਕ ਚੇਤਨਾ, ਜਾਗ੍ਰਿਤੀ ਨੂੰ ਸਮਰਪਿਤ ਸੀ ਅਤੇ ਇਸ ਦੇ ਆਰੰਭ ਤੋਂ ਪਹਿਲਾਂ ਸਤਿਗੁਰੂ ਜੀ ਤੋਂ ਬਕਾਇਦਾ ਅਰਜ਼ ਕਰਕੇ, ਮੋਨ ਸਵੀਕ੍ਰਿਤੀ ਲੈ ਲਈ ਗਈ ਸੀ। ਪਰ ਅਕਸਰ ਜਿਵੇਂ ਹੁੰਦੈ, ਲਹਿਰਾ ਦਾ ਆਰੰਭ ਤਾਂ ਕਿਸੇ ਹੋਰ ਮੰਤਵ, ਮਾਨਸਿਕਤਾ ਨਾਲ ਹੁੰਦੈ ਕਾਲਾਂਤਰ ਵਿਚ ਕਈ ਹੋਰ ਅਣਮਿਥੇ ਵਿਸ਼ੇ ਵੀ ਪ੍ਰਵੇਸ਼ ਕਰ ਜਾਂਦੇ ਹਨ।

Namdhari Elibrary NamdhariElibrary@gmail.com

ਮਾਤਾ ਜੀ ਨੇ ਆਤਮ ਵਿਸ਼ਵਾਸ਼ ਨਾਲ ਸੁਧਾਰ ਦੀ ਸਾਰੀ ਜਿੰਮੇਵਾਰੀ ਆਪਣੇ ਤੇ ਲੈ ਲਈ ਅਤੇ ਪੰਥਕ ਸ਼ਾਨ ਪਛਾਣ ਦੇ ਖਿਲਾਫ ਜਾ ਰਹੀਆਂ ਗਤੀਵਿਧੀਆਂ ਨੂੰ ਬੰਦ ਕਰਨ ਦੀ ਅਪੀਲ ਕੀਤੀ।

ਸਾਡੇ ਨਾਲ ਵੀ ਕੁੱਝ ਇਵੇਂ ਹੀ ਹੋਇਆ। ਕੁੱਝ ਤਥਾਕਥਤ ਸਮਰਥਾਵਾਨ ਅਤੇ ਮਹੱਤਵ ਆਕਾਂਸੀ ਸੱਜਣਾਂ ਨੇ ਆਪਣੀ ਸੋਚ ਅਨੁਸਾਰ, ਇਸ ਸ਼ਾਂਤ ਅਤੇ ਅਹਿੰਸਕ ਲਹਿਰ ਵਿਚ ਗਰਮਧਾਰਾ ਮਿਲਾਉਣ ਦੀ ਕੋਸ਼ਿਸ਼ ਕੀਤੀ। ਮੈਂ ਖਤਰੇ ਨੂੰ ਭਾਂਪ ਰਿਹਾ ਸਾਂ, ਪਰ ਅਜੇ ਨਿਕਾਸੀ ਦਾ ਕੋਈ ਮਾਕੂਲ-ਮਾਰਗ ਨਹੀਂ ਦਿਸ ਰਿਹਾ ਸੀ। .... 2009 ਨੂੰ ਮੰਡੀ (ਹਿਮਾਚਲ) ਮੀਟਿੰਗ ਸੀ। ਪੰਜਾਬ, ਹਰਿਆਣਾ, ਦਿੱਲੀ ਅਤੇ ਹਿਮਾਚਲ ਤੋਂ ਕਈ ਸਮਰਥਕ ਆਏ ਸਨ। ਮੀਟਿੰਗ ਤੋਂ ਫਾਰਿਗ ਹੋ ਕੇ ਪੰਜ ਛੇ ਗੱਡੀਆਂ ਤੇ ਸ੍ਰੀ ਭੈਣੀ ਸਾਹਿਬ ਪੁੱਜੇ। ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਕੇ ਮਾਤਾ ਜੀ ਦੇ ਦਰਸ਼ਨ ਕੀਤੇ। ਆਪਾਂ ਕੋਠੀ ਦੇ ਬਾਹਰ ਲਾਨ (ਗਾਰਡਨ) ਵਿਚ ਬੈਠੇ ਸਾਂ। ਮਾਤਾ ਜੀ ਦਾ ਸੇਵਕ ਆਇਆ ਤੇ ਕਿਹਾ, "ਸੰਤ ਗੁਰਬਚਨ ਸਿੰਘ ਹੁਰਾਂ ਨੂੰ ਮਾਤਾ ਜੀ ਯਾਦ ਕਰ ਰਹੇ ਨੇ।" ਮੈਂ ਇਕੱਲਾ ਅੰਦਰ ਗਿਆ- ਮਾਤਾ ਜੀ ਇਸ਼ਾਰਾ ਕੀਤਾ ਸੇਵਕ ਬਾਹਰ ਚਲਾ ਗਿਆ। ਮਾਤਾ ਜੀ ਮੰਜੇ ਤੇ ਬੈਠੇ ਸਨ, ਮੈਂ ਨੇੜੇ ਚਰਨਾਂ ਕੋਲ ਖਿਸਕ ਆਇਆ।"

"ਹੁਣ ਬਸ ਕਰੋ...ਇਹ ਕੰਮ ਸਮੇਟ ਲਉ.... ਇਹ ਨਾ ਹੋਇ ਦੇਰ ਹੋ ਜਾਇ... ਗੱਲ ਤੁਹਾਥੋਂ ਬਾਹਰ ਹੋ ਜਾਇ। ਮੈਂ ਵੀ ਇਹੋ ਚਾਹੁੰਦਾ ਸਾਂ। ਅਰਜ਼ ਕੀਤੀ, "ਵਾਰਤਾ ਆਰੰਭ ਕਰਦਾਂ। ਸਮਾਂ ਆਉਣ ਤੇ ਕਿਤੇ ਆਪ ਜੀ ਨੂੰ ਸੱਦ ਕੇ, ਲਹਿਰਾਂ ਸਮਾਪਤ ਕਰ ਦਿਆਂਗੇ। ਵਿਉਂਤ ਬਣਾਈ। ਚੰਡੀਗੜ੍ਹ ਮੀਟਿੰਗ ਬੁਲਾਈ। ਉਸ ਸੱਦੇ ਤੇ ਨਾਲ ਹੀ ਲਹਿਰ ਨੂੰ ਕੁੱਝ ਸਮੇਂ ਲਈ ਵਿਸ਼ਰਾਮ ਦੇਣ ਦੀ ਪੇਸ਼ਕਸ਼ ਕੀਤੀ। ਵਿਚੋਂ ਹੀ, ਜਿਵੇਂ ਕਿ ਸੁਭਾਵਕ ਸੀ ਕੁੱਝ ਤਥਾਕਥਤ ਗਰਮ ਖਿਆਲੀਆਂ ਨੇ ਇਸ ਸੰਮਾਪਨ ਸਭਾ ਨੂੰ ਰੋਕਣ ਲਈ ਬੜੇ ਹੱਥ ਪੈਰ ਮਾਰੇ, ਪਰ ਸੱਚ ਕਹਿੰਦਾ, ਮਾਤਾ ਜੀ ਡੱਟ ਕੇ ਮੇਰੇ ਨਾਲ ਖਲੋਤੇ।

ਸ੍ਰੀ ਭੈਣੀ ਸਾਹਿਬ ਤੋਂ ਚੰਡੀਗੜ੍ਹ, ਸਾਡੇ ਵਿਚ ਆਉਣ ਵਾਸਤੇ ਬਹੁਤ ਅਵਰੋਧ ਵਿਰੋਧ ਹੋਇ...ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ। ਸੰਤ ਮਹਿੰਦਰ ਸਿੰਘ ਬਾਲੀ ਨਗਰ ਅਤੇ ਸੂਬਾ ਜਗੀਰ ਸਿੰਘ ਹੁਰਾਂ ਦੇ ਫੋਨ ਆਉਂਦੇ ਰਹੇ ਕਿ ਮਾਤਾ ਜੀ ਨਹੀਂ ਆ ਸਕਦੇ- ਅਸੀਂ ਆ ਜਾਂਦੇ ਹਾਂ। ਪਰ ਮੈਨੂੰ ਅੰਦਰੋਂ ਅਹਿਸਾਸ ਸੀ, ਗੱਲ ਬਣਨ ਦੀ ਥਾਂ ਹੋਰ ਵਿਗੜ ਜਾਣ ਦੀ। ਲਿਹਾਜਾ ਮੈਂ ਮਾਤਾ ਜੀ ਦੇ ਹਰ ਹਾਲ, ਭਾਵੇਂ ਦੱਸ ਮਿੰਟਾਂ ਵਾਸਤੇ, ਲਾਜ਼ਮੀ ਆਉਣ ਲਈ ਅੜਿਆ ਰਿਹਾ। ਉਧਰ ਮਾਤਾ ਜੀ ਵੀ ਸਾਰੀਆਂ ਰੁਕਾਵਟਾਂ ਨੂੰ ਲਾਂਭਿਆਂ ਕਰ ਆ ਗਏ। ਸਾਰੇ ਉਪਸਥਿਤ ਪ੍ਰਤੀਨਿਧੀਆਂ ਵਿਚ, ਮਾਤਾ ਜੀ ਨੇ ਆਤਮ ਵਿਸ਼ਵਾਸ਼ ਨਾਲ ਸੁਧਾਰ ਦੀ ਸਾਰੀ ਜਿੰਮੇਵਾਰੀ ਆਪਣੇ ਤੇ ਲੈ ਲਈ ਅਤੇ ਪੰਥਕ ਸ਼ਾਨ ਪਛਾਣ ਦੇ ਖਿਲਾਫ ਜਾ ਰਹੀਆਂ ਗਤੀਵਿਧੀਆਂ ਨੂੰ ਬੰਦ ਕਰਨ ਦੀ ਅਪੀਲ ਕੀਤੀ। ਸਤਿਗੁਰਾਂ ਦੀ ਕਿਰਪਾ ਨਾਲ ਮੈਂ ਮਾਤਾ ਜੀ ਦੀ ਕਥਨੀ ਤੇ ਪੂਰਾ ਭਰੋਸਾ ਦਿਵਾਉਂਦਿਆਂ ਹੋਇਆਂ "ਨਾਮਧਾਰੀ ਅਵੇਅਰਨੇਸ਼ ਸੁਸਾਇਟੀ" ਦੀਆਂ ਸਾਰੀਆਂ ਗਤੀਵਿਧੀਆਂ ਨੂੰ ਵਿਰਾਮ ਦੇਣ ਦੀ ਘੋਸ਼ਣਾ ਕੀਤੀ। ਅਤੇ ਉਹ ਲਹਿਰ ਸ਼ਾਂਤ ਹੋ ਗਈ.... ਮਾਤਾ ਜੀ ਦੀ ਸ਼ੀਤਲ ਸਖਸ਼ੀਅਤ - ਸਰੋਵਰ ਵਿਚ ਸਮਾ ਗਈ...।

ਮਾਤਾ ਜੀ ਨੇ ਏਨਾਂ ਕੁੱਝ ਪੰਥ ਨੂੰ ਦਿਤੈ...ਆਪਣਾ ਆਪਾ ਵੀ ਵਾਰ ਦਿੱਤਾ। ਕਦੀ ਕੁੱਝ ਆਪਣੇ ਲਈ ਸੰਜੋਯ ਕੇ ਨਹੀਂ ਰੱਖਿਆ। ਪਿਛਲੇ ਬੈਂਕਾਕ ਦੇ ਦੌਰੇ ਤੇ, ਬੀਬੀ ਕੰਵਲਜੀਤ ਕੌਰ (ਸੇਠ ਮਹਿਤਾਬ ਸਿੰਘ ਦੇ ਘਰੋਂ) ਨੇ ਦੱਸਿਆ, "ਮਾਤਾ ਜੀ ਕਪੜੇ ਤਕ, ਆਪਣੇ ਲਈ ਨਹੀਂ ਸਨ ਬਣਾਉਂਦੇ। ਮੈਂ ਕਹਿਣਾ, ਮਾਤਾ ਜੀ, ਆਹ ਤੁਹਾਡੀ ਕਮੀਜ਼ ਕਿਨਾਰਿਓਂ ਪਾਟੀ ਏ....ਮੈਂ ਨਹੀਂ ਤੁਹਾਡੇ ਨਾਲ ਜਾਣਾ...ਪਹਿਲਾਂ ਇਹ ਬਦਲੋ- ਦੂਜਾ ਸੂਟ ਪਾਓ। ਮਾਤਾ ਜੀ ਹੱਸ ਛੱਡਦੇ। ਇਕ ਘੰਟੇ ਬਾਅਦ ਬਾਹਰ ਜਾਣ ਵੇਲੇ ਆਈ ਤਾਂ ਵੇਖਿਆ ਓਹੋ ਸੂਟ, ਪਰ ਥੱਲੋਂ ਜਿੱਥੇ ਪਾਟਿਆ ਸੀ, ਉਥੋਂ ਫੱਟਾ ਮੋੜ ਕੇ ਸੀਤਾ ਹੋਇਆ। ਮੇਰੀ ਨਜ਼ਰ ਨੂੰ ਭਾਂਪ ਕੇ ਕਹਿਣ ਲੱਗੇ, "ਹੁਣ ਵੇਖ...ਹੁਣ ਤਾਂ ਨਹੀਂ ਪਾਟਿਆ ਹੋਇਆ ਅਤੇ ਕਵੰਲਜੀਤ ਦਾ ਗੱਲਾ ਭਰ ਆਇਆ...ਅੱਖਾਂ ਭਰ ਆਈਆਂ।

ਕਿੰਨਾ ਲਿਖੀਐ ? ਜਿੰਨਾ ਲਿਖਦਾ ਹਾਂ... ਪੰਥ ਨੂੰ ਭੇਟ ਸੇਵਾਵਾਂ ਦੀ ਸਲਲ ਸਰਿਤਾ ਹੋਰ ਵੱਗੀ ਆਉਂਦੀ ਏ... ਵੱਗਦੇ ਹੋਇ ਦਰਿਆ ਵਾਂਗ, ਮਾਤਾ ਜੀ ਦੀ ਧਰਮ ਧਾਰਾ ਵਗਦੀ ਰਹਿਣੀ....ਹੁਣ ਤਾਂ, ਬਸ ਇਹੋ ਕਹਿੰਦਾ-

"ਕਿਸ ਨਾਲ ਤੇਰੀ ਉਪਮਾ ਦੇਵਾਂ,
ਜੇ ਕੋਈ ਐਸਾ ਹੋਵੇ ਤਾਂ।
ਤੂੰ ਰਹੀ ਸਭਿਨੂੰ ਸਾਂਭਦੀ,
ਪ੍ਰਤਿਪਾਲਦੀ, ਮੇਰੀ ਮਾਂ।

■

Namdhari Elibrary NamdhariElibrary@gmail.com

ਮਾਤਾ ਜੀ ਦਾ ਰੁਤਬਾ

✍ ਸੂਬਾ ਬਲਵਿੰਦਰ ਸਿੰਘ ਝੱਲ



ਆਪਣੇ ਉਮਰ ਦੇ 84 ਵਰ੍ਹਿਆਂ ਦੀ ਉਮਰ ਵਿਚ ਜਿਸ ਪ੍ਰਕਾਰ ਮਾਤਾ ਚੰਦ ਕੌਰ ਜੀ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਇਆ ਹੈ ਇਸ ਪਿਛੇ ਇਹ ਆਖਿਆ ਜਾ ਸਕਦਾ ਹੈ ਕਿ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ੀ ਹੋਈ ਤਾਕਤ ਹੀ ਸੀ ਜੋ ਕਿ ਕਰਾਮਾਤ ਤੋਂ ਘੱਟ ਨਹੀਂ ਸੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਏਨੇ ਵਡੇ ਘਰ ਦੀ ਮਾਣ-ਮਰਯਾਦਾ ਅਤੇ ਸਤਿਕਾਰ ਨੂੰ ਮਾਤਾ ਚੰਦ ਕੌਰ ਜੀ ਨੇ ਕਦੀ ਵੀ ਜਰ੍ਹਾ ਜਿੰਨੀ ਵੀ ਆਂਚ ਨਹੀਂ ਆਉਣ ਦਿੱਤੀ।। ਸਗੋਂ ਇਕ ਸੁੱਘੜ ਸਿਆਣੀ ਅਤੇ ਗੁਣਾਂ ਨੂੰ ਆਪਣੇ ਅੰਦਰ ਸਹਿਜ ਸੁਭਾਅ ਧਾਰਨ ਕਰਦਿਆਂ ਹੋਇਆਂ ਆਪਣੇ ਪਤੀ ਪਰਮਾਤਮਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਤੇ ਆਗਿਆ ਅਨੁਸਾਰ ਵੱਡੇ ਤੋਂ ਵੱਡੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਜਿਨਾਂ ਦੀ ਮਿਸਾਲ ਹੋਰ ਕਿਤੋਂ ਵੀ ਨਹੀਂ ਮਿਲ ਸਕਦੀ। ਗੁਰੂ ਘਰ ਦੀ ਸੇਵਾ ਸੰਭਾਲ ਕਰਦਿਆਂ ਹੋਇਆਂ ਮਾਤਾ ਜੀ ਨੇ ਕਦੇ ਵੀ ਆਪਣੇ ਮਨ ਅੰਦਰ ਇਸ ਤਰ੍ਹਾਂ ਮਹਿਸੂਸ ਨਹੀਂ ਹੋਣ ਦਿੱਤਾ ਕਿ ਮੇਰਾ ਇਸ ਘਰ ਵਿਚ ਰੁੱਤਬਾ ਵੀ ਬਹੁਤ ਵੱਡਾ ਹੈ।

ਸੰਨ 1932 ਈ. ਵਿੱਚ ਜ਼ਿਲਾ ਬਠਿੰਡਾ ਦੇ ਪਿੰਡ ਬਾਜਾਖਾਨਾ ਪੰਜਾਬ ਦੇ ਮਾਲਵਾ ਇਲਾਕੇ ਵਿਚ ਇਕ ਸਧਾਰਣ ਜਿਮੀਂਦਾਰ ਸ. ਸਰਵਨ ਸਿੰਘ ਸਿੱਧੂ ਬਰਾੜ ਦੇ ਘਰ ਮਾਤਾ ਸਮਾਂ ਕੌਰ ਜੀ ਦੀ ਕੁੱਖੋਂ ਜਨਮੀ ਇਸ ਬੱਚੀ ਦਾ ਨਾਮ ਕਰਤਾਰ ਕੌਰ ਰੱਖਿਆ ਗਿਆ। ਇਸ ਬੱਚੀ ਦਾ ਜਨਮ ਆਪਣੇ ਨਾਨਕੇ ਪਿੰਡ ਬੁਰਜਥਰੋੜ (ਬਠਿੰਡਾ) ਵਿਚ ਹੋਇਆ ਸੀ। ਬਚਪਨ ਤੋਂ ਲੈ ਕੇ ਜਵਾਨੀ ਦੀ ਦਹਲੀਜ ਤੱਕ ਦਾ ਸਮਾਂ ਇਸ ਬੱਚੀ ਕਰਤਾਰ ਕੌਰ ਦਾ ਆਪਣੇ ਨਾਨਕੇ ਪਿੰਡ ਹੀ ਬਤੀਤ ਹੋਇਆ। ਸਮਾਂ ਬਤੀਤ ਹੋਣ ਤੇ ਇਸ ਬੱਚੀ ਕਰਤਾਰ ਕੌਰ ਦਾ ਦੁਨਿਆਵੀ ਰਿਸ਼ਤਾ ਨਾਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਾਹਿਬਜਾਦੇ ਜਿਹਨਾਂ ਨੂੰ ਬਚਪਨ ਵਿਚ ਬੇਅੰਤ ਜੀ ਦੇ ਨਾਮ ਨਾਲ ਅਤੇ ਫਿਰ ਬਾਬਾ ਜਗਜੀਤ ਸਿੰਘ ਜੀ ਦੇ ਨਾਮ ਨਾਲ ਜਾਣਿਆਂ ਜਾਂਦਾ ਸੀ ਨਾਲ ਜੋੜਿਆ ਗਿਆ ਅਤੇ ਇਸ ਬੱਚੀ ਕਰਤਾਰ ਕੌਰ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਪੂਰਨ ਗੁਰਮਰਯਾਦਾ ਅਨੁਸਾਰ ਬਾਬਾ ਜਗਜੀਤ ਸਿੰਘ ਨਾਲ ਕੀਤਾ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਘਰ ਵਿੱਚ ਆਈ ਆਪਣੀ ਨੂੰਹ ਦਾ ਨਾਮ ਕਰਤਾਰ ਕੌਰ ਤੋਂ ਬਦਲ ਕੇ ਚੰਦ ਕੌਰ ਰੱਖਿਆ ਗਿਆ ਅਤੇ ਇਸ ਨਾਲ ਹੀ ਪੂਜਨੀਕ ਮਾਤਾ ਜੀ ਜਗਤ ਮਾਤਾ ਚੰਦ ਕੌਰ ਦੇ ਨਾਮ ਨਾਲ ਸਮੁੱਚੇ ਨਾਮਧਾਰੀ ਪੰਥ ਵਿਚ ਸਤਿਕਾਰੇ ਜਾਣ ਲੱਗੇ।

ਲੰਗਰ ਦੀ ਸੇਵਾ ਤੋਂ ਵਿਹਲੇ ਹੋਣ ਉਪਰੰਤ ਜਿਥੇ ਵੀ ਨਵੀਂ ਬਿਲਡਿੰਗ ਉਸਾਰੀ ਦਾ ਕਾਰਜ ਚਲਦਾ ਹੋਵੇ ਮਾਤਾ ਜੀ ਨੇ ਝੱਟ ਉਥੇ ਪਹੁੰਚ ਜਾਣਾ। ਆਪਣੇ ਹੱਥੀਂ ਇੱਟਾਂ ਰੋੜੇ ਚੁੱਕਣ ਤੋਂ ਲੈ ਕੇ ਬਜਰੀ ਰੋੜੀ ਕੁੱਟਣ ਦੀ ਸੇਵਾ ਵਿਚ ਜੁੱਟ ਜਾਣਾ। ਬਿਲਡਿੰਗ ਉਸਾਰੀ ਦੀ ਸੇਵਾ ਕਰਦਿਆਂ ਮਾਤਾ ਜੀ ਨੇ ਨਾ ਭੁੱਖ ਵੇਖਣੀ, ਨਾ ਪਿਆਸ, ਨਾ ਸੁਖ ਵੇਖਣਾ ਨਾ ਆਰਾਮ, ਨਾ ਧੁੱਪ ਵੇਖਣੀ, ਨਾ ਛਾਂ। ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਛਿਪਣ ਤੱਕ ਸੇਵਾ ਵਿਚ ਲੀਨ ਹੋਏ ਪੂਜਨੀਕ

Namdhari Elibrary NamdhariElibrary@gmail.com

ਮਾਤਾ ਚੰਦ ਕੌਰ ਜੀ ਨੂੰ ਮੈਂ ਆਪਣੇ ਅੱਖੀਂ ਤੱਕਿਆ ਹੈ। ਸ੍ਰੀ ਭੈਣੀ ਸਾਹਿਬ ਦੇ ਨਵ-ਨਿਰਮਾਣ ਦੇ ਕਾਰਜਾਂ ਨੂੰ ਮਾਤਾ ਜੀ ਨੇ ਆਪਣੇ ਹੱਥੀਂ ਕਰਨ ਕਰਕੇ ਉਸਾਰੀਆਂ ਗਈਆਂ ਬਿਲਡਿੰਗਾਂ ਦੀਆਂ ਇੱਟਾਂ ਮਾਤਾ ਜੀ ਦੀ ਯਾਦ ਵਿਚ ਹਮੇਸ਼ਾਂ ਗਵਾਹੀ ਭਰਦੀਆਂ ਰਹਿਣਗੀਆਂ ਜਿਹਨਾਂ ਨੂੰ ਪੂਜਨੀਕ ਮਾਤਾ ਜੀ ਦੇ ਹਸਤ ਦੀ ਛੋਹ ਪ੍ਰਾਪਤ ਹੈ। ਸ੍ਰੀ ਭੈਣੀ ਸਾਹਿਬ ਵਿਖੇ ਇਕ ਬਿਲਡਿੰਗ ਦੀ ਮੁਕੰਮਲ ਤਿਆਰੀ ਤੋਂ ਪਹਿਲਾਂ ਹੀ ਮਾਤਾ ਜੀ ਨੇ ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧਕ ਸੰਤ ਜਗਤਾਰ ਸਿੰਘ ਅਤੇ ਪੂਜਨੀਕ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਅਰਜ਼ ਕਰਨੀ ਕਿ ਇਸ ਤੋਂ ਬਾਅਦ ਅਗੋਂ ਹੋਰ ਕੀ ਕਰਨਾ ਹੈ ਇਹ ਸਾਨੂੰ ਪਹਿਲਾਂ ਹੀ ਦੱਸ ਦਿਉ ਕਿਉਂਕਿ ਅਸੀਂ ਵਿਹਲੇ ਨਹੀਂ ਬੈਠਣਾ ਹੈ। ਮਾਤਾ ਜੀ ਆਖਣਾ ਹੁਣ ਦੋ ਕੰਮ ਸਭ ਤੋਂ ਪਹਿਲਾਂ ਬਹੁਤ ਜ਼ਰੂਰੀ ਹਨ ਇਕ ਅਕਾਲ ਬੁੰਗੇ ਵਾਲਾ ਸਥਾਨ ਤੇ ਦੂਸਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਰਾਈਆਂ ਵਾਲਾ ਡੇਰਾ ਤਿਆਰ ਕਰਨਾ ਹੈ।

ਆਲਸ ਅਤੇ ਸੁਸਤੀ ਮੈਂ ਕਦੇ ਮਾਤਾ ਜੀ ਦੇ ਨੇੜੇ ਨਹੀਂ ਸੀ ਵੇਖੀ। ਹੱਸੂ-ਹੱਸੂ ਕਰਦਾ ਚਿਹਰਾ, ਹਮੇਸ਼ਾਂ ਦੂਸਰਿਆਂ ਨੂੰ ਉਦਮ ਅਤੇ ਦਲੇਰੀ ਬਖਸ਼ਦਾ ਸੀ। ਸ੍ਰੀ ਭੈਣੀ ਸਾਹਿਬ ਦੇ ਨਵ-ਨਿਰਮਾਣ, ਸਰੋਵਰ (ਰਾਮਸਰ) ਅਤੇ ਇਤਿਹਾਸਕ ਥਾਵਾਂ ਦੀ ਉਸਾਰੀ ਲਈ ਕੀਤੇ ਕਾਰਜਾਂ ਕਰਕੇ ਪੂਜਨੀਕ ਮਾਤਾ ਚੰਦ ਕੌਰ ਜੀ ਦਾ ਨਾਮ ਨਾਮਧਾਰੀ ਪੰਥ ਦੇ ਹਿਰਦਿਆਂ ਅੰਦਰ ਹਮੇਸ਼ਾਂ-ਹਮੇਸ਼ਾਂ ਲਈ ਆਦਰ ਅਤੇ ਸਤਿਕਾਰ ਸਹਿਤ ਪੂਜਿਆ ਜਾਂਦਾ ਰਹੇਗਾ।

ਇਕ ਸਮੇਂ 2010 ਈ. ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਉਤਰ ਪ੍ਰਦੇਸ ਦੇ ਇਲਾਕੇ ਵਿਚ ਸਾਧ ਸੰਗਤ ਨੂੰ ਮਿਲਣ ਅਤੇ ਦੁੱਖ ਤਕਲੀਫਾਂ ਜਾਨਣ ਲਈ 10 ਦਿਨਾਂ ਦਾ ਦੌਰਾ ਕੀਤਾ ਗਿਆ। ਇਸ ਦੌਰੇ ਸਮੇਂ ਮੈਨੂੰ ਮਾਤਾ ਜੀ ਨਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਲਗਾਤਾਰ 10 ਦਿਨ ਸਵੇਰੇ 3 ਵਜੇ ਤੋਂ ਲੈ ਕੇ ਰਾਤ 11 ਵਜੇ ਤਕ ਸਫਰ ਵਿਚ ਗੁਜਾਰਦੇ ਹੋਏ ਸਾਧ ਸੰਗਤ ਵਿਚ ਵਿਚਰਨਾ, ਹਰ ਇਕ ਦੀ ਅਰਜ਼ ਸੁਣਨੀ ਅਤੇ ਉਸ ਦਾ ਹਲ ਕਰਨਾ। ਸਾਰੇ ਦਿਨ ਸਫਰ ਕਰਕੇ ਅਕੇਵਾਂ ਅਤੇ ਥਕੇਵਾਂ ਮੈਂ ਮਾਤਾ ਜੀ ਦੇ ਚਿਹਰੇ ਤੇ ਕਦੀ ਵੀ ਨਹੀਂ ਸੀ ਤੱਕਿਆ। ਇਸੇ ਤਰ੍ਹਾਂ ਸੰਨ 2011 ਈ. ਵਿਚ ਮੱਧ ਪ੍ਰਦੇਸ ਦੇ ਦੌਰੇ ਸਮੇਂ ਵੇਖਿਆ ਹੈ ਕਿਸੇ ਦੁਖੀ ਗਰੀਬ ਦੀ ਤਰਸਯੋਗ ਹਾਲਤ ਵੇਖ ਕੇ ਮਾਤਾ ਜੀ ਦਾ ਹਿਰਦਾ ਹਮੇਸ਼ਾਂ ਪਿਘਲ ਜਾਂਦਾ ਸੀ। ਮੱਧ ਪ੍ਰਦੇਸ ਵਿਚ ਖਾਸ ਕਰਕੇ ਗਵਾਲੀਅਰ ਦੇ ਇਲਾਕੇ ਵਿਚ ਨਾਮਧਾਰੀ ਸਿੱਖਾਂ ਦੇ ਘਰਾਂ ਵਿਚ ਜਦੋਂ ਉਹਨਾਂ ਨੂੰ ਮਿਲਣ ਅਤੇ ਦੁੱਖ ਤਕਲੀਫ ਪੁੱਛਣ ਲਈ ਗਏ ਤਾਂ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀ ਹਾਲਤ ਨੂੰ ਦੇਖਦੇ ਹੋਏ ਮਾਤਾ ਜੀ ਨੇ ਉਚੇਚੇ ਤੌਰ ਤੇ ਸ੍ਰੀ ਭੈਣੀ ਸਾਹਿਬ ਤੋਂ ਮਾਇਆ ਭੇਜ ਕੇ ਮਦਦ ਕਰਕੇ ਉਹਨਾਂ ਦੀ ਹਾਲਤ ਨੂੰ ਸੁਧਾਰਿਆ ਅਤੇ ਅਗੋਂ ਤੋਂ ਵੀ ਹਰ ਤਰ੍ਹਾਂ ਦਾ ਭਰੋਸਾ ਉਹਨਾਂ ਪਰਿਵਾਰਾਂ ਨੂੰ ਦਿੱਤਾ। ਇਹ ਸੀ ਪੂਜਨੀਕ ਅਤੇ ਚੰਦ ਕੌਰ ਜੀ ਦੇ ਵੱਡੇ ਹੌਸਲੇ ਅਤੇ ਉਦਾਰਤਾ ਦੀ ਮਿਸਾਲ ਜੋ ਕਿਤੇ ਵੀ ਨਹੀਂ ਮਿਲਦੀ।

ਕੋਈ ਦੁਖੀ ਗਰੀਬ ਅਤੇ ਲੋੜਵੰਦ ਵਿਅਕਤੀ ਨਾਮਧਾਰੀ ਸਮਾਜ ਜਾਂ ਨਾਮਧਾਰੀ ਸਮਾਜ ਤੋਂ ਬਾਹਰਲਾ ਹੋਵੇ, ਉਸ ਵਲੋਂ ਕੀਤੀ ਹੋਈ ਅਰਜ਼ ਮਾਤਾ ਚੰਦ ਕੌਰ ਜੀ ਕਦੀ ਵੀ ਅਣਗੌਲਿਆਂ ਨਹੀਂ ਸਨ ਕਰਦੇ ਇਹੀ ਕਾਰਨ ਸੀ ਜੋ ਮੈਂ ਆਪਣੀ ਅੱਖੀਂ ਦੇਖਿਆ ਹੈ ਕਿ ਉਹਨਾਂ ਕੋਲ ਅਰਜ਼ ਕਰਨ ਵਾਲੇ ਹਨੇਰੇ-ਸਵੇਰੇ, ਵਕਤੋਂ-ਬੇਵਕਤ ਵੀ ਆਏ ਹੁੰਦੇ ਸਨ। ਜਿਹਨਾਂ ਨੂੰ ਮਾਤਾ ਜੀ ਕਦੀ ਨਿਰਾਸ ਵਾਪਿਸ ਨਹੀਂ ਸਨ ਮੁੜਨ ਦਿੰਦੇ। ਇਕ ਵਾਰੀ ਮਾਤਾ ਜੀ ਬਚਨ ਕੀਤਾ ਕਿ ਜਦੋਂ ਵੀ ਕੋਈ ਲੋੜਵੰਦ ਆਣ ਕੇ ਅਰਜ਼ ਕਰਦਾ ਹੈ ਮੇਰਾ ਦਿਲ ਨਹੀਂ ਕਰਦਾ ਕਿ ਮੈਂ ਇਸਨੂੰ ਜਵਾਬ ਦੇ ਕੇ ਖਾਲੀ ਮੋੜ ਦੇਵਾਂ ਭਾਵੇਂ ਜਿਸ ਤਰ੍ਹਾਂ ਵੀ ਹੋਵੇ ਉਸਦੀ ਲੋੜ ਪੂਰੀ ਕੀਤੀ ਜਾਵੇ। ਕਿਸੇ ਆਏ ਮਰੀਜ਼ ਦਾ ਹਸਪਤਾਲ ਤੋਂ ਇਲਾਜ ਕਰਵਾਉਣਾ, ਨਾਮਧਾਰੀ ਸਿੱਖਾਂ ਦੇ ਬੱਚੇ ਬੱਚੀਆਂ ਦੇ ਵਿਆਹ ਸੰਜੋਗ ਵਿਚ ਮਦਦ ਕਰਨਾ, ਕਿਸੇ ਲੋੜਵੰਦ ਪਰਿਵਾਰ ਨੂੰ ਬੱਚਾ-ਬੱਚੀ ਗੋਦ ਲੈ ਕੇ ਦੇਣਾ, ਕਿਸੇ ਪਰਿਵਾਰ ਵਿੱਚ ਕਿਸੇ ਗਲੋਂ ਆਈ ਦਰਾੜ ਨੂੰ ਮੰਨ ਮਨੋਤੀ ਕਰਕੇ ਮਿਟਾਣਾਂ, ਅਨੇਕਾਂ ਹੀ ਪਰਿਵਾਰਾਂ ਦੇ ਆਪਸੀ ਮਸਲਿਆਂ ਨੂੰ ਸੁਲੱਝਾਉਣ ਵਿਚ ਅਗਵਾਈ ਕਰਨਾ। ਮਾਤਾ ਜੀ ਦੇ ਅਨੇਕਾਂ ਹੀ ਕਾਰਜ ਖੇਤਰ ਸਨ ਜਿਹਨਾਂ ਸਾਰਿਆਂ ਦਾ ਇਥੇ ਵਰਨਣ ਨਹੀਂ ਕੀਤਾ ਜਾ ਸਕਦਾ। ਸਾਧ ਸੰਗਤ ਵਿਚ ਆਪ ਵਿਚਰ ਕੇ ਉਹਨਾਂ ਦੀ ਮਾਇਆ ਨੂੰ ਸਫਲ ਬਣਾਉਣ ਲਈ ਮਾਇਆ ਧਰਮ ਅਰਥ ਖਰਚ ਕਰਨ ਲਈ ਪ੍ਰੇਰਨਾ ਅਤੇ ਉਹਨਾਂ ਨੂੰ ਉਦਮ ਬਖਸ਼ਣਾ। ਜਿਸ ਦੀ ਮਿਸਾਲ 2011 ਈ. ਦਾ ਹੋਲੇ ਮਹੱਲੇ ਦਾ ਪੁਰਬ ਜੋ ਸ੍ਰੀ ਭੈਣੀ ਸਾਹਿਬ ਦੀ ਤਪੋ-ਭੂਮੀ ਤੇ ਸਮੁੱਚੇ ਨਾਮਧਾਰੀ ਪੰਥ ਦੀ ਸਾਧ ਸੰਗਤ ਵਲੋਂ ਕੀਤਾ ਗਿਆ।

ਆਪਣੇ ਉਮਰ ਦੇ 84 ਵਰ੍ਹਿਆਂ ਦੀ ਉਮਰ ਵਿਚ ਜਿਸ ਪ੍ਰਕਾਰ ਮਾਤਾ ਚੰਦ ਕੌਰ ਜੀ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਇਆ ਹੈ ਇਸ ਪਿਛੇ ਇਹ

Namdhari Elibrary NamdhariElibrary@gmail.com

ਆਖਿਆ ਜਾ ਸਕਦਾ ਹੈ ਕਿ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ੀ ਹੋਈ ਤਾਕਤ ਹੀ ਸੀ ਜੋ ਕਿ ਕਰਾਮਾਤ ਤੋਂ ਘੱਟ ਨਹੀਂ ਸੀ। ਮਾਤਾ ਚੰਦ ਕੌਰ ਜੀ ਦੇ ਜੀਵਨ ਬਾਰੇ ਗੱਲ ਕਰਦਿਆਂ ਜੇਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਸਦਾ ਵਰਤ ਲੋਹ ਲੰਗਰ ਦੀ ਗੱਲ ਨਾ ਕੀਤੀ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਮੇਰੀ ਗੱਲ ਅਧੂਰੀ ਹੋਵੇਗੀ। ਲੰਗਰ ਦੇ ਸੇਵਾਦਾਰਾਂ ਨਾਲ ਬੈਠ ਆਪ ਸਬਜ਼ੀ ਭਾਜੀ ਚੀਰਨੀ ਤੋਂ ਲੈ ਕੇ ਸਾਧ ਸੰਗਤ ਦੇ ਜੂਠੇ ਬਰਤਨ ਆਪਣੇ ਹੱਥੀਂ ਮਾਂਜਣੇ। ਸਾਧ ਸੰਗਤ ਨੂੰ ਸੇਵਾ ਕਰਨ ਦੀ ਜਾਚ ਦੱਸਣੀ ਅਤੇ ਸੇਵਾ ਲਈ ਆਪ ਅਗਵਾਈ ਕਰਨੀ, ਇਹ ਮਾਤਾ ਜੀ ਦੇ ਜੀਵਨ ਦਾ ਆਧਾਰ ਸੀ।

ਪੂਜਨੀਕ ਮਾਤਾ ਚੰਦ ਕੌਰ ਜੀ ਦੇ ਜੀਵਨ ਸਫਰ ਦਾ ਰਸਤਾ ਬੇਸ਼ਕ ਬਿਖੜੇ ਪੈਂਡਿਆਂ ਵਾਂਗ ਹੀ ਸੀ ਪਰ ਜਿਸ ਦਲੇਰੀ, ਹੌਸਲੇ ਅਤੇ ਨਿਡਰਤਾ ਨਾਲ ਉਸ ਰਸਤੇ ਤੇ ਤੁਰਦੇ ਹੋਏ ਮਾਤਾ ਚੰਦ ਕੌਰ ਜੀ ਨੇ ਹਮੇਸ਼ਾਂ ਅਗਾਂਹ ਵਧੂ ਪੁਲਾਂਗਾਂ ਪੁਟਦਿਆਂ ਹੋਇਆਂ ਪਿਛੇ ਮੁੜ ਕੇ ਨਹੀਂ ਦੇਖਿਆ ਅਜਿਹੇ ਕੀਤੇ ਕਾਰਜ ਹਮੇਸ਼ਾਂ ਲਈ ਸਮੁੱਚੇ ਨਾਮਧਾਰੀ ਪੰਥ ਵਾਸਤੇ ਪ੍ਰੇਰਨਾ ਸਰੋਤ ਬਣ ਕੇ ਅਗਵਾਈ ਕਰਦੇ ਰਹਿਣਗੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇਹ ਦਾ ਓਹਲਾ ਕਰਨ ਸਮੇਂ ਜਿਹਨਾਂ ਹਾਲਤਾਂ ਵਿਚੋਂ ਨਾਮਧਾਰੀ ਪੰਥ ਨੂੰ ਗੁਜ਼ਰਨਾ ਪਿਆ ਉਹਨਾਂ ਹਾਲਤਾਂ ਸਮੇਂ ਗੁਰੂ ਘਰ ਦੀ ਸਰਵ ਉੱਚ ਹਸਤੀ ਹੋਣ ਦੇ ਨਾਤੇ ਪੂਜਨੀਕ ਮਾਤਾ ਚੰਦ ਕੌਰ ਜੀ ਨੇ ਬੁਲੰਦ ਹੌਸਲੇ ਨਾਲ ਉਹਨਾਂ ਹਾਲਤਾਂ ਦਾ ਟਾਕਰਾ ਕੀਤਾ ਅਤੇ ਆਪਣੇ ਫਰਜ਼ਾਂ ਨੂੰ ਜ਼ਿੰਮੇਵਾਰੀ ਨਾਲ ਬਾ-ਖੂਬੀ ਨਿਭਾਇਆ। ਇਸ ਕੀਤੇ ਪਰਉਪਕਾਰ ਕਰਕੇ ਪੂਜਨੀਕ ਮਾਤਾ ਚੰਦ ਕੌਰ ਜੀ ਦਾ ਨਾਮ ਹਮੇਸ਼ਾਂ ਹਮੇਸ਼ਾਂ ਲਈ ਨਾਮਧਾਰੀ ਪੰਥ ਦੇ ਹਿਰਦਿਆਂ ਵਿਚ ਸਤਿਕਾਰਿਆ ਜਾਂਦਾ ਰਹੇਗਾ।

13 ਦਸੰਬਰ 2012 ਈ. ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਏ ਵਿਛੋੜੇ ਦੇ ਦੁੱਖ ਵਿਚੋਂ ਨਾਮਧਾਰੀ ਪੰਥ ਅਜੇ ਚੰਗੀ ਤਰ੍ਹਾਂ ਉਭਰਿਆ ਨਹੀਂ ਸੀ ਕਿ ਨਾਮਧਾਰੀ ਪੰਥ ਨੂੰ 4 ਅਪ੍ਰੈਲ 2016 ਨੂੰ ਪੂਜਨੀਕ ਮਾਤਾ ਚੰਦ ਕੌਰ ਜੀ ਦੇ ਪਏ ਵਿਛੋੜੇ ਨੇ ਨਾਮਧਾਰੀ ਪੰਥ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ। ਬੇਸ਼ਕ ਮਾਤਾ ਚੰਦ ਕੌਰ ਜੀ ਆਪਣੀ ਆਯੂ ਦੇ 84 ਵਰ੍ਹੇ ਭੋਗ ਚੁੱਕੇ ਸਨ। ਕੁਝ ਬੁਜ਼ਦਿਲ ਅਤੇ ਕਾਇਰ ਲੋਕਾਂ ਵਲੋਂ ਮਾਤਾ ਜੀ ਤੇ ਕਾਤਲਾਨਾ ਹਮਲਾ ਕੀਤਾ ਗਿਆ। ਪੂਜਨੀਕ ਮਾਤਾ ਚੰਦ ਕੌਰ ਜੀ ਨੇ ਨਾਮਧਾਰੀ ਪੰਥ ਦੀਆਂ ਉਚ ਕਦਰਾਂ-ਕੀਮਤਾਂ ਅਤੇ ਮਰਯਾਦਾ ਨੂੰ ਕਾਇਮ ਰੱਖਣ ਲਈ ਸ਼ਹਾਦਤ ਦੇ ਗਏ। ਹੱਕ-ਸੱਚ ਵਾਸਤੇ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਪੂਜਨੀਕ ਮਾਤਾ ਚੰਦ ਕੌਰ ਜੀ ਦਾ ਖੂਨ ਡੁਲਿਆ ਹੋਇਆ ਇਕ-ਇਕ ਕਤਰਾ ਸਾਨੂੰ ਬੁਜ਼ਦਿਲ ਅਤੇ ਕਾਇਰਤਾ ਵਾਲੀ ਜ਼ਿੰਦਗੀ ਜਿਉਣ ਵਾਲੇ ਲੋਕਾਂ ਖਿਲਾਫ ਜੂਝਣ ਵਾਸਤੇ ਹਮੇਸ਼ਾਂ-ਹਮੇਸ਼ਾਂ ਲਈ ਪ੍ਰੇਰਦਾ ਰਹੇਗਾ ਅਤੇ ਮਾਨਵਤਾ ਦੇ ਦੁਸ਼ਮਣ ਲੋਕਾਂ ਨੂੰ ਲਲਕਾਰ ਦਾ ਰਹੇਗਾ। ■

ਮਹਿਮਾ ਮਾਤਾ ਚੰਦ ਕੌਰ ਜੀ ਦੀ

✍ ਸ. ਹਰਬੰਸ ਸਿੰਘ

ਰੁੱਤ ਨਾਮ ਜਪਣ ਦੀ ਆਈ
ਧੰਨ ਮਾਤਾ ਚੰਦ ਕੌਰ ਜੀ
ਜਿੰਨ੍ਹਾਂ ਕੀਤੀ ਸਦਾ ਨਾਮ ਦੀ ਕਮਾਈ
ਧੰਨ ਮਾਤਾ ਚੰਦ ਕੌਰ ਜੀ

ਸੁਣਦੇ ਸੀ ਦੁੱਖ ਸਦਾ ਗਊ ਤੇ ਗਰੀਬ ਦਾ
ਸਬਕ ਸਿਖਾਉਂਦੇ ਉਹੀ ਵੱਢਦੇ ਜੋ ਬੀਜਦਾ
ਸਦਾ ਸੱਚ ਦੀ ਕਰਨ ਵਡਿਆਈ
ਧੰਨ ਮਾਤਾ ਚੰਦ ਕੌਰ ਜੀ
ਜਿੰਨ੍ਹਾਂ ਕੀਤੀ ਸਦਾ ਨਾਮ ਦੀ ਕਮਾਈ

ਬੱਚਿਆਂ ਤੋਂ ਜਾਨ ਸਦਾ ਤਨ-ਮਨ ਵਾਰਦੇ
ਫ਼ਲ-ਫਰੂਟ ਨਾਲ ਵੰਡਦੇ ਪਿਆਰ ਦੇ
ਕਦੇ ਵੰਡਦੇ ਫਿਰਨ ਮਠਿਆਈ
ਧੰਨ ਮਾਤਾ ਚੰਦ ਕੌਰ ਜੀ
ਜਿੰਨ੍ਹਾਂ ਕੀਤੀ ਸਦਾ ਨਾਮ ਦੀ ਕਮਾਈ

ਕੰਮ ਕਾਜ ਵਿੱਚ ਜਾਣ ਮੋਹਰੀ ਹੋਕੇ ਤੁਰਦੇ
ਮਾਈ-ਭਾਈ ਆਕੇ ਜਾਣ ਸੇਵਾ ਵਿੱਚ ਜੁੜਦੇ
ਆਪ ਜਥੇ ਦੀ ਕਰਨ ਅਗਵਾਈ
ਧੰਨ ਮਾਤਾ ਚੰਦ ਕੌਰ ਜੀ
ਜਿੰਨ੍ਹਾਂ ਕੀਤੀ ਸਦਾ ਨਾਮ ਦੀ ਕਮਾਈ

ਭੈਣੀ ਵਾਲਾ, ਆਖੇ ਸਦਾ ਸੰਗਤਾਂ ਨੂੰ ਤਾਰਦੇ
ਸਦਕੇ ਮੈਂ ਜਾਵਾਂ ਨਾਮਧਾਰੀ ਦਰਬਾਰ ਦੇ
ਮਾਲਾ ਫੇਰਨ ਦੀ ਜਾਂਚ ਸਿਖਾਈ
ਧੰਨ ਮਾਤਾ ਚੰਦ ਕੌਰ ਜੀ
ਜਿੰਨ੍ਹਾਂ ਕੀਤੀ ਸਦਾ ਨਾਮ ਦੀ ਕਮਾਈ

Namdhari Elibrary NamdhariElibrary@gmail.com

ਮਾਤਾ ਚੰਦ ਕੌਰ ਜੀ
ਸੇਵਾ, ਸਾਦਗੀ ਤੇ ਸ਼ਰਧਾ ਦੀ ਮੂਰਤੀ

✍ ਪ੍ਰੋ. ਤਾਰਾ ਸਿੰਘ ਅਨਜਾਣ

ਮਾਤਾ ਜੀ ਉਹ ਸ਼ਖਸੀਅਤ ਸਨ ਜਿਹਨਾਂ ਦੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਨਿੰਨ ਸ਼ਰਧਾ ਸੀ। ਸ੍ਰੀ ਭੈਣੀ ਸਾਹਿਬ ਦੀ ਪੁਰਾਣੀ ਕੋਠੀ ਵਿਚ ਬੀਬੀਆਂ ਦਾ ਜਾਣਾ ਵਰਜਿਤ ਸੀ। ਸੋ ਮਾਤਾ ਜੀ ਵੀ ਉਸ ਕੋਠੀ 'ਚ ਨਹੀਂ ਗਏ। ਫਿਰ ਸਮਾਂ ਆਇਆ, ਉਸ ਕੋਠੀ ਦਾ ਨਵੀਨੀਕਰਣ ਹੋ ਰਿਹਾ ਸੀ, ਸੋ ਉਹ ਵੱਸੋਂ ਲਈ ਨਹੀਂ ਵਰਤੀ ਜਾ ਰਹੀ ਸੀ। ਉਦੋਂ ਕੁਛ ਬੀਬੀਆਂ ਨਾਲ ਮਾਤਾ ਜੀ ਵੀ ਵੇਖਣ ਗਏ ਕਿ ਕੀ ਕੰਮ ਹੋ ਰਿਹਾ ਹੈ। ਉਸੀ ਸਮੇਂ ਮਨ 'ਚ ਆਇਆ ਕਿ ਇਹ ਹੁਕਮ ਦੀ ਉਲੰਘਣਾ ਹੈ। ਸੋ ਤੁਰੰਤ ਜਾ ਕੇ ਭੁੱਲ ਬਖਸ਼ਾਈ ਤੇ ਆਪਣੇ ਆਪ ਨੂੰ ਸੁਰਖਰੂ ਕੀਤਾ।

ਮਾਂ ਜੋ ਦਿੰਦੀ ਹੈ, ਹਮੇਸ਼ਾਂ ਦਿੰਦੀ ਹੈ, ਕੁਛ ਵਾਪਸ ਲੈਣ ਦੀ ਆਸ ਤੋਂ ਬਿਨਾਂ ਦਿੰਦੀ ਹੈ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਮਾਤਾ ਚੰਦ ਕੌਰ ਜੀ ਦੇ ਕਹੇ ਸ਼ਬਦ ਯਾਦ ਕਰਾਂਦੇ ਹਨ - "ਉਹਨਾਂ ਕਹਿਣਾ - ਕਾਕਾ, ਮੈਥੋਂ ਕਿਸੇ ਨੂੰ ਨਾਂਹ ਨਹੀਂ ਕੀਤੀ ਜਾਂਦੀ, ਤੂੰ ਆਪੇ ਹੀ ਬਿੱਲਾਂ (ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦੇ ਬਿਲ) ਨੂੰ ਸਾਂਭ ਲਿਆ ਕਰ"। ਇਹਨਾਂ ਸ਼ਬਦਾਂ ਤੋਂ ਮਾਤਾ ਜੀ ਦੀ ਸ਼ਖਸੀਅਤ ਦਾ ਲੋੜਵੰਦਾਂ ਦੀਆਂ ਝੋਲੀਆਂ ਭਰਨ ਲਈ ਵਿਸ਼ਾਲ ਹਿਰਦਾ ਦਿਸਦਾ ਹੈ। ਦਰ ਤੇ ਆਏ ਲੋੜਵੰਦ ਦੀ ਡਾਕਟਰੀ ਲੋੜ ਇੰਜ ਪੂਰੀ ਕਰਨਾ ਮਾਤਾ ਜੀ ਦੇ ਵਿਸ਼ਾਲ ਹਿਰਦੈ ਦਾ ਇੱਕ ਕਿਣਕਾ ਮਾਤਰ ਹੈ।

ਸ. ਬਲਵਿੰਦਰ ਸਿੰਘ ਚਾਨਾ (ਮੇਡਨਹੈਡ, ਯੂ ਕੇ) ਸ੍ਰੀ ਭੈਣੀ ਸਾਹਿਬ ਗਏ।ਰਹਿਣ ਲਈ ਟਿਕਾਣਾ, ਮੰਜੇ-ਬਿਸਤਰੇ ਆਦਿ ਦੀ ਲੋੜ ਸੁਭਾਵਿਕ ਹੀ ਹੈ। ਮਾਤਾ ਜੀ ਨੇ ਆਪਣੇ ਹੱਥੀਂ ਬਿਸਤਰਾ ਵਿਛਾ ਕੇ ਦਿੱਤਾ। ਨਿਰਮਾਣ ਭਾਵ ਨਾਲ ਹੱਥੀਂ ਕੰਮ ਕਰਨ ਦੀ ਮਾਤਾ ਜੀ ਦੀ ਇਹ ਗੱਲ ਚਾਨਾ ਜੀ ਨੇ ਸਾਊਥਾਲ (ਯੂਕੇ) ਸੰਗਤ ਵਿਚ ਖਲੋ ਕੇ ਆਖੀ।ਮਾਤਾ ਜੀ ਦਾ ਉੱਦਮੀ ਸੁਭਾ ਵੀ ਇਸ ਗੱਲ ਤੋਂ ਦਿੱਸਦਾ ਹੈ। ਭਾਵੇਂ ਸਾਫ-ਸਫਾਈ ਕਰਨੀ ਹੋਏ, ਭਾਵੇਂ ਲੰਗਰ 'ਚ ਦਾਲੇ-ਪਰਸ਼ਾਦ ਦੀ ਸੇਵਾ ਹੋਏ, ਭਾਵੇਂ ਭਾਂਡੇ ਮਾਂਜਣੇ ਹੋਣ, ਭਾਂਵੇ ਟੋਕਰੀ 'ਚ ਸੀਮੇਂਟ ਢੋਣਾ ਹੋਏ, ਪੁਰਾਣੀਆਂ ਇੱਟਾਂ ਤੋਂ ਸੀਮੇਂਟ ਲਾਹੁਣਾ ਹੋਏ,....ਮਾਤਾ ਜੀ ਹਰ ਸੇਵਾ ਲਈ ਹਮੇਸ਼ਾਂ ਤਿਆਰ ਸਨ। ਇਹ ਸੇਵਾ ਦੀ ਲਿਸਟ ਲੰਮੀ ਹੀ ਨਹੀਂ ਸਗੋਂ ਵਿਆਪਕ ਵੀ ਹੈ। ਇਹ ਸੇਵਾ ਕਰਦਿਆਂ ਮਾਤਾ ਜੀ ਦੀਆਂ ਕਿੰਨੀਆਂ ਹੀ ਤਸਵੀਰਾਂ ਸਾਡੇ ਕੋਲ ਹਨ ਤੇ ਉਸ ਤੋਂ ਵੀ ਵਧ ਸਾਡੀਆਂ ਯਾਦਾਂ ਵਿਚ ਅੰਕਿਤ ਹਨ। "ਕੋਈ ਵੀ ਕੰਮ ਛੋਟਾ ਨਹੀਂ" ਦੇ ਵਿਚਾਰ ਨੂੰ ਉਹਨਾਂ ਨੇ ਜੀ ਕੇ ਵਿਖਾਇਆ।

ਰਾਮਸਰ ਦੀ ਉਸਾਰੀ ਸਮੇਂ, ਬੁਨਿਆਦ ਬਣਾਣ ਲਈ ਇੱਕ ਕਾਫੀ ਮੋਟਾ ਤੇ ਭਾਰਾ ਲੈਂਟਰ ਪੈਣਾ ਸੀ। ਤਿੰਨ ਦਿਨ-ਰਾਤ ਕੰਮ ਚਲਿਆ। ਕੰਮ ਕਰਨ ਵਾਲਿਆਂ ਦੀਆਂ ਸ਼ਿਫਟਾਂ ਸਨ। ਸਭ ਆਪੋ ਆਪਣੀ ਸ਼ਿਫਟ ਤੇ ਆਉਂਦੇ

Namdhari Elibrary NamdhariElibrary@gmail.com

ਤੇ ਸ਼ਿਫਟ ਪੂਰੀ ਹੋਣ ਉੱਤੇ ਛੁੱਟੀ ਕਰਦੇ। ਦਿਨ-ਰਾਤ ਕੰਮ ਚਲਦਾ ਰਿਹਾ ਤੇ ਮਾਤਾ ਜੀ ਦਿਨ ਰਾਤ ਕੰਮ ਕਰਦੇ ਰਹੇ, ਕੰਮ ਖਤਮ ਹੋਣ ਤਕ ਅਰਾਮ ਨਹੀਂ ਕੀਤਾ। ਖੁਦ ਹੱਥੀਂ ਕੰਮ ਕਰਨਾ ਹੋਏ ਜਾਂ ਫਿਰ ਦਿਸ਼ਾ ਦੇਣੀ ਹੋਏ, ਮਾਤਾ ਜੀ ਬਖੂਬੀ ਇਹ ਜਿੰਮੇਵਾਰੀਆਂ ਨਿਭਾਂਦੇ ਰਹੇ। ਉਹਨਾਂ ਲਈ ਖੁਦ ਦਾ ਅਰਾਮ ਪਿੱਛੋਂ ਤੇ ਪੰਥ ਦੀ ਸੁਖ-ਸੁਵਿਧਾ ਪਹਿਲੋਂ, ਕਿਉਂ ਜੁ ਉਹ ਸਾਰੇ ਨਾਮਧਾਰੀ ਪੰਥ ਦੇ ਮਾਤਾ ਜੀ ਸਨ। ਸ੍ਰੀ ਭੈਣੀ ਸਾਹਿਬ ਦੀ ਸ਼ਇਦ ਹੀ ਕੋਈ ਐਸੀ ਇਮਾਰਤ ਹੋਏ ਜਿਸ ਵਿਚ ਮਾਤਾ ਜੀ ਦੇ ਹੱਥੀਂ ਫੜਾਇਆ ਰੋੜਾ ਜਾਂ ਇੱਟਾਂ ਨਾ ਲੱਗੇ ਹੋਣ।ਉਹ ਅਜੋਕੇ ਸ੍ਰੀ ਭੈਣੀ ਸਾਹਿਬ ਦੇ ਸਿਰਜਕ ਹਨ।

ਮਸਤਾਨਗੜ੍ਹ ਅਬਾਦ ਕਰਨ ਵੇਲੇ ਟਿੱਬੇ ਪੱਧਰੇ ਕਰਨ ਦਾ ਵੱਡਾ ਕੰਮ ਸੀ। ਮਾਤਾ ਜੀ ਨੇ ਹੱਲਾਸ਼ੇਰੀ ਦੇ ਕੇ ਤੇ ਨਾਲ ਲਗ ਕੇ ਸਾਰੇ ਕੰਮ ਕੀਤੇ। ਪਹਿਲੇ ਕੁਛ ਦਿਨ ਤਾਂ ਖੁੱਲ੍ਹੇ ਅਸਮਾਨ ਹੇਠ ਹੀ ਸੁੱਤੇ। ਫਿਰ ਇੱਕ ਛੋਟੇ ਜਿਹੇ ਕਮਰੇ ਵਿਚ ਆਪਣੇ ਥੋੜੇ ਜਿਹੇ ਸਮਾਨ ਨਾਲ ਖੁਸ਼ੀ-ਖੁਸ਼ੀ ਰਹੇ। ਉਨਾਂ ਲਈ ਆਪਣੇ ਸੁਖ-ਸੁਵਿਧਾ ਦੀ ਪਹਿਲ ਨਹੀਂ ਬਲਕਿ ਕੰਮ ਪੂਰਾ ਕਰਨ ਦੀ ਪਹਿਲ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨ ਹਨ, "ਮੇਰੀ ਸਿੰਘਣੀ ਸੇਵਾ ਤਾਂ ਬੜੀ ਕਰਦੀ ਹੈ, ਪਰ ਆਪਣੀ ਮਸ਼ਹੂਰੀ ਨਹੀਂ ਕਰਵਾਉਂਦੀ"। ਕੰਮ ਕਰਾਣ ਦੇ ਨਾਲ-ਨਾਲ, ਮਾਤਾ ਜੀ ਦੇ ਧਿਆਨ ਵਿਚ ਸਿੱਖਾਂ ਦੇ ਰੋਜ਼ਗਾਰ ਦਾ ਸਾਧਨ ਵੀ ਸੀ। ਸ੍ਰੀ ਭੈਣੀ ਸਾਹਿਬ ਰਹਿਣ ਵਾਲੇ ਸਿੱਖਾਂ-ਸਾਧਾਂ ਲਈ ਕਪੜੇ-ਲੀੜੇ ਦੀ ਲੋੜ ਸੀ। ਮਾਤਾ ਜੀ ਨੇ ਪੰਥ ਰਤਨ ਸੰਤ ਅਨੰਤਾ ਸਿੰਘ ਨੂੰ ਬੁਲਾਕੇ ਨਾਮਧਾਰੀ ਲੜਕੀਆਂ ਨੂੰ ਨਾਮਧਾਰੀ ਕਾਟ ਦੇ ਬਸਤਰ ਸੀਣ ਦੀ ਜਾਚ ਸਿਖਾਈ। ਥੋੜੇ ਸਮੇਂ ਵਿਚ ਬਹੁਤੇ ਕੱਪੜੇ ਵੀ ਸੀਤੇ ਗਏ ਤੇ ਨਾਲ ਹੀ ਲੜਕੀਆਂ ਨੂੰ ਕੱਪੜੇ ਸੀਣ ਦੀ ਜਾਚ ਵੀ ਆ ਗਈ ਜੋ ਉਹਨਾਂ ਦੀ ਰੋਜ਼ੀ ਦਾ ਸਾਧਨ ਬਣੀ। ਇੱਕ ਪੰਥ ਦੋ ਕਾਜ।

ਕੰਮ ਦੀ ਪਹਿਲ ਦੀ ਆਪਣੀ ਅਹਿਮਿਅਤ ਹੈ, ਮਾਤਾ ਜੀ ਲਈ ਸਭ ਤੋਂ ਅਹਿਮ ਸਤਿਗੁਰੂ ਜੀ ਦਾ ਹੁਕਮ ਸੀ। ਰਾਮਸਰ ਦੀ ਸੇਵਾ ਦਾ ਜ਼ਿਕਰ ਕੀਤਾ ਹੈ। ਜਦੋਂ ਸਤਿਗੁਰੂ ਜੀ ਦਾ ਹੁਕਮ ਰਾਮਸਰ ਦੀ ਸੇਵਾ ਕਿਸੇ ਹੋਰ ਨੂੰ ਸੌਂਪ ਕੇ ਕੁਛ ਹੋਰ ਕਰਨ ਲਈ ਹੋਇਆ ਤਾਂ ਖੁਸ਼ੀ-ਖੁਸ਼ੀ ਉਨਾਂ ਨਵੀਂ ਜ਼ਿੰਮੇਵਾਰੀ ਲਈ ਕਮਰਕੱਸੇ ਕੀਤੇ।ਜੇ ਸਤਿਗੁਰੂ ਜੀ ਨੇ ਕਿਸੇ ਸਫਰ ਲਈ, ਦੌਰੇ ਲਈ ਬਚਨ ਕੀਤਾ ਤਾਂ ਝਟਪਟ ਤਿਆਰੀ ਕੀਤੀ। ਯੂ.ਕੇ. ਦੇ ਬਜ਼ੁਰਗ ਦਸਦੇ ਹਨ ਕਿ ਮਾਤਾ ਜੀ ਦਾ ਆਪਣਾ ਨਿਜੀ ਸਮਾਨ ਇੰਨਾ ਥੋੜਾ ਹੁੰਦਾ ਕਿ ਇੱਕ ਛੋਟੇ ਜਿਹੇ ਬੈਗ 'ਚ ਹੀ ਸਮਾ ਜਾਂਦਾ। ਇਹ ਉਹਨਾਂ ਦੇ ਸਾਦਗੀ ਭਰਪੂਰ ਜੀਵਨ ਨੂੰ ਦਰਸਾਉਂਦਾ ਹੈ।

ਸੇਵਾ ਤੇ ਸਾਦਗੀ ਦੇ ਗੁਣ ਵੱਡੇ ਹਨ। ਇੱਕ ਸਿੱਖ ਲਈ ਸਤਿਗੁਰੂ ਜੀ ਦਾ ਹੁਕਮ ਇਹਨਾਂ ਸਭ ਤੋਂ ਪਹਿਲੇ ਹੈ। ਮਾਤਾ ਜੀ ਉਹ ਸ਼ਖਸੀਅਤ ਸਨ ਜਿਹਨਾਂ ਦੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਨਿੰਨ ਸ਼ਰਧਾ ਸੀ। ਸ੍ਰੀ ਭੈਣੀ ਸਾਹਿਬ ਦੀ ਪੁਰਾਣੀ ਕੋਠੀ ਵਿਚ ਬੀਬੀਆਂ ਦਾ ਜਾਣਾ ਵਰਜਿਤ ਸੀ। ਸੋ ਮਾਤਾ ਜੀ ਵੀ ਉਸ ਕੋਠੀ 'ਚ ਨਹੀਂ ਗਏ। ਫਿਰ ਸਮਾਂ ਆਇਆ, ਉਸ ਕੋਠੀ ਦਾ ਨਵੀਨੀਕਰਣ ਹੋ ਰਿਹਾ ਸੀ, ਸੋ ਉਹ ਵੱਸੋਂ ਲਈ ਨਹੀਂ ਵਰਤੀ ਜਾ ਰਹੀ ਸੀ। ਉਦੋਂ ਕੁਛ ਬੀਬੀਆਂ ਨਾਲ ਮਾਤਾ ਜੀ ਵੀ ਵੇਖਣ ਗਏ ਕਿ ਕੀ ਕੰਮ ਹੋ ਰਿਹਾ ਹੈ। ਉਸੀ ਸਮੇਂ ਮਨ 'ਚ ਆਇਆ ਕਿ ਇਹ ਹੁਕਮ ਦੀ ਉਲੰਘਣਾ ਹੈ। ਸੋ ਤੁਰੰਤ ਜਾ ਕੇ ਭੁੱਲ ਬਖਸ਼ਾਈ ਤੇ ਆਪਣੇ ਆਪ ਨੂੰ ਸੁਰਖਰੂ ਕੀਤਾ। ਉਹਨਾਂ ਦੀ ਹਮੇਸ਼ਾਂ ਕੋਸ਼ਿਸ਼ ਹੁੰਦੀ ਕਿ ਗਲਤੀ ਨਾਲ ਵੀ ਸਤਿਗੁਰੂ ਜੀ ਦੇ ਹੁਕਮ ਦੀ ਉਲੰਘਣਾ ਨਾ ਹੋਏ।

ਸੇਵਾ, ਸਾਦਗੀ, ਉੱਦਮ ਦੀ ਮੂਰਤੀ, ਗੁਰੂ ਚਰਨਾਂ 'ਤੇ ਅਨਿੰਨ ਸ਼ਰਧਾ ਰੱਖਣ ਵਾਲੀ ਸ਼ਖਸੀਅਤ ਮਾਤਾ ਚੰਦ ਕੌਰ ਜੀ ਨੂੰ ਕੋਟਾਨ ਕੋਟ ਪ੍ਰਣਾਮ। ■

ਸੱਚੇ ਦਿਲਦਾਰ ਦਾ

✍ ਸੂਬਾ ਨਿਰੰਜਨ ਸਿੰਘ ਟਮਕੌਦੀ

ਬਖਸ਼ਦਾ ਗਰੀਬਾਂ ਤਾਈਂ ਤਾਣ, ਮਾਣ,
ਸ਼ਾਨ ਜਿਹੜਾ, ਗੁਰੂ ਜਗਜੀਤ ਦੀ ਜੋ ਵਾੜੀ ਨੂੰ ਸੰਭਾਲਦਾ।
ਦੁਨੀਆਂ ਦੇ ਵਿੱਚ ਜਿਹਦਾ ਕੋਈ ਵੀ ਨਹੀਂ ਥਾਂ ਹੁੰਦਾ,
ਗੋਦੀ 'ਚ ਬਿਠਾ ਕੇ ਆਪ ਉਸ ਨੂੰ ਪਿਆਰਦਾ।
ਦੁਖੜੇ ਨਿਵਾਰਦਾ ਤੇ ਸੇਵਕਾਂ ਨੂੰ ਤਾਰਦਾ ਉਹ,
ਬੇਮੁਖਾਂ ਨੂੰ ਬਖਸ਼ਦਾ ਤੇ ਸੰਤਾਂ ਨੂੰ ਉਭਾਰਦਾ।
'ਸੂਬਾ' ਨਹੀਂ ਕਹਿ ਰਿਹਾ ਕਹਿ ਰਿਹੈ ਜਹਾਨ ਸਾਰਾ,
ਮਾਤਾ ਚੰਦ ਕੌਰ ਸੱਚਾ ਸੋਮਾ ਸੀ ਪਿਆਰ ਦਾ।
ਲੱਗੀ ਹੈ ਕਰਦ ਜੀਹਨੂੰ, ਜਾਣਦਾ ਦਰਦ ਉਹੋ,
ਉਹੋ ਉਹਦੀ ਯਾਦ ਵਿੱਚ ਸਦਾ ਭੁੱਬਾਂ ਮਾਰਦਾ।
ਸੀਨਾ ਲੀਰੋ ਲੀਰ ਤੇ ਫਕੀਰਾਂ ਵਾਂਗ ਦਿਸਾ ਸਾਡੀ,
ਰੁੱਸ ਗਿਆ ਮਾਲੀ ਸਾਥੋਂ ਸਾਡੀ ਗੁਲਜ਼ਾਰ ਦਾ।
ਜਿਸਦੀ ਜੁਦਾਈ ਨੇ ਕਰ ਛੱਡਿਆ ਸ਼ੁਦਾਈ ਸਾਨੂੰ,
ਰਾਹ ਸਦਾ ਤੱਕਦੇ ਹਾਂ ਸੱਚੇ ਦਿਲਦਾਰ ਦਾ।
ਪ੍ਰੇਮ ਤੇ ਪਿਆਰ ਦੀ ਫੁਹਾਰ ਦੇਵੇ ਸਾਰਿਆਂ ਨੂੰ,
ਮਾਤਾ ਚੰਦ ਕੌਰ ਸੱਚਾ ਸੋਮਾ ਸੀ ਪਿਆਰ ਦਾ।

Namdhari Elibrary NamdhariElibrary@gmail.com

ਮਾਤਾ ਜੀ ਨੇ ਆਪਣੇ ਬਚਨਾਂ ਨਾਲ ਸੰਗਤਾਂ ਦੀਆਂ ਝੋਲੀਆਂ ਭਰ ਦਿੱਤੀਆਂ



✍ ਬੀਬੀ ਕੰਵਲਜੀਤ ਕੌਰ, ਬੰਕੋਕ

ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਸ੍ਰੀ ਮਾਤਾ ਚੰਦ ਕੌਰ ਜੀ ਨੇ ਕਿਸ ਤਰ੍ਹਾਂ ਆਪਣਾ ਸਰੀਰ ਛੱਡਣਾ ਸੀ। ਸ੍ਰੀ ਮਾਤਾ ਜੀ ਨੇ ਆਪਣੇ ਪੰਥ ਵਾਸਤੇ, ਆਪਣੇ ਸਿੱਖਾਂ ਵਾਸਤੇ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਾਸਤੇ ਆਪਣਾ ਆਪ ਵਾਰਿਆ। ਇਹ ਕੁਰਬਾਨੀ, ਜੋ ਮਾਂ ਨੇ ਹੱਸ ਕੇ ਦਿੱਤੀ ਭੁੱਲ ਨਾ ਪਾਏਗਾ ਇਹ ਸਾਰਾ ਜਹਾਨ। ਜਿਸ ਪਿਆਰ ਹੀ ਪਿਆਰ ਪਾਇਆ ਸੀ ਇਸ ਮਾਂ ਤੋਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਜਦ ਸ੍ਰੀ ਮਾਤਾ ਜੀ ਨੇ ਬੰਕੋਕ ਦਾ ਪਹਿਲੀ ਵਾਰ ਦੌਰਾ ਕੀਤਾ ਸੀ, ਉਸ ਸਮੇਂ ਜਹਾਜ਼ ਤੱਕ ਸ੍ਰੀ ਮਾਤਾ ਜੀ ਨੂੰ ਲੈਣ ਵਾਸਤੇ ਕੋਈ ਨਹੀਂ ਪਹੁੰਚ ਪਾਇਆ। ਇਸ ਲੇਖ ਦੀ ਲੇਖਿਕਾ ਅਤੇ ਹੋਰ ਜੋ ਆਈ ਸੰਗਤ ਏਅਰਪੋਰਟ ਤੇ ਬਾਹਰ ਹੀ ਮਾਤਾ ਜੀ ਦੀ ਉਡੀਕ ਕਰ ਰਹੇ ਸਨ ਕਿ ਉਸ ਦੌਰਾਨ ਏਅਰਪੋਰਟ ਪਹੁੰਚੇ ਇਕ ਨਾਮਧਾਰੀ ਨੌਜਵਾਨ ਜੋ ਕਿ ਅਪਣੇ ਕਿਸੀ ਹੋਰ ਕਾਰਜ ਵਾਸਤੇ ਆਇਆ ਸੀ, ਸੰਗਤਾਂ ਨੂੰ ਸਫੈਦ ਕਪੜੇ ਵਿਚ ਦੇਖਕੇ ਪੁਛਿਆ ਕਿ ਮਾਤਾ ਜੀ ਆ ਰਹੇ ਨੇ ? ਕੋਈ ਅੰਦਰ ਜਹਾਜ਼ ਤਕ ਲੈਣ ਗਿਆ ਕਿ ਨਹੀਂ ? ਜਦ ਉਸ ਨੌਜਵਾਨ (ਜਗਜੀਵਨ ਸਿੰਘ ਸਚਦੇਵ ਇੰਡੋ ਥਾਈ) ਨੂੰ ਪਤਾ ਚਲਿਆ ਕਿ ਕੋਈ ਨਹੀਂ ਗਿਆ, ਫਿਰ ਉਸਨੇ ਆਪਣੀ ਪਹੁੰਚ ਲਗਾ ਕੇ ਵੱਡੇ ਅਫਸਰ ਨਾਲ ਫੋਨ ਰਾਹੀਂ ਸੰਪਰਕ ਕਰਕੇ 30 ਮਿੰਟ ਤਕ ਅੰਦਰ ਜਹਾਜ਼ ਤਕ ਜਾਣ ਦੀ ਮਨਜ਼ੂਰੀ ਲੈ ਲਈ ਤੇ ਆਪਣੇ ਨਾਲ ਮੈਨੂੰ ਲੈ ਗਏ। ਮਾਤਾ ਜੀ ਦੇ ਦਰਸ਼ਨ ਕਰਦਿਆਂ ਹੀ ਜਗਜੀਵਨ ਸਿੰਘ ਨੂੰ ਬਹੁਤ ਠੰਡ ਪਹੁੰਚੀ ਅਤੇ ਮਾਤਾ ਜੀ ਵਲੋਂ ਬਹੁਤ ਪਿਆਰ ਮਿਲਿਆ। ਉਸ ਤੋਂ ਬਾਅਦ ਜਗਜੀਵਨ ਸਿੰਘ ਦੀ ਮਾਤਾ ਚੰਦ ਕੌਰ ਜੀ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਨਾਲ ਬਹੁਤ ਜ਼ਿਆਦਾ ਪ੍ਰੀਤ ਤੇ ਪ੍ਰਤੀਤ ਬਣ ਗਈ। ਹੁਣ ਤਾਂ ਹਰ ਦੌਰੇ ਤੇ ਇਹਨਾਂ ਨੇ ਆਪ ਅਗੇ ਵਧਕੇ ਏਅਰਪੋਰਟ ਆਪ ਮਨਜ਼ੂਰੀ ਲੈ ਕੇ ਵੀ. ਆਈ. ਪੀ. ਤੌਰ ਤੇ ਸ੍ਰੀ ਸਤਿਗੁਰੂ ਜੀ ਨੂੰ ਲੈਣ ਜਾਣਾ। ਜਦੋਂ ਵੀ ਕਿਥੇ ਕੋਈ ਵੱਡੇ ਅਫਸਰ ਤਕ ਦੀ ਪਹੁੰਚ ਦੀ ਲੋੜ ਹੁੰਦੀ ਭਾਵੇਂ ਉਹ ਪੁਲਿਸ ਹੋਵੇ ਜਾਂ ਕਸਟਮ ਵਾਲੇ ਜਾਂ ਕੋਈ ਹੋਰ ਹਮੇਸ਼ਾਂ ਜਗਜੀਵਨ ਨੇ ਆਪ ਫੋਨ ਕਰਕੇ ਚੰਦ ਮਿੰਟਾਂ ਵਿਚ ਹੀ ਸਾਰਾ ਇੰਤਜਾਮ ਕਰ ਲੈਣਾ। ਆਪਣੀ ਇਸ ਸੇਵਾ ਨੂੰ ਵੀ ਬਾਖੂਬੀ ਨਿਭਾ ਰਹੇ ਨੇ। ਇਹ ਸਭ ਮਾਤਾ ਜੀ ਅਤੇ ਸ੍ਰੀ ਸਤਿਗੁਰੂ ਜੀ ਦੇ ਪਿਆਰ ਨਾਲ ਹੀ ਉਹਨਾਂ ਨੂੰ ਉਤਸ਼ਾਹ ਮਿਲਿਆ ਅਤੇ ਉਹਨਾਂ ਨੂੰ ਵੇਖ ਕੇ ਕਈ ਨੌਜਵਾਨ ਨਾਲ ਲਗਕੇ ਸੇਵਾ ਕਰਦੇ ਨੇ ਅਤੇ ਸ੍ਰੀ ਸਤਿਗੁਰੂ ਜੀ ਦਾ ਪਿਆਰ ਅਤੇ ਕਿਰਪਾ ਪ੍ਰਾਪਤ ਕਰਦੇ ਨੇ।

ਸਾਡੇ ਘਰ ਜਦ ਦੂਸਰਾ ਬੇਟਾ ਹੋਇਆ ਸੀ, ਨਾਮ ਰਖਾਉਣ ਵਾਸਤੇ ਜਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ, ਮਹਿਲ ਸਿੰਘ ਨਾਮ ਰਖਿਆ। ਉਸ ਵੇਲੇ ਸ੍ਰੀ ਮਾਤਾ ਜੀ ਨੇ ਇਹ ਬਚਨ ਕੀਤੇ ਸੀ, "ਮਹਿਲ ਪਾਏਗਾ।" ਠੀਕ 7 ਸਾਲਾਂ ਬਾਅਦ ਠੀਕ ਉਸਨੂੰ ਮਹਿਲ ਵਰਗਾ ਘਰ ਮਿਲਿਆ

Namdhari Elibrary NamdhariElibrary@gmail.com

ਜਿਥੇ ਅਜ (ਹੁਣ ਸ੍ਰੀ ਸਤਿਗੁਰੂ ਜੀ ਦਾ ਡੇਰਾ) ਹੁੰਦਾ ਹੈ। ਮਾਤਾ ਜੀ ਨੇ ਇਕ ਵਾਰੀ ਇਹ ਵੀ ਬਚਨ ਕੀਤਾ ਸੀ ਕਿ ਜੀ ਕਰਦਾ ਹੈ ਕਿ ਬੈਂਕੋਕ ਤੋਂ ਜਹਾਜ ਭਰਕੇ ਸੰਗਤ ਭੈਣੀ ਸਾਹਿਬ ਆਏ। ਠੀਕ ਇਸੇ ਤਰ੍ਹਾਂ ਇਕ ਵਾਰ ਹੋ ਚੁੱਕਿਆ ਹੈ ਅਤੇ ਹੁਣ 2017 ਦਾ ਹੋਲਾ ਮਹੱਲਾ ਵੀ ਬੈਂਕੋਕ ਦੀ ਸੰਗਤ ਨੇ ਰਲਕੇ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ। ਇਹ ਸਭ ਸ੍ਰੀ ਮਾਤਾ ਚੰਦ ਕੌਰ ਜੀ ਨੇ ਆਪਣੇ ਬਚਨਾਂ ਰਾਹੀਂ ਸਾਰੀ ਸੰਗਤ ਤੇ ਕਿਰਪਾ ਕੀਤੀ ਹੈ।

ਜਦ ਮਾਤਾ ਜੀ ਨੂੰ ਪਤਾ ਲਗਣਾ ਕਿ ਕੋਈ ਬਿਮਾਰ ਹੈ ਬੈਂਕੋਕ ਵਿਚ ਤਾਂ, ਆਪ ਉਸਦਾ ਪਤਾ ਲੈਣ ਜਾਣਾ। ਹੁਕਮ ਕਰਨਾ ਪਹਿਲਾਂ ਬੀਬੀ ਸੂਬਾ ਗਿਆਨਣ ਨੂੰ ਕਿ ਉਹਨਾਂ ਦੀ ਥਾਂ ਜਾਕੇ ਉਹਨਾਂ ਦਾ ਪਤਾ ਲੈ ਆਉ। ਜਦ ਬੀਬੀ ਜੀ ਪਤਾ ਲੈਣ ਜਾਣਾ ਤਾਂ ਉਥੇ ਸਿੱਖ ਖੁਸ਼ ਹੋ ਜਾਂਦੇ ਸਨ ਜਦ ਪਤਾ ਲੱਗਦਾ ਸੀ ਕਿ ਮਾਤਾ ਜੀ ਨੇ ਪਤਾ ਲੈਣ ਭੇਜਿਆ ਹੈ। ਇਸ ਨਾਲ ਹੀ ਸਿੱਖਾਂ ਨੂੰ ਬਹੁਤ ਹੌਸਲਾ ਮਿਲਦਾ ਸੀ।

ਸ੍ਰੀ ਮਾਤਾ ਚੰਦ ਕੌਰ ਜੀ ਜਦ ਵੀ ਬੈਂਕੋਕ ਆਉਂਦੇ ਸਨ ਹਰ ਵਾਰ ਸ੍ਰੀ ਭੈਣੀ ਸਾਹਿਬ ਦੀ ਸੰਗਤ ਵਾਸਤੇ ਉਹਨਾਂ ਬਾਰੇ ਸੋਚਦਿਆਂ ਹੋਇਆਂ, ਉਹਨਾਂ ਦਾ ਭਜਨ ਬਾਣੀ ਵਲ ਉਤਸ਼ਾਹ ਵਧਾਉਣ ਲਈ ਉਹਨਾਂ ਵਾਸਤੇ ਕੁਝ ਨਾ ਕੁਝ ਲੈ ਕੇ ਜਾਂਦੇ ਸਨ।

ਕਈ ਵਾਰੀ ਬੈਂਕੋਕ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕਰਦੇ ਹੋਏ ਮਾਤਾ ਜੀ ਨੇ ਕਿਸੇ ਸਿੱਖ ਬਾਰੇ ਪੁੱਛਣਾ ਉਹ ਨਹੀਂ ਆਇਆ ਤਾਂ ਪਤਾ ਲੱਗਣ ਤੇ ਕਿ ਉਹ ਨਰਾਜ਼ ਹੈ। ਮਾਤਾ ਜੀ ਬਚਨ ਕਰਨਾ, ਉਹ ਨਰਾਜ਼ ਹੈ ਮੈਂ ਤਾਂ ਨਹੀਂ ਚਲੋ ਅਚਾਨਕ ਉਹਦੇ ਘਰ ਚਲੀਏ ਤੇ ਏਸ ਤਰ੍ਹਾਂ ਮਾਤਾ ਜੀ ਉਹਨਾਂ ਦੇ ਘਰ ਜਾਕੇ ਉਹਨਾਂ ਨੂੰ ਪਿਆਰ ਕਰਨਾ, ਕਿਰਪਾ ਕਰਨੀ। ਮਾਂ ਦਾ ਪੂਰਾ ਫਰਜ਼ ਨਿਭਾਉਂਦੇ ਸੀ।

ਇਕ ਵਾਰ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕਰਦੇ ਹੋਏ ਸ੍ਰੀ ਮਾਤਾ ਚੰਦ ਕੌਰ ਜੀ ਨੂੰ ਇਕ ਬੀਬੀ ਨੇ ਨਵੇਂ ਘਰ ਅਤੇ ਪੁੱਤਰ ਵਾਸਤੇ ਅਰਜ਼ ਕੀਤੀ। ਉਹ ਬੀਬੀ ਕਿਰਾਏ ਦੇ ਮਕਾਨ ਵਿਚ ਰਹਿ ਰਹੀ ਸੀ। ਬਚਨ ਕਰਦੇ ਕਰਦੇ ਉਹ ਬੀਬੀ ਅੰਦਰ ਕੈਮਰਾ ਲੈਣ ਗਈ, ਉਤਨੇ ਨੂੰ ਸ੍ਰੀ ਮਾਤਾ ਜੀ ਉਠ ਕੇ ਚਲ ਪਏ ਦੂਸਰੇ ਘਰ ਨੂੰ। ਉਹ ਬੀਬੀ ਪਿਛੇ ਪਿਛੇ ਭੱਜੀ ਆਈ ਫੋਟੋ ਖਿਚਵਾਉਣ। ਅਰਜ਼ ਕਰਨ ਤੇ ਸ੍ਰੀ ਮਾਤਾ ਜੀ ਬਚਨ ਕੀਤਾ, "ਜਦ ਤੈਨੂੰ ਨਵਾਂ ਘਰ ਮਿਲੇਗਾ ਉਦੋਂ ਹੀ ਤੇਰੇ ਨਵੇਂ ਘਰ ਆਕੇ ਫੋਟੋ ਖਿਚਵਾਂਵਾਂਗੇ।" ਠੀਕ ਕੁਝ ਕੁ ਸਾਲ ਬਾਅਦ ਸ੍ਰੀ ਮਾਤਾ ਜੀ ਦੀ ਕਿਰਪਾ ਨਾਲ ਉਸਨੂੰ ਨਵਾਂ ਘਰ

ਜੋ ਕੋਈ ਵੀ ਬੱਚੇ ਦੀ ਅਰਜ਼ ਕਰਦਾ, ਸ੍ਰੀ ਮਾਤਾ ਜੀ ਨੇ ਹਮੇਸ਼ਾਂ ਉਸਦੀ ਝੋਲੀ ਭਰੀ ਹੈ ਖੁਸ਼ੀਆਂ ਨਾਲ। ਇਕ ਮਾਂ ਬਣਕੇ ਸ੍ਰੀ ਮਾਤਾ ਚੰਦ ਕੌਰ ਜੀ ਨੇ ਹਰ ਮਾਵਾਂ ਦਾ ਦਰਦ ਸਮਝਿਆ ਅਤੇ ਉਹਨਾਂ ਨੂੰ ਖੁਸ਼ੀ ਦਿੱਤੀ।

ਮਿਲਿਆ, ਉਹਦੇ ਘਰ ਮੁੰਡਾ ਵੀ ਹੋ ਗਿਆ ਅਤੇ ਸ੍ਰੀ ਮਾਤਾ ਜੀ ਨੇ ਚਰਨ ਵੀ ਪਾਕੇ ਫੋਟੋ ਖਿਚਵਾਈ।

ਇਸ ਤਰ੍ਹਾਂ ਮਾਤਾ ਜੀ ਨੇ ਹੋਰ ਬਹੁਤ ਹੀ ਲੋਕਾਂ ਤੇ ਕਿਰਪਾ ਕੀਤੀ ਜਿਸਦਾ ਬਿਆਨ ਕਰਦੇ ਕਰਦੇ ਕਲਮ ਵੀ ਥੱਕ ਜਾਏ। ਇਕ ਵਾਰੀ ਬੀਬੀ ਪ੍ਰੇਮਰਤਨ ਕੌਰ ਨਰੂਲਾ ਮੇਲੇ ਦੇ ਦਿਨੀਂ ਸ੍ਰੀ ਭੈਣੀ ਸਾਹਿਬ ਪਹੁੰਚੇ ਹੋਏ ਸਨ। ਉਨੇ ਨੂੰ ਰਾਤ ਦੇ ਸਮੇਂ ਉਹਨਾਂ ਦੇ ਘਰੋਂ ਫੋਨ ਆਇਆ ਕਿ ਉਹਨਾਂ ਦੇ ਸੈਂਤਾਂ ਨੂੰ ਅਟੈਕ ਆ ਗਿਆ ਹੈ ਅਤੇ ਉਹਨਾਂ ਨੂੰ ਘਰ ਬੁਲਾਇਆ ਜੋਕਿ ਰਾਤ ਦੇ ਸਮੇਂ ਤੁਰੰਤ ਨਿਕਲਣਾ ਬਹੁਤ ਮੁਸ਼ਕਿਲ ਸੀ। ਉਸੀ ਵੇਲੇ ਮਾਤਾ ਜੀ ਨੇ ਉਹਨਾਂ ਨੂੰ ਕਿਹਾ, "ਤੁਹਾਡੇ ਸੈਂਤਾਂ ਨੂੰ ਕੁਝ ਨਹੀਂ ਹੁੰਦਾ, ਪਰ ਤੁਹਾਨੂੰ ਉਹਨਾਂ ਦੀ ਸੇਵਾ ਕਰਨੀ ਪਵੇਗੀ। ਅਸੀਂ ਹੁਣੇ ਹੀ ਤੁਹਾਡੇ ਲਈ ਗੱਡੀ ਦਾ ਇੰਤਜਾਮ ਕਰ ਦਿੰਦੇ ਹਾਂ।" ਠੀਕ ਮਾਤਾ ਜੀ ਦੇ ਬਚਨਾਂ ਮੁਤਾਬਿਕ ਬੀਬੀ ਨੇ ਆਪਣੇ ਪਤੀ ਦੀ 7 ਸਾਲ ਸੇਵਾ ਕੀਤੀ, ਜਿਹਨਾਂ ਦਾ ਫਿਰ 2016 ਵਿਚ ਦੇਹਾਂਤ ਹੋ ਗਿਆ।

ਸ੍ਰੀ ਮਾਤਾ ਚੰਦ ਕੌਰ ਜੀ ਦੇ ਬਚਨ ਕਦੇ ਵੀ ਬਿਰਥਾ ਨਹੀਂ ਜਾਂਦੇ। ਇਸੀ ਤਰ੍ਹਾਂ ਸ੍ਰੀ ਮਾਤਾ ਜੀ ਨੇ ਬੀਬੀ ਸੁਰਜੀਤ ਕੌਰ ਨਰੂਲਾ ਤੇ ਕਿਰਪਾ ਕੀਤੀ। ਇਕ ਵਾਰੀ ਬੀਬੀ ਸੁਰਜੀਤ ਕੌਰ ਬਹੁਤ ਹੀ ਬਿਮਾਰ ਸਨ ਅਤੇ ਅਰਜ਼ ਕਰਨ ਤੇ ਸ੍ਰੀ ਮਾਤਾ ਜੀ ਨੇ ਹੁਕਮ ਕੀਤਾ ਕਿ ਇਹਨਾਂ ਨੂੰ ਸ੍ਰੀ ਭੈਣੀ ਸਾਹਿਬ ਸੇਵਾ ਕਰਨ ਵਾਸਤੇ ਭੇਜੋ। ਬੀਬੀ ਜੀ ਨੇ ਸ੍ਰੀ ਭੈਣੀ ਸਾਹਿਬ ਜਾਕੇ ਲੰਗਰ ਦੀ, ਗਊਸ਼ਾਲਾ ਜਾਕੇ ਗਊਆਂ ਦੀ ਸੇਵਾ ਕੀਤੀ ਅਤੇ ਕੁਝ ਚਿਰ ਬਾਅਦ ਬੀਬੀ ਜੀ ਬਿਲਕੁਲ ਠੀਕ ਹੋ ਗਏ। ਅੱਜ ਉਹ ਬੀਬੀ ਜੀ ਖੁਦ ਟੁਰਦੇ ਫਿਰਦੇ ਹਨ।

ਇਕ ਵਾਰੀ ਬੀਬੀ ਚਰਨਜੀਤ ਕੌਰ ਗੋੜੇਵਾਲਾ ਦੀਆਂ ਅੱਖਾਂ ਪਾਠ ਕਰਦਿਆਂ ਬਹੁਤ ਲਾਲ ਹੋ ਗਈਆਂ ਸੀ। ਅਰਜ਼ ਕਰਨ ਤੇ ਸ੍ਰੀ ਮਾਤਾ ਜੀ ਨੇ

Namdhari Elibrary NamdhariElibrary@gmail.com

ਉਹਨਾਂ ਨੂੰ ਕੁਝ ਚਿਰ ਵਾਸਤੇ ਪਾਠ ਕਰਨ ਤੋਂ ਰੋਕਿਆ ਅਤੇ ਹੁਕਮ ਕੀਤਾ ਕਿ ਰੋਜ਼ ਤ੍ਰਿਫਲਾ ਦੀ ਸਬਜ਼ੀ ਛੱਕਿਆ ਕਰਨ। ਉਸ ਬੀਬੀ ਨੇ ਇਕ ਸਾਲ ਉਹ ਸਬਜ਼ੀ ਛਕੀ ਅਤੇ ਯਾਦ ਆਇਆ ਜਦੋਂ ਉਹਨਾਂ ਦੇ ਇਹ ਸਮੱਸਿਆ ਹੋਈ ਸੀ ਸ੍ਰੀ ਸਤਿਗੁਰੂ ਜੀ ਨੇ ਵੀ ਇਹੀ ਹੁਕਮ ਕੀਤਾ ਸੀ। ਉਸ ਤੋਂ ਬਾਅਦ ਉਹਨਾਂ ਦੀ ਅੱਖ ਬਿਲਕੁਲ ਠੀਕ ਹੋ ਗਈ ਤੇ ਅੱਜ ਤੱਕ ਉਹ ਪੂਰਾ ਦਰਬਾਰ ਸਾਹਿਬ ਦਾ ਪਾਠ ਕਰਦੇ ਨੇ। ਉਹ ਇਸਨੂੰ ਸ੍ਰੀ ਮਾਤਾ ਜੀ ਦੀ ਕਿਰਪਾ ਹੀ ਮੰਨਦੇ ਨੇ।

ਇਸੇ ਤਰ੍ਹਾਂ ਬੀਬੀ ਪ੍ਰਿਥਪਾਲ ਕੌਰ ਆਪਣੀ ਬੇਟੀ ਉੱਤੇ ਸ੍ਰੀ ਮਾਤਾ ਜੀ ਦੀ ਬੇਅੰਤ ਕਿਰਪਾ ਮਾਣਦੇ ਹੋਏ ਆਪਣੀ ਬੇਟੀ ਦਾ ਇੰਝ ਹਾਲ ਸੁਣਾਉਂਦੇ ਨੇ ਕਿ ਉਹਨਾਂ ਦੀ ਬੇਟੀ ਰਾਣੀ ਤੇ ਕੇਸ ਸੀ ਜਿਸਦੇ ਕਰਕੇ ਉਹ ਬੈਂਕੋਕ ਨਹੀਂ ਰਹਿ ਸਕਦੀ ਸੀ। ਇੰਡੀਆਂ ਸ੍ਰੀ ਭੈਣੀ ਸਾਹਿਬ ਗਈ ਤੇ ਸ੍ਰੀ ਮਾਤਾ ਜੀ ਨੂੰ ਅਰਜ਼ ਕਰਨ ਤੇ ਹੁਕਮ ਹੋਇਆ ਕਿ ਇਸਦਾ ਨਾਮ ਹੁਣ ਜੀਵਨ ਕੌਰ ਰੱਖਣਾ ਹੈ, ਭਜਨ ਕਰਿਆ ਕਰੇ। ਹੁਣ ਇਸਨੂੰ ਨਵਾ ਜੀਵਨ ਦਿੱਤਾ ਹੈ।" ਬਸ ਇਸ ਬਚਨਾਂ ਤੋਂ ਬਾਅਦ ਉਹ ਮੁਕੱਦਮਾ ਜਿੱਤ ਗਈ ਤੇ ਹੁਣ ਨਵਾਂ ਜੀਵਨ ਬਤੀਤ ਕਰਦੀ ਖੁਸ਼ੀਆਂ ਮਾਣਦੀ ਹੈ।

ਇਕ ਹੋਰ ਬੀਬੀ, ਬੀਬੀ ਹਰਚਰਨ ਕੌਰ ਆਪਣੀ ਹੱਡ ਬੀਤੀ ਇਹ ਦੱਸਦੀ ਹੈ ਕਿ ਉਹਨਾਂ ਦੇ ਘਰ ਕਾਫੀ ਸਾਲਾਂ ਤੋਂ ਕੋਈ ਬੱਚਾ ਨਹੀਂ ਸੀ। ਇਕ ਵਾਰੀ ਸਮੁੰਦਰ ਕਿਨਾਰੇ ਘੁਮੰਣ ਗਏ ਨਾਲ ਸ੍ਰੀ ਮਾਤਾ ਜੀ ਅਤੇ ਹੋਰ ਬੀਬੀਆਂ ਵੀ ਸਨ। ਉਥੇ ਬੇਬੇ ਜੀ ਨੇ ਬੀਬੀ ਹਰਚਰਨ ਕੌਰ ਨੂੰ ਕਿਹਾ, "ਮਾਤਾ ਜੀ ਪਾਣੀ ਵਿਚ ਖੜੇ ਨੇ ਤੂੰ ਜਾ ਕੇ ਉਹਨਾਂ ਦੇ ਚਰਨ ਫੜ ਲੈ ਅਤੇ ਉਹਨਾਂ ਤੋਂ ਬੱਚੇ ਦੀ ਦਾਤ ਮੰਗ। ਚਰਨ ਛੱਡੀ ਨਾ ਜਦ ਤਕ ਸ੍ਰੀ ਮਾਤਾ ਜੀ ਹਾਂ ਨਹੀਂ ਕਰਦੇ, ਉਹਨਾਂ ਦੇ ਚਰਨਾਂ ਵਿਚ ਬਹੁਤ ਕੁਝ ਹੈ।" ਬੀਬੀ ਜੀ ਨੇ ਠੀਕ ਏਸੇ ਤਰ੍ਹਾਂ ਹੀ ਕੀਤਾ ਅਗੋਂ ਮਾਤਾ ਜੀ ਹੁਕਮ ਕੀਤਾ, "ਸੱਚੇ ਪਾਤਸ਼ਾਹ ਜੀ ਕਿਰਪਾ ਕਰਨਗੇ ਭਜਨ ਕਰਿਆ ਕਰ।" ਇਸ ਤੋਂ ਥੋੜੇ ਚਿਰ ਬਾਅਦ ਬੀਬੀ ਜੀ ਘਰ ਪੁੱਤਰ ਹੋਇਆ, ਇਹ ਸਭ ਮਾਤਾ ਜੀ ਦੇ ਅਨਮੋਲਕ ਬਚਨਾਂ ਦੇ ਰੂਪ ਵਿਚ ਉਹਨਾਂ ਤੇ ਕਿਰਪਾ ਹੀ ਸੀ।

ਇਕ ਵਾਰੀ ਬੀਬੀ ਬਲਬੀਰ ਕੌਰ ਚਾਵਲਾ (ਕੇ. ਐਸ.) ਦੀ ਨੂੰਹ ਦੇ ਘਰ 2 ਬੇਟੀਆਂ ਸਨ। ਉਹਨਾਂ ਨੇ ਬੇਟੇ ਵਾਸਤੇ ਅਰਜ਼ ਕੀਤੀ ਹੋਈ ਸੀ। ਇਕ ਦਿਨ ਬੀਬੀ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਸ੍ਰੀ ਮਾਤਾ ਜੀ ਨੇ ਪੁੱਛਿਆ, "ਤੇਰੀ ਨੂੰਹ ਦੇ ਘਰ ਬੱਚਾ ਹੋਣ ਵਾਲਾ ਹੈ ?" ਬੀਬੀ ਜੀ ਨੇ ਜਵਾਬ ਦਿੱਤਾ ਨਹੀਂ ਪਤਾ। ਪਰ ਅਸਲ ਵਿਚ ਉਸ ਸਮੇਂ ਉਹਨਾਂ ਦੀ ਨੂੰਹ ਤੇ ਕਿਰਪਾ ਹੋ ਗਈ ਸੀ ਪਰ ਉਹਨਾਂ ਨੂੰ ਨਹੀਂ ਪਤਾ ਸੀ। ਥੋੜੇ ਚਿਰ ਬਾਅਦ ਸ੍ਰੀ ਸਤਿਗੁਰੂ ਜੀ ਅਤੇ ਸ੍ਰੀ ਮਾਤਾ ਜੀ ਦਾ ਬੈਂਕੋਕ ਦੌਰਾ ਹੋਇਆ। ਉਸ ਸਮੇਂ ਵੀ ਸ੍ਰੀ ਮਾਤਾ ਜੀ ਨੇ ਬੀਬੀ ਕੋਲੋਂ ਦੁਬਾਰਾ ਉਹੀ ਸਵਾਲ ਪੁੱਛਿਆ। ਬੀਬੀ ਨੂੰ ਨਹੀਂ ਪਤਾ ਸੀ ਤੇ 'ਪਤਾ ਨਹੀਂ' ਜਵਾਬ ਦਿੱਤਾ। ਪਰ ਥੋੜੇ ਚਿਰ ਬਾਅਦ ਉਹਨਾਂ ਦੀ ਨੂੰਹ ਦੇ ਘਰ ਸ੍ਰੀ ਮਾਤਾ ਜੀ ਦੀ ਕਿਰਪਾ ਨਾਲ ਬੇਟਾ ਹੋਇਆ।

ਇਕ ਬੀਬੀ ਕਿਰਨਜੀਤ ਕੌਰ ਬਾਂਗਾ ਦਾ ਦੂਸਰਾ ਬੇਟਾ ਛੋਟੇ ਹੁੰਦਿਆਂ ਬਹੁਤ ਰੋਂਦਾ ਸੀ। ਮਾਤਾ ਜੀ ਨੂੰ ਅਰਜ਼ ਕੀਤੀ ਅਤੇ ਬਚਨ ਹੋਇਆ "ਕੋਈ ਨਹੀਂ ਬੱਚਾ ਵਧੀਆ ਪਲੇਗਾ।" ਉਸ ਤੋਂ ਬਾਅਦ ਸ੍ਰੀ ਮਾਤਾ ਜੀ ਦੀ ਕਿਰਪਾ ਨਾਲ ਬੱਚਾ ਜ਼ਿਆਦਾ ਨਹੀਂ ਸੀ ਰੋਂਦਾ ਅਤੇ ਬਹੁਤ ਵਧੀਆ ਪਲਿਆ।

ਬੀਬੀ ਚਰਨਜੀਤ ਕੌਰ ਆਪਣੇ ਬੇਟੇ ਤੇ ਹੋਈ ਕਿਰਪਾ ਬਾਰੇ ਦੱਸਦੇ ਹਨ ਕਿ ਉਹਨਾਂ ਦੇ ਬੇਟੇ ਘਰ 3 ਕੁੜੀਆਂ ਹੋਈਆਂ ਅਤੇ ਮੁੰਡੇ ਵਾਸਤੇ ਅਰਜ਼ ਕੀਤੀ। ਇਸ ਤੇ ਸ੍ਰੀ ਮਾਤਾ ਜੀ ਬਚਨ ਕੀਤਾ, "ਕੋਈ ਗੱਲ ਨਹੀਂ ਤੁਹਾਡੀ ਇਹ ਤੀਸਰੀ ਕੁੜੀ ਮੁੰਡੇ ਵਾਂਗ ਹੀ ਤੁਹਾਡਾ ਖਿਆਲ ਰਖੇਗੀ, ਫਿਕਰ ਨਾ ਕਰੋ।" ਅੱਜ ਸ੍ਰੀ ਮਾਤਾ ਜੀ ਦੇ ਇਹ ਬਚਨ ਪੂਰੇ ਹੋ ਰਹੇ ਨੇ, ਉਹੀ ਕੁੜੀ ਵਿਆਹ ਤੋਂ ਬਾਅਦ ਵੀ ਆਪਣੇ ਮਾਤਾ ਪਿਤਾ ਦਾ ਪੁੱਤਰ ਵਾਂਗ ਧਿਆਨ ਰੱਖਦੀ ਹੈ।

ਜੋ ਕੋਈ ਵੀ ਬੱਚੇ ਦੀ ਅਰਜ਼ ਕਰਦਾ, ਸ੍ਰੀ ਮਾਤਾ ਜੀ ਨੇ ਹਮੇਸ਼ਾਂ ਉਸਦੀ ਝੋਲੀ ਭਰੀ ਹੈ ਖੁਸ਼ੀਆਂ ਨਾਲ। ਇਕ ਮਾਂ ਬਣਕੇ ਸ੍ਰੀ ਮਾਤਾ ਚੰਦ ਕੌਰ ਜੀ ਨੇ ਹਰ ਮਾਵਾਂ ਦਾ ਦਰਦ ਸਮਝਿਆ ਅਤੇ ਉਹਨਾਂ ਨੂੰ ਖੁਸ਼ੀ ਦਿੱਤੀ।

ਬੈਂਕੋਕ ਤੋਂ ਇਕ ਬੀਬੀ ਦੱਸਦੀ ਹੈ ਕਿ ਉਹਦੇ ਬੇਟੇ ਦੇ ਵਿਆਹ ਨੂੰ ਕਾਫੀ ਸਾਲ ਹੋ ਗਏ ਸੀ ਬੱਚਾ ਨਹੀਂ ਸੀ ਹੋਇਆ। ਉਹਨਾਂ ਸ੍ਰੀ ਸਤਿਗੁਰੂ ਜੀ, ਮਾਤਾ ਜੀ ਦੇ ਚਰਨਾਂ ਵਿਚ ਅਰਜ਼ਾਂ ਕਰਨੀਆਂ ਕਿਰਪਾ ਹੋਵੇ। ਮਾਤਾ ਜੀ ਉਹਨੂੰ ਸ੍ਰੀ ਭੈਣੀ ਸਾਹਿਬ ਆਉਣ ਦਾ ਹੁਕਮ ਕੀਤਾ ਉਸਦੇ ਅਨੁਸਾਰ ਉਹ 2 ਵਾਰੀ ਸ੍ਰੀ ਭੈਣੀ ਸਾਹਿਬ ਆਈ ਤੇ ਕਿਰਪਾ ਨਹੀਂ ਹੋਈ। ਰਜ਼ਾ ਦੀ ਗੱਲ ਸੀ ਇਕ ਦਿਨ ਉਹ ਮਾਤਾ ਜੀ ਨੂੰ ਗੁੱਸਾ ਕਰਦੀ ਕਿ ਕਿਰਪਾ ਹੋਈ ਨਹੀਂ ਹੈ ਮੈਂ ਨਹੀਂ ਆਉਣਾ। ਹੁਣ ਮਾਤਾ ਜੀ ਹੁਕਮ ਕੀਤਾ ਇਸ ਤਰ੍ਹਾਂ ਨਹੀਂ ਕਰਨਾ। ਉਹ ਫੇਰ ਅਗਲੇ ਸਾਲ ਸ੍ਰੀ

Namdhari Elibrary NamdhariElibrary@gmail.com

ਭੈਣੀ ਸਾਹਿਬ ਗਈ ਉਥੇ ਜਾਕੇ ਫੇਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ। ਫੇਰ ਪਾਤਸ਼ਾਹ ਜੀ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਆਖਿਆ ਮੇਰੀ ਸਿੰਘਣੀ ਕੋਲੋਂ ਜਾ ਕੇ ਪ੍ਰਸ਼ਾਦ ਲੈ। ਉਹ ਬੀਬੀ ਮਾਤਾ ਜੀ ਕੋਲ ਗਈ ਜਾ ਕੇ ਸੁਪਨਾ ਸੁਣਾਇਆ। ਮਾਤਾ ਜੀ ਨੇ ਪ੍ਰਸ਼ਾਦ ਦਿੱਤਾ। ਅੱਜ ਉਹਦੇ ਘਰ ਇਕ ਪੁੱਤਰ ਇਕ ਪੁੱਤਰੀ ਹੈ।

ਇਕ ਦਿਨ ਬੀਬੀ ਰਤਨ ਕੌਰ ਜਿਸਦੇ ਘਰ 16 ਸਾਲ ਬਾਅਦ ਬੱਚਾ ਹੋਇਆ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ। ਉਸ ਬੱਚੇ ਨੂੰ ਇਕ ਵਾਰੀ ਟੇਬਲ ਟੈਨਿਸ ਖੇਲਦਿਆਂ ਅੱਖ ਦੇ ਕੋਲ ਟੈਨਿਸ ਬਾਲ ਲੱਗ ਗਈ ਜਿਸਦੇ ਕਾਰਨ ਡਾਕਟਰ ਨੇ ਕਿਹਾ ਸੀ ਅੱਖ ਦੀ ਕਿਸੀ ਨਸ ਤੇ ਅਸਰ ਪੈ ਸਕਦਾ ਹੈ। ਬੀਬੀ ਜੀ ਨੂੰ ਉਹ ਬਚਨ ਯਾਦ ਆਇਆ ਜਦੋਂ ਬੱਚਾ ਹੋਇਆ ਸੀ ਅਤੇ ਸ੍ਰੀ ਮਾਤਾ ਜੀ ਨੇ ਬਚਨ ਕੀਤਾ ਸੀ "ਕਿਰਪਾ ਕੀਤੀ ਹੈ ਕਿਰਪਾ ਹੀ ਰਹੇਗੀ।" ਉਹ ਬਚਨ ਯਾਦ ਕਰਕੇ ਬੀਬੀ ਬਿਲਕੁਲ ਨਹੀਂ ਡੋਲੀ। ਉਸ ਤੋਂ ਬਾਅਦ ਪੱਟੀ ਖੁਲ੍ਹਣ ਤੇ ਉਸਦੀ ਅੱਖ ਬਿਲਕੁਲ ਠੀਕ ਸੀ। ਇਹ ਕਿਰਪਾ ਸ੍ਰੀ ਮਾਤਾ ਜੀ ਦੀ ਹੈ।

ਬੰਕੋਕ ਬੀਬੀ ਸੁਖਬੀਰ ਕੌਰ ਗੋਰੋਵਾੜਾ ਦੱਸਦੇ ਨੇ ਕਿ ਉਹਨਾਂ ਦੇ ਪਤੀ ਬਹੁਤ ਬਿਮਾਰ ਸਨ ਜਿਸ ਤੇ ਡਾਕਟਰਾਂ ਨੇ ਵੀ ਜਵਾਬ ਦੇ ਦਿੱਤਾ ਸੀ। ਬੀਬੀ ਨੇ ਸ੍ਰੀ ਮਾਤਾ ਜੀ ਨੂੰ ਜਦ ਵੀ ਫੋਨ ਕਰਨਾ ਸ੍ਰੀ ਮਾਤਾ ਜੀ ਏਹੋ ਪੁੱਛਣਾ -"ਗਿਆਨ (ਉਹਨਾਂ ਦੇ ਪਤੀ) ਨੂੰ ਹੋਸ਼ ਹੋਇਆ ਕਿ ਨਹੀਂ ?" ਬੀਬੀ ਜੀ ਨੇ ਦੱਸਿਆ ਕਿ ਡਾਕਟਰ ਦੇ ਮੁਤਾਬਿਕ ਜੇ ਹੋਸ਼ ਵੀ ਆ ਜਾਏ ਤਾਂ ਵੀ ਕੋਮਾ ਵਿਚ ਚਲੇ ਜਾਣਗੇ। ਉਸ ਦੌਰਾਨ ਕਾਫੀ ਚਿੰਤਿਤ ਰਹਿੰਦੇ ਸਨ। ਥੋੜੇ ਦਿਨਾਂ ਬਾਅਦ ਜਦ ਮਾਤਾ ਜੀ ਨਾਲ ਫੋਨ ਤੇ ਗਲਬਾਤ ਹੋਈ, ਫੇਰ ਮਾਤਾ ਜੀ ਨੇ ਇਹੀ ਪੁਛਿਆ ਕਿ ਗਿਆਨ ਨੂੰ ਹੋਸ਼ ਆਈ ਕਿ ਨਹੀਂ। ਉਸ ਦਿਨ ਜਦ ਜ਼ਿਆਦਾ ਸੀਰੀਅਸ ਹਾਲਤ ਹੋਈ ਤਾਂ ਉਹਨਾਂ ਨੂੰ ਆਈ ਸੀ. ਯੂ. ਲੈ ਜਾਣ ਲੱਗੇ। ਆਈ ਸੀ. ਯੂ. ਵਿਚ ਅੰਦਰ ਲੈ ਜਾਣ ਹੀ ਲਗੇ ਤਾਂ ਅਚਾਨਕ ਗਿਆਨ ਸਿੰਘ ਨੂੰ ਹੋਸ਼ ਆ ਗਈ ਪਰ ਡਾਕਟਰਾਂ ਨੂੰ ਵਿਸ਼ਵਾਸ਼ ਨਹੀਂ ਸੀ ਹੋ ਰਿਹਾ ਕਿ ਇਹ ਕਰਾਮਾਤ ਕਿਸ ਤਰ੍ਹਾਂ ਹੋ ਗਈ। ਜਦ ਵੀ ਬੀਬੀ ਸੁਖਬੀਰ ਕੌਰ ਡਾਕਟਰ ਨੂੰ ਮਿਲਦੀ ਸੀ ਉਹਨਾਂ ਦੇ ਹੱਥ ਵਿਚ ਹਮੇਸ਼ਾਂ ਹੀ ਮਾਲਾ ਹੁੰਦੀ ਸੀ। ਡਾਕਟਰਾਂ ਨੇ ਪੁਛਿਆ, "ਤੁਸੀਂ ਇਹ ਕੀ ਫੇਰਦੇ ਰਹਿੰਦੇ ਹੋ। ਤੁਹਾਡਾ ਰੱਬ ਕੌਣ ਹੈ ?" ਬੀਬੀ ਨੇ ਡਾਕਟਰ ਨੂੰ ਦੱਸਿਆ,, "ਅਸੀਂ ਇਹ ਮਾਲਾ ਫੇਰ ਕੇ ਭਜਨ ਕਰਦੇ ਹਾਂ।" ਡਾਕਟਰ ਕਹਿੰਦੇ ਤੁਹਾਡੇ ਰੱਬ ਨੇ ਕੋਈ ਕਰਾਮਾਤ ਦਿਖਾਈ ਹੈ। ਠੀਕ ਹੋਏ, ਘਰ ਆ ਕੇ ਗਿਆਨ ਸਿੰਘ ਨੇ ਆਪਣੇ ਘਰ ਦਿਆਂ ਨੂੰ ਆਪਣੇ ਨਾਲ ਬੀਤੀ ਸੁਣਾਈ ਕਿ ਉਹ ਤਾਂ ਚਲੇ ਗਏ ਸਨ ਪਰ ਸਤਿਗੁਰੂ ਜੀ ਨੇ ਉਹਨਾਂ ਨੂੰ ਵਾਪਿਸ ਭੇਜਿਆ ਇਹ ਬਚਨ ਕਰਕੇ, "ਬੱਚਿਆਂ ਕੋਲੋਂ ਬੱਚਿਆਂ ਦਾ ਪਿਆਰ ਲਵੋ ਅਤੇ ਸਿੰਘਣੀ ਕੋਲੋਂ ਆਪਣੀ ਸੇਵਾ ਕਰਵਾਉ। ਉਸ ਤੋਂ ਬਾਅਦ ਉਹਨਾਂ ਆਪਣੀ ਸਿੰਘਣੀ ਤੋਂ ਡੇਢ ਸਾਲ ਸੇਵਾ ਕਰਵਾਈ। ਉਹਨਾਂ ਦੇ ਚੜ੍ਹਾਈ ਕਰਨ ਤੋਂ ਬਾਅਦ ਬੀਬੀ ਸੁਖਬੀਰ ਕੌਰ ਨੇ ਬਹੁਤ ਰੋਂਦੇ ਰਹਿਣਾ। ਮਾਤਾ ਜੀ ਨੇ ਇਕ ਵਾਰ ਉਹਨਾਂ ਨੂੰ ਬਚਨ ਕੀਤਾ, "ਤੈਨੂੰ ਹੁਣ ਪੋਤਾ ਦਿੱਤਾ ਹੈ, ਤੂੰ ਉਹਦੇ ਆਹਰੇ ਲੱਗ, ਯਾਦ ਕਰਕੇ ਨਾ ਰੋਇਆ ਕਰ।" ਉਸ ਸਮੇਂ ਬੀਬੀ ਦੀ ਨੂੰਹ ਨੂੰ ਬੱਚਾ ਹੋਣ ਵਾਲਾ ਸੀ। ਥੋੜੇ ਹੀ ਮਹੀਨਿਆਂ ਬਾਅਦ ਉਹਨਾਂ ਦੇ ਘਰ ਪੋਤਰਾ ਹੋਇਆ। ਉਹ ਇਸ ਨੂੰ ਸ੍ਰੀ ਸਤਿਗੁਰੂ ਜੀ ਅਤੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਦਿੱਤੀ ਦਾਤ ਅਤੇ ਕਿਰਪਾ ਸਮਝ ਕੇ ਬਹੁਤ ਖੁਸ਼ ਹੋਏ।

ਸ੍ਰੀ ਮਾਤਾ ਜੀ ਨੇ ਬੰਕੋਕ ਦੇ ਆਖਰੀ ਦੌਰੇ ਦੌਰਾਨ ਇਹ ਬਚਨ ਕੀਤਾ ਸੀ ਕਿ ਰਾਈਆਂ ਪ੍ਰਕਾਸ਼ ਸਥਾਨ ਵੱਡਾ ਕਰਵਾਕੇ ਨਵਾਂ ਬਣਾਉਣਾ ਹੈ, ਅਕਾਲ ਬੁੰਗਾ ਵੀ ਨਵਾਂ ਬਣਾਉਣਾ ਹੈ ਅਤੇ ਸ੍ਰੀ ਭੈਣੀ ਸਾਹਿਬ ਵਿਚ 100 ਕਮਰੇ ਹੋਰ ਪੁਆਉਣੇ ਹਨ। ਇਹ ਸਭ ਵਾਸਤੇ ਉਗਰਾਹੀ ਕਰਦੇ ਰਹਿਣੀ ਹੈ। ਮਾਤਾ ਜੀ ਨੂੰ ਹਰ ਵੇਲੇ ਸ੍ਰੀ ਭੈਣੀ ਸਾਹਿਬ ਆਉਣ ਵਾਲੀ ਸੰਗਤ ਦੀ ਚਿੰਤਾ ਰਹਿੰਦੀ ਸੀ। ਹਰ ਵੇਲੇ ਆਇਆਂ ਨੂੰ ਲੰਗਰ ਅਤੇ ਡੇਰੇ ਦਾ ਪੁੱਛਦੇ ਰਹਿੰਦੇ। ਭੈਣੀ ਸਾਹਿਬ ਸੰਵਾਰਨ ਦਾ ਹੀ ਸੋਚਦੇ ਰਹਿੰਦੇ।

ਸੰਨ 2016 ਈ. ਦੇ ਹੋਲੇ ਮੱਹਲੇ ਦੌਰਾਨ ਸ੍ਰੀ ਮਾਤਾ ਜੀ ਨੇ ਕਈ ਇੰਝ ਦੇ ਬਚਨ ਮੇਰੇ ਨਾਲ ਸਾਂਝੇ ਕੀਤੇ ਜਿਸ ਨਾਲ ਲਗਦਾ ਹੈ ਸ੍ਰੀ ਮਾਤਾ ਜੀ ਨੂੰ ਪਹਿਲਾਂ ਹੀ ਆਪਣਾ ਜਾਣ ਦਾ ਸਮਾਂ ਨੇੜੇ ਮਹਿਸੂਸ ਹੋ ਰਿਹਾ ਸੀ।

ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਸ੍ਰੀ ਮਾਤਾ ਚੰਦ ਕੌਰ ਜੀ ਨੇ ਕਿਸ ਤਰ੍ਹਾਂ ਆਪਣਾ ਸਰੀਰ ਛੱਡਣਾ ਸੀ। ਸ੍ਰੀ ਮਾਤਾ ਜੀ ਨੇ ਆਪਣੇ ਪੰਥ ਵਾਸਤੇ, ਆਪਣੇ ਸਿੱਖਾਂ ਵਾਸਤੇ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਾਸਤੇ ਆਪਣਾ ਆਪ ਵਾਰਿਆ। ਇਹ ਕੁਰਬਾਨੀ, ਜੋ ਮਾਂ ਨੇ ਹੱਸ ਕੇ ਦਿੱਤੀ ਭੁੱਲ ਨਾ ਪਾਏਗਾ ਇਹ ਸਾਰਾ ਜਹਾਨ। ਜਿਸ ਪਿਆਰ ਹੀ ਪਿਆਰ ਪਾਇਆ ਸੀ ਇਸ ਮਾਂ ਤੋਂ।

■

Namdhari Elibrary NamdhariElibrary@gmail.com

ਮਸਤਾਨਗੜ੍ਹ ਆਬਾਦ ਕਰਨ ਵਿੱਚ ਮਾਤਾ ਜੀ ਦਾ ਯੋਗਦਾਨ

✍ ਸ. ਮੁਖਤਿਆਰ ਸਿੰਘ ਬਾਜੇ ਵਾਲੇ

ਸੰਨ ੧੯੬੮ ਫਰਵਰੀ ਦਾ ਮਹੀਨਾ ਸੀ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਸਤਾਨਿਆਂ ਵਾਲੇ ਖੂਹ ਤੇ ਬੈਠ ਕੇ (ਬਿਲਕੁਲ ਅਜੋਕੇ ਮਸਤਾਨਗੜ੍ਹ ਦੇ ਨਾਲ ਚੜ੍ਹਦੇ ਪਾਸੇ ਸੀ) ਮਾਤਾ ਚੰਦ ਕੌਰ ਜੀ ਨੂੰ ਬਚਨ ਕੀਤਾ, ਉਹ ਕੰਮ ਕਰਾਂ ਜੋ ਕਿਸੇ ਨਾ ਕੀਤਾ ਹੋਵੇ। ਅੱਗੋਂ ਮਾਤਾ ਜੀ ਨੇ ਕਿਹਾ ਸੋ ਆਪ ਜੀ ਨੇ ਕਰਨਾ ਹੈ ਉਹ ਆਪ ਜੀ ਨੂੰ ਹੀ ਪਤਾ ਹੈ। ਹੁਕਮ ਹੋਇਆ ਕਿ ਮੈਂ ਏਥੇ ਖ਼ੁਸ਼ਬੂ ਦਾਰ ਤੇਲ ਵਾਸਤੇ ਘਾਹ ਲਾਉਣਾ ਹੈ। ਘਾਹ ਲਾਇਆ ਗਿਆ। ਵਧੀਆ ਢੰਗ ਨਾਲ ਉਸ ਦੀ ਸਾਂਭ ਸੰਭਾਲ ਕੀਤੀ ਗਈ, ਪਰ ਸਾਉਣ ਮਹੀਨੇ ਵਿੱਚ ਨਾਲੀ ਟੁੱਟਣ ਨਾਲ ਉਹ ਸਾਰੇ ਦਾ ਸਾਰਾ ਮਾਰਿਆ ਗਿਆ। ਬਾਅਦ ਵਿੱਚ ਨਾਲੀ ਜਦੋਂ ਸੁੱਕ ਗਈ ਅੱਸੂ ਦੇ ਅਖੀਰ ਵਿੱਚ ਤਾਂ ਸੰਤ ਨਿਧਾਨ ਸਿੰਘ ਬਾਜੇਵਾਲੇ ਨੂੰ (ਦਮਦਮਾ) ਹੁਕਮ ਹੋਇਆ ਕਿ ਉਹਨਾਂ ਦੀ ਬੀਬੀ ਜਿਹੜੀ ਰਾਣੀਆਂ ਵਿਆਹੀ ਹੈ ਹਰਜੀਤ ਸਿੰਘ ਨੰਬਰਦਾਰ ਵੱਲੋਂ ਉਸਦਾ ਅਨੰਦ ਕਾਰਜ ਮਸਤਾਨਗੜ੍ਹ ਕਰਨਾ ਹੈ। ਅਸੀਂ ਮਸਤਾਨਗੜ੍ਹ ਗਏ ਤਾਂ ਹੁਕਮ ਹੋਇਆ ਕਿ ਟੋਕਰੀਆਂ ਚੁੱਕ ਕੇ ਮਿੱਟੀ ਪਾਓ। ਸ੍ਰੀ ਸਤਿਗੁਰੂ ਜੀ ਟੋਕਰੀਆਂ ਭਰਨ ਲੱਗੇ, ਮਾਤਾ ਜੀ ਤੇ ਬੇਬੇ ਜੀ ਸਿਰ ਤੇ ਮਿੱਟੀ ਚੁੱਕ ਢੋਣ ਲੱਗੇ। ਸ੍ਰੀ ਮਹਾਰਾਜ ਬੀਰ ਸਿੰਘ ਜੀ ਦੋਹਾਂ ਨੂੰ ਟੋਕਰੀਆਂ ਚੁਕਾਉਣ ਲੱਗੇ। ਮਿੱਟੀ ਪਾ ਕੇ ਵਰਨੀ ਸ਼ੁਰੂ ਕਰਵਾਈ ਅਤੇ ਫੇਰ ਅਨੰਦ ਕਾਰਜ ਕੀਤਾ ਗਿਆ।

ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਸਾਧ-ਸੰਗਤ ਜੀ ਮਸਤਾਨਗੜ੍ਹ ਨੂੰ ਆਬਾਦ ਕਰਨਾ ਹੈ ਸਾਰੀ ਸਾਧ-ਸੰਗਤ ਸਹਿਯੋਗ ਦੇਵੇ। ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਕਈ ਟਰੈਕਟਰ ਲੱਗ ਗਏ। ਮਾਤਾ ਜੀ ਨੂੰ ਹੁਕਮ ਹੋਇਆ ਤੁਸੀਂ ਮਸਤਾਨਗੜ੍ਹ ਆਬਾਦ ਹੋਣ ਤੱਕ ਕਿੱਤੇ ਨਹੀਂ ਜਾਣਾ। ਮੈਨੂੰ ਹੁਕਮ ਹੋਇਆ ਕਿ ਸਵੇਰੇ ਸੰਤ ਨਿਧਾਨ ਸਿੰਘ ਤੇ ਬਸੰਤ ਸਿੰਘ ਨੂੰ ਲੈਕੇ ਆਓ। ਅਗਲੇ ਦਿਨ ਅਸੀਂ ਗਏ ਤਾਂ ਹੁਕਮ ਕੀਤਾ, ਤੁਸੀਂ ਖੇਤੀ ਦੇ ਮਾਹਰ ਹੋ ਮੈਨੂੰ ਇਸ ਬਾਰੇ ਜਾਣਕਾਰੀ ਦਿਓ ਤਾਂਕਿ ਇਹ ਇਲਾਕਾ ਪੱਧਰ ਕੀਤਾ ਜਾ ਸੱਕੇ। ਅੱਗੋਂ ਉਹਨਾਂ ਬੇਨਤੀ ਕੀਤੀ ਕਿ ਇੱਕ-ਇੱਕ ਮੁਰੱਬਾ ਪੱਧਰ ਕੀਤਾ ਜਾਵੇ। ਕੁਝ ਦੇਰ ਬਾਅਦ ਸ੍ਰੀ ਸਤਿਗੁਰੂ ਜੀ ਖੁਦ ਮੈਸੀ ਟਰੈਕਟਰ ਚਲਾ ਕੇ ਜਿਸ ਦੇ ਪਿੱਛੇ ਇੱਕ ਤਵੀ ਪਾਈ ਹੋਈ ਸੀ ਤਿੰਨ-ਤਿੰਨ ਫੁੱਟ ਦਬੈ ਪੁੱਟ ਰਹੇ ਸਨ। ਦੂਸਰੀ ਸੰਗਤ ਕਰਾਹ ਲਾ ਰਹੀ ਸੀ। ਜੇਠ ਦਾ ਮਹੀਨਾ ਆ ਚੁੱਕਾ ਸੀ ਬਹੁਤ ਗਰਮੀ ਸੀ। ਮਾਤਾ ਜੀ ਨੇ ਮੈਨੂੰ ਹੁਕਮ ਕੀਤਾ ਕਿ ਪਾਤਸ਼ਾਹ ਜੀ ਨੂੰ ਕਹੋ ਕਿ ਪ੍ਰਸ਼ਾਦਾ ਛੱਕ ਲੈਣ। ਮੇਰੇ ਪੁੱਛਣ ਤੋਂ ਪਹਿਲਾਂ ਹੀ ਸਤਿਗੁਰੂ ਜੀ ਨੇ ਮੈਨੂੰ ਪੁੱਛਿਆ ਮੇਰੀ ਸਿੰਘਣੀ ਕੀ ਕਹਿੰਦੀ ਹੈ ਮੈਂ ਪ੍ਰਸ਼ਾਦਾ ਛੱਕਣ ਬਾਰੇ ਦੱਸਿਆ। ਸੰਤ ਬਲੀ ਸਿੰਘ ਦਾ ਟਰੈਕਟਰ ਵੀ ਨਾਲ ਸੀ ਤੇ ਹੋਰ ਸੰਗਤ ਦੇ ਟਰੈਕਟਰ ਵੀ ਸਨ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸਾਰੇ ਆ ਜਾਓ ਨਿਤਨੇਮ ਤੋਂ ਬਾਅਦ ਆਵਾਂਗੇ। ਸਾਰੇ ਚੱਲੇ ਗਏ ਪਰ ਨਿਤਨੇਮ ਵਿੱਚ ਥੱਕਿਆ ਹੋਇਆਂ ਨੂੰ ਨੀਂਦ ਆ ਰਹੀ ਸੀ ਅਸੀਂ ਬਾਹਰ ਆ ਕੇ ਸੌਂ ਗਏ। ਪਰ ਸਤਿਗੁਰੂ ਜੀ ਨੇ ਅਰਾਮ ਨਹੀਂ ਕੀਤਾ ਅਤੇ ਤਿੰਨ ਵਜੇ ਫੇਰ ਉਠਾਇਆ। ਰਾਤ ਗਿਆਰਾਂ ਵਜੇ ਤੱਕ ਸਤਿਗੁਰੂ ਜੀ ਖੁਦ ਟਰੈਕਟਰ ਚਲਾਉਂਦੇ ਰਹੇ ਉਨੀ ਦੇਰ ਮਾਤਾ ਜੀ ਸਭ ਨੂੰ ਜਲ-ਪਾਣੀ ਛਕਾਉਣ ਦੀ ਸੇਵਾ ਕਰਦੇ ਰਹੇ। ਅੱਗਲੇ ਦਿਨ ਮਾਤਾ ਜੀ ਨੇ ਹੁਕਮ ਕੀਤਾ, ਸੱਚੇ ਪਾਤਸ਼ਾਹ ਜੀ ਰਾਤ ਬਰਾਜੇ ਨਹੀਂ ਅਰਜ਼ ਕਰੋ ਕਿ ਟਰੈਕਟਰ ਨਾ ਚਲਾਇਆ ਕਰਨ। ਮੈਂ ਅਰਜ਼ ਕੀਤੀ, ਸੱਚੇ ਪਾਤਸ਼ਾਹ ਕਿਰਪਾ ਕਰੋ ਸਾਧ-ਸੰਗਤ ਤੋਂ ਸੇਵਾ ਕਰਵਾਓ ਆਪ ਅਰਾਮ ਕਰੋ। ਹੁਕਮ ਕੀਤਾ ਮੇਰੇ ਲੱਗੇ ਤੋਂ

Namdhari Elibrary NamdhariElibrary@gmail.com

ਅਸੀਂ ਮਸਤਾਨਗੜ੍ਹ ਗਏ ਤਾਂ ਹੁਕਮ ਹੋਇਆ ਕਿ ਟੋਕਰੀਆਂ ਚੁੱਕ ਕੇ ਮਿੱਟੀ ਪਾਓ। ਸ੍ਰੀ ਸਤਿਗੁਰੂ ਜੀ ਟੋਕਰੀਆਂ ਭਰਨ ਲੱਗੇ, ਮਾਤਾ ਜੀ ਤੇ ਬੇਬੇ ਜੀ ਸਿਰ ਤੇ ਮਿੱਟੀ ਚੁੱਕ ਢੋਣ ਲੱਗੇ।

ਬਿਨ੍ਹਾਂ ਕੰਮ ਸਿਰੇ ਨਹੀਂ ਚੜ੍ਹਨਾ।

ਇੱਕ ਬੀਬੀ ਨੇ ਅਰਜ਼ ਕੀਤੀ, (ਇਹ ਬੀਬੀ ਮਿਰਜਾ ਪੁਰ ਦੀ ਸੀ) ਪਾਤਸ਼ਾਹ ਜੀ ਮੈਨੂੰ ਭੂਤ ਤੰਗ ਕਰਦੇ ਹਨ। ਪਾਤਸ਼ਾਹ ਜੀ ਨੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਦਾ ਹੁਕਮ ਕੀਤਾ। ਉਹ ਬੀਬੀ ਭਾਂਡੇ ਮਾਂਜਦੀ ਰਹੀ। ਪਾਤਸ਼ਾਹ ਜੀ ਨੇ ਇੱਕ ਦਿਨ ਹੱਸ ਕੇ ਪੁੱਛਿਆ ਬੀਬੀ ਹੁਣ ਤੇ ਨਹੀਂ ਭੂਤ ਤੰਗ ਕਰਦੇ ਤਾਂ ਬੀਬੀ ਨੇ ਕਿਹਾ, 'ਨਹੀਂ ਜੀ'।

ਰਾਣੀਆਂ ਵਾਲੇ ਪੂਰਨ ਸਿੰਘ ਜੋ ਹੁਣ ਅਮਰਾਸਰ ਰਹਿੰਦੇ ਹਨ ਦੇ ਘਰੋਂ ਬੀਬੀ ਪ੍ਰਸਿੰਨ ਕੌਰ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਚਾਹਟਾ ਆਦਿ ਸੇਵਾਦਾਰਾਂ ਨੂੰ ਛਕਾਉਣਾ। ਇਸ ਬੀਬੀ ਨੇ ਬਹੁਤ ਸੇਵਾ ਕੀਤੀ ਏਥੋਂ ਤੱਕ ਕਿ ਸੇਵਾਦਾਰਾਂ ਦੇ ਬਸਤਰ ਵੀ ਧੋਇਆਂ ਕਰਦੀ ਸੀ। ਅੱਜ ਸਤਿਗੁਰ ਨੇ ਜੋ ਰੰਗ ਭਾਗ ਉਹਦੇ ਪਰਿਵਾਰ ਨੂੰ ਲਾਏ ਹਨ ਇਹ ਉਸੇ ਬੀਬੀ ਦੀ ਸੇਵਾ ਦਾ ਫਲ ਹੈ।

ਇੱਕ ਦਿਨ ਮੈਂ ਤੇ ਅਜੀਤ ਸਿੰਘ ਮਲੋਟੀਆ ਮਾਈਨਰ ਦੇ ਕੋਲ ਸੇਵਾ ਕਰ ਰਹੇ ਸੀ, ਸਤਿਗੁਰੂ ਜੀ ਹੁਕਮ ਕੀਤਾ ਮੈਂ ਨਿੱਤਨੇਮ ਕਰਕੇ ਆਉਂਦਾ ਹਾਂ ਤੁਸੀਂ ਕਰਾਹ ਪਾਈ ਚੱਲੋ। ਉਹਨਾਂ ਦੇ ਆਉਂਦਿਆ ਨੂੰ ਸੇਵਾਦਾਰ ਬਿਰਾਜ ਗਏ। ਆ ਕੇ ਚਰਨ ਨਾਲ ਪੈਰਾਂ ਨੂੰ ਛੂਹਾ ਕੇ ਕਿਹਾ ਉਠੋ। ਬਚਨ ਕੀਤਾ, ਕਿਤੇ ਚਾਹ ਤਾਂ ਨਹੀਂ ਪੀਂਦੇ। ਮੈਂ ਬੇਨਤੀ ਕੀਤੀ ਮੈਂ ਤਾਂ ਕਦੀ-ਕਦੀ ਪੀਂਦਾ ਹਾਂ ਪਰ ਅਜੀਤ ਸਿੰਘ ਰੋਜ਼ ਪੀਂਦਾ ਹੈ। ਸਤਿਗੁਰੂ ਜੀ ਨੇ ਹਰਦੇਵ ਸਿੰਘ ਮਸਤਾਨੇ ਨੂੰ ਹੁਕਮ ਕੀਤਾ ਕੇਹਰ ਸਿੰਘ ਦੇ ਚੁਬਾਰੇ ਵਿੱਚੋਂ ਚਾਹ ਬਣਵਾ ਲਿਆ। ਭਾਵੇਂ ਸਤਿਗੁਰੂ ਜੀ ਚਾਹ ਦੇ ਸਖ਼ਤ ਖ਼ਿਲਾਫ ਸਨ ਤਾਂ ਵੀ ਆਪ ਜੀ ਨੇ ਸੇਵਾਦਾਰਾਂ ਦੀ ਵਕਤੀ ਜ਼ਰੂਰਤ ਨੂੰ ਭਾਂਪਦੇ ਹੋਏ ਹੁਕਮ ਕੀਤਾ। ਪਰ ਮਸਤਾਨਾ ਬੀਬੀ ਪ੍ਰਸਿੰਨ ਕੌਰ ਕੋਲੋਂ ਚਾਹਟਾ ਹੀ ਬਣਾ ਕੇ ਲੈ ਗਿਆ। ਉਸ ਦੀ ਇਹ ਕਾਰਵਾਈ ਤੇ ਸਤਿਗੁਰੂ ਜੀ ਬਹੁਤ ਨਰਾਜ ਹੋਏ ਕਿ ਤੈਨੂੰ ਜੋ ਕਿਹਾ ਸੀ ਉਹ ਕਿਉਂ ਨਹੀਂ ਮੰਨਿਆ। ਮੈਨੂੰ ਹੁਕਮ ਹੋਇਆ ਕਿ ਤੂੰ ਬੇੜ ਵਾਲੇ ਪਾਸੋਂ ਦੋ ਮੁਰੱਬੇ ਪੱਧਰ ਕਰਨੇ ਹਨ। ਤਾਂਕਿ ਕਮਾਦ ਲਾਇਆ ਜਾ ਸੱਕੇ। ਮਾਤਾ ਜੀ ਨੇ ਅਰਜ਼ ਕੀਤੀ ਪਾਤਸ਼ਾਹ ਜੀ ਕਮਾਦ ਲੋਕਾਂ ਨੇ ਨਹੀਂ ਛੱਡਣਾ। ਬਚਨ ਕੀਤਾ ਦਾਨ ਹੀ ਸਹੀ।

ਦਾਸ ਅਗਲੇ ਦਿਨ ਥਾਂ ਪੱਧਰ ਕਰ ਰਿਹਾ ਸੀ ਚਾਰ, ਪੰਜ ਟਰੈਕਟਰ ਪੱਕੀ ਸੜਕ ਦੇ ਕੋਲ ਕਰਾਹ ਲਾ ਰਹੇ ਸਨ। ਜਿੰਨ੍ਹਾਂ ਵਿੱਚ ਸੰਤੋਖ ਸਿੰਘ ਕੱਕੜ ਵੀ ਸੀ। ਹੁਣ ਵਾਲੀ ਪੱਕੀ ਸੜਕ ਦਾ ਮਾਈਨਰ ਵਾਲਾ ਪੁੱਲ ਉਦੋਂ ਨਹੀਂ ਸੀ ਇਹ ਰਸਤਾ ਚਾਲੂ ਵੀ ਨਹੀਂ ਸੀ ਪਾਣੀ ਜੀਵਨ ਨਗਰ ਵਾਲੇ ਮੋਘੇ ਦਾ ਹੀ ਏਥੇ ਆਉਂਦਾ ਸੀ ਸੜਕ ਦੇ ਨਾਲ ਬਹੁਤ ਪੁਰਾਣਾ ਖਾਲ ਸੀ, ਸੰਤੋਖ ਸਿੰਘ ਕੱਕੜ ਨੂੰ ਹੁਕਮ ਹੋਇਆ ਕਿ ਖਾਲ ਢਾਹ ਦਿਓ। ਉਸ ਨੇ ਕਿਹਾ ਕਿ ਜੀ ਕਰਾਹ ਟੁੱਟ ਜਾਵੇਗਾ। ਹੁਕਮ ਹੋਇਆ, ਨਹੀਂ ਟੁੱਟੇਗਾ। ਪਰ ਉਹ ਨਾਂ ਮੰਨਿਆ। ਜੀਪ ਲੈ ਕੇ ਮੇਰੇ ਕੋਲ ਆਏ ਅਤੇ ਕਿਹਾ, ਮੇਰੇ ਪਿੱਛੇ ਆਓ। ਮਸਤਾਨਗੜ੍ਹ ਕੋਠੀ ਵੱਲ ਮੁੜਦੇ ਮੋੜ ਕੋਲ ਖਲੋ ਕੇ ਹੁਕਮ ਕੀਤਾ । ਇਹ ਖਾਲ ਢਾਹ ਦਿਓ। ਇਹ ਸੁਣ ਕੇ ਮੈਨੂੰ ਤ੍ਰੇਲੀ ਆ ਗਈ। ਸਖ਼ਤ ਮਿੱਟੀ ਬਿਖੜਾ ਖਾਲ ਵੇਖਕੇ ਮੈਂ ਘਬਰਾ ਗਿਆ ਤੇ ਅਰਜ਼ ਕੀਤੀ ਜੀ ਕਰਾਹ ਟੁੱਟ ਜਾਵੇਗਾ ਖਾਲ ਨਹੀਂ ਢਹੇਗਾ। ਹੁਕਮ ਹੋਇਆ ਬੇਫ਼ਿਕਰ ਹੋ ਕੇ ਢਾਹ, ਕਰਾਹ ਨਹੀਂ ਟੁੱਟੇਗਾ। ਪਿੱਛੇ ਨਹੀਂ ਵੇਖਣਾ ਬਸ ਅੱਗੇ ਹੀ ਵੇਖੋ। ਮੰਨ ਨਹੀਂ ਸੀ ਮੰਨਦਾ ਪਰ ਹੁਕਮ ਮੰਨ ਕੇ ਤੁਰ ਪਿਆ ਅਤੇ ਮਾਈਨਰ ਦੇ ਪੁਲ ਤੱਕ ਪਹੁੰਚ ਗਏ। ਸਤਿਗੁਰੂ ਜੀ ਪਿੱਛੇ-ਪਿੱਛੇ ਆਏ ਤੇ ਕਹਿਣ ਲੱਗੇ ਹੁਣ ਵਾਪਸ ਚਲੋ ਉਸੇ ਤਰ੍ਹਾਂ। ਫੇਰ ਵਾਪਸ ਗਿਆ ਵੱਡੇ-ਵੱਡੇ ਮਿੱਟੀ ਦੇ ਡਲੇ ਉੱਖੜੇ ਪਰ ਕੋਈ ਨੁਕਸਾਨ ਨਹੀਂ ਹੋਇਆ। ਸਤਿਗੁਰੂ ਜੀ ਨੇ ਸਭ ਨੂੰ ਰੋਕ ਕੇ ਸੰਤੋਖ ਸਿੰਘ ਕੱਕੜ ਨੂੰ ਸੱਦ ਕੇ ਕਿਹਾ, "ਵੇਖ ਲੈ ਇਸ ਕਰਾਹ ਦਾ ਕੁਝ ਨਹੀਂ ਵਿਗੜਿਆ ਸਾਰੀ ਸੰਗਤ ਪੈਰਾਂ ਤੇ ਆਣ ਡਿੱਗੀ। ਪਾਤਸ਼ਾਹ ਜੀ ਆਪ ਜਾਣੀ ਜਾਣ ਹੋ। ਰਾਤ ਗਿਆਰਾਂ ਵਜੇ ਤੀਕਰ ਦਾਸ ਨੇ ਤੇ ਬਲੀ ਸਿੰਘ ਨੇ ਸੇਵਾ ਕੀਤੀ। ਬਲੀ ਸਿੰਘ ਅਤੇ ਮੈਨੂੰ ਹੁਕਮ ਹੋਇਆ। ਕਿ ਏਥੇ ਸੜਕ ਬਣਾਉਣੀ ਹੈ। ਇਥੇ ਸੜਕ ਬੰਨ ਦਿਓ। ਨਹਿਰ ਮਹਿਕਮੇ ਦੇ ਅਤੇ ਪੀ. ਡਬਲਯੂ. ਡੀ ਵਾਲੇ ਅਫ਼ਸਰ ਸੱਦੇ ਗਏ ਤਾਂਕਿ ਸੜਕ ਤੇ ਪੁਲ ਬਣਵਾਇਆ ਜਾ ਸੱਕੇ ਸੇਵਾ ਸ਼ੁਰੂ ਹੋਈ। ਅਗਲੇ ਦਿਨ ਰਾਤ ਇੱਕ ਵਜੇ ਤੀਕ ਮਾਤਾ ਜੀ ਅਤੇ ਸ੍ਰੀ ਸਤਿਗੁਰੂ ਜੀ ਸੇਵਾਦਾਰਾਂ ਨੂੰ ਦੁੱਧ ਗਰਮ ਕਰਕੇ ਛਕਾਉਂਦੇ ਰਹੇ। ਅਖੀਰ ਦੋ ਟਰੈਕਟਰ ਹੀ ਰਹਿ ਗਏ ਬਾਕੀ ਸਭ ਚਲੇ ਗਏ। ਹੁਕਮ ਹੋਇਆ ਕਿ ਮੁਕੰਮਲ ਕਰਕੇ ਹੀ ਹਟਣਾ ਹੈ। ਅਗਲੇ ਦਿਨ ਨਹਿਰ ਮਹਿਕਮੇ ਵਾਲੇ ਆਏ ਤਾਂ ਉਹਨਾਂ ਨੂੰ ਕਿਹਾ ਸਾਰੀ ਸੜਕ ਪੱਕੀ ਹੋਣੀ ਚਾਹੀਦੀ ਹੈ ਇਸ ਲਈ ਏਥੇ ਪੁਲ ਬੰਨਣਾ ਜ਼ਰੂਰੀ ਹੈ। ਅਫ਼ਸਰ ਆਖ ਗਏ ਕਿ ਨਕਸ਼ਾ ਬਣਾ ਕੇ ਭੇਜ ਦਿੱਤਾ ਹੈ। ਛੇਤੀ ਹੀ ਬਣ ਜਾਵੇਗਾ। ਮਨੋਹਰ ਸਿੰਘ ਸੈਣੀ ਦੀ ਡਿਊਟੀ ਲਾਈ ਕਿ

Namdhari Elibrary NamdhariElibrary@gmail.com

ਦੋਹਾਂ ਮਹਿਕਮਿਆਂ ਤੋਂ ਕੰਮ ਕਰਵਾਉਣਾ ਹੈ। ਹੁਕਮ ਕੀਤਾ ਜੇ ਨਹੀਂ ਜਾ ਸਕਦਾ ਤਾਂ ਦੱਸ ਦੇ? ਮਾਤਾ ਜੀ ਨੇ ਬਚਨ ਕੀਤਾ ਜੋ ਹੋਣਾ ਹੈ ਆਪ ਜੀ ਦੀ ਕਿਰਪਾ ਨਾਲ ਹੋਣਾ ਹੈ। ਬਚਨ ਕੀਤਾ ਮੈਂ ਜੋ ਕਰਨਾ ਸੀ ਕਰ ਦਿੱਤਾ ਹੈ।

ਫਸਲ ਆਉਣ ਕਰਕੇ ਕੁਝ ਸਮਾਂ ਕੰਮ ਰੋਕ ਦਿੱਤਾ ਗਿਆ ਫਸਲ ਸਾਂਭ ਕੇ ਫੇਰ ਚਾਲੂ ਕਰ ਦਿੱਤਾ। ੧੯੭੨ ਤੀਕ ਸਾਰੇ ਮੁਰੱਬੇ ਪੱਧਰ ਹੋ ਗਏ। ਸਤਿਗੁਰੂ ਜੀ ਨੇ ਸਭ ਨੂੰ ਲੋੜ ਅਨੁਸਾਰ ਮਾਇਆ ਦਿੱਤੀ, ਪਰ ਬਸੰਤ ਸਿੰਘ ਤੇ ਸੰਤ ਨਿਧਾਨ ਸਿੰਘ ਨੇ ਮਾਇਆ ਲੈਣ ਤੋਂ ਇਨਕਾਰ ਕਰ ਦਿੱਤਾ। ਤੇ ਕਿਹਾ ਅਸੀਂ ਸੇਵਾ ਹੀ ਕਰਨੀ ਹੈ।

੧੯੭੨ ਵਿੱਚ ਦਮਦਮੇ ਅੱਸੂ ਦਾ ਮੇਲਾ ਰੱਖਿਆ ਗਿਆ। ਇਸ ਵਕਤ ਤੀਕ ਤਕਰੀਬਨ ਬਹੁਤਾ ਕੰਮ ਮੁਕੰਮਲ ਹੋ ਚੁੱਕਾ ਸੀ। ਬੱਸ ਖਾਲ ਤੇ ਸੜਕਾਂ ਹੀ ਰਹਿੰਦੀਆਂ ਸਨ।

ਮੇਲੇ ਵਿੱਚ ਹੁਕਮ ਹੋਇਆ ਕਿ ਬਿਜਾਈ ਲਈ ਖਾਲ ਤੇ ਸੜਕਾਂ ਬਣਾਈਆਂ ਜਾਣ। ਮੁਰੱਬਾ ਵੱਟਾਂ ਪਾਉਣ ਲਈ ਦਾਸ ਦੇ ਟਰੈਕਟਰ ਪਿੱਛੇ ਜ਼ਿੰਦਰਾ ਪਾਇਆ ਗਿਆ। ਮਸਤਾਨੇ ਹਰਦੇਵ ਸਿੰਘ ਤੇ ਸੁਖਦੇਵ ਸਿੰਘ (ਟਿੱਬੇ ਵਾਲਾ) ਨੂੰ ਖਲ੍ਹਾਰ ਕੇ ਵੱਟਾਂ ਪਾਈਆਂ ਹੁਕਮ ਹੋਇਆ ਕਿ ਕੱਲ ਨੂੰ ਪਹੇ ਬੰਨਣੇ ਹਨ। ਦੋ ਟਰੈਕਟਰ ਸੰਤ ਨਗਰ ਦੇ ਸਾਡੇ ਨਾਲ ਸਨ ਦੋ ਦਿਨਾਂ ਵਿੱਚ ਥੋੜੀ ਥੋੜੀ ਮਿੱਟੀ ਪਾ ਕੇ ਸੜਕਾਂ ਤੇ ਖਾਲ ਪਾ ਦਿਤੇ ਗਏ।

ਮਾਤਾ ਜੀ ਮੇਲੇ ਦੇ ਭੋਗ ਤੋਂ ਬਾਅਦ ਫੇਰ ਮਸਤਾਨਗੜ੍ਹ ਚਲੇ ਗਏ। ਸੰਤ ਨਿਧਾਨ ਸਿੰਘ ਤੇ ਬਸੰਤ ਸਿੰਘ ਨੂੰ ਸੱਦ ਕੇ ਪੁੱਛਿਆ ਕਿ ਏਥੇ ਕੀ ਬੀਜੀਏ। ਸੰਤ ਸਰਵਣ ਸਿੰਘ ਵੀ ਨਾਲ ਸਨ (ਮਾਤਾ ਜੀ ਦੇ ਪਿਤਾ ਜੀ) ਤਿੰਨਾਂ ਨੇ ਰਾਇ ਦਿੱਤੀ ਕਿ ਛੋਲੇ ਬੀਜੇ ਜਾਣ। ਮਾਤਾ ਜੀ ਨੇ ਕਿਹਾ, "ਚਾਚਾ ਜੀ ਛੋਲੇ ਤੁਸੀਂ ਬਿਜਾ ਦਿਓ।" ਉਹਨਾਂ ਕਿਹਾ ਸਾਡੇ ਕੋਲ-ਮਸ਼ੀਨਾ ਹਨ ਅਸੀਂ ਦੋ ਦਿਨਾਂ ਵਿੱਚ ਹੀ ਬੀਜ ਦਿਆਂਗੇ। ਪਾਤਸ਼ਾਹ ਜੀ ਨੇ ਬਚਨ ਕੀਤਾ, "ਮੇਰੀ ਵੀ ਇਹੋ ਰਾਇ ਹੈ। ਛੋਲੇ ਬੀਜ ਦਿੱਤੇ ਗਏ ਤੇ ਇਹ ਪ੍ਰੰਪਰਾ ਅਜੇ ਵੀ ਉਸੇ ਤਰ੍ਹਾਂ ਚੱਲਦੀ ਆਉਂਦੀ ਹੈ।

ਅੱਜ ਉਮਰ ਦੇ ਆਖਰੀ ਪੜਾਓ ਤੇ ਯਾਦਾਸ਼ਤ ਕਮਜ਼ੋਰ ਹੋਣ ਕਰਕੇ ਬਹੁਤ ਗੱਲਾਂ ਰਹਿ ਗਈਆਂ ਹੋਣਗੀਆਂ। ਪਰ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ਿਸ਼ਾਂ ਤੇ ਮਾਤਾ ਜੀ ਕੁਰਬਾਨੀ ਤੇ ਸੇਵਾ ਬਾਰੇ ਮੈਂ ਬਿਆਨ ਨਹੀਂ ਕਰ ਸਕਦਾ। ਏਨੀ ਸੇਵਾ ਤਾਂ ਮਾਤਾ ਚੰਦ ਕੌਰ ਹੀ ਕਰ ਅਤੇ ਕਰਵਾ ਸਕਦੇ ਸਨ। ਧੰਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਧੰਨ ਮਾਤਾ ਚੰਦ ਕੌਰ ਜੀ ਜੋ ਸਾਖਸ਼ਾਤ ਸੇਵਾ-ਸਿਮਰਨ ਦੀ ਮੂਰਤੀ ਸਨ। ■

ਮਾਤਾ ਜੀ ਉਪਕਾਰ ਜੋ ਕੀਤੇ ਭੁੱਲ ਨਹੀਂ ਸਕਦੇ ਸਾਰੇ

✍ ਸੰਤ ਹਰਭਜਨ ਸਿੰਘ (ਰਾਜਾ), ਐਲਨਾਬਾਦ

ਵਿਛੜ ਕੇ ਜਦ ਸਾਥੋਂ ਤੁਰ ਪਈ ਚੰਦ ਕੌਰ ਮਾਤ ਪਿਆਰੀ
ਛਮ ਛਮ ਅੱਖੀਓਂ ਨੀਰ ਵਹਾਕੇ ਰੋਈ ਸੰਗਤ ਸਾਰੀ
ਪਰ ਨਾ ਰੋਇਆ ਸੀ ਉਹ ਪਾਪੀ ਜਿਸਨੇ ਕਹਿਰ ਕਮਾਇਆ
ਜਦ ਸੀ ਉਠਿਆ ਸੰਗਤਾਂ ਉਤੋਂ ਮਾਤਾ ਜੀ ਦਾ ਸਾਇਆ
ਮਾਤਾ ਜੀ ਉਪਕਾਰ ਜੋ ਕੀਤੇ ਭੁਲ ਨਹੀਂ ਸਕਦੇ ਸਾਰੇ
ਕੱਚੇ ਕੋਠੇ ਛੱਪਰ ਢਾਹ ਕੇ ਪੱਕੇ ਮਹਿਲ ਉਸਾਰੇ
ਸੰਗਤਾਂ ਨੂੰ ਜੋ ਪਿਆਰ ਸੀ ਕਰਦੇ ਉਹ ਵੀ ਭੁਲਣੇ ਨਾਹੀ
ਕਰ ਕਰ ਯਾਦ ਉਹਨਾਂ ਦੇ ਤਾਈ ਸੰਗਤ ਰੋਵੇ ਧਾਹੀ
ਸੰਗਤਾਂ ਤਾਂਈ ਜਿਹੜੀ ਮਾਤਾ ਨਿੱਤ ਸੀ ਲਾਡ ਲਡਾਉਂਦੀ
ਖ਼ੁਸ਼ੀਆਂ ਦੇ ਬੁੱਕ ਭਰ-ਭਰ ਕੇ ਸੀ ਸਭਦੀ ਝੋਲੀ ਪਾਂਦੀ
ਜਿਸ ਮਾਤਾ ਦੀ ਝੋਲੀ ਅੰਦਰ ਸੁਖ ਅਨੇਕਾਂ ਮਾਣੇ
ਉਸਦੇ ਉਤੇ ਵਰਤ ਗਏ ਨੇ ਵੇਖੋ ਕੈਸੇ ਭਾਣੇ
ਉਸਦੇ ਦਰ ਤੇ ਜੋ ਵੀ ਆਇਆ ਬਣਕੇ ਕਦੇ ਸਵਾਲੀ
ਲੋੜਵੰਦਾਂ ਨੂੰ ਪੁੱਤਰ ਦੇਕੇ ਭਰਦੀ ਝੋਲੀ ਖਾਲੀ
ਮਾਤਾ ਉੱਤੇ ਜਿਸ ਪਾਪੀ ਨੇ ਗੋਲੀ ਆਣ ਚਲਾਈ
ਕੁੰਬੀ ਨਰਕੇ ਗੋਤੇ ਖਾਵੇ ਬਖਸ਼ਿਆ ਜਾਵੇਂ ਨਾਹੀ
ਮਮਤਾ ਦੀ ਮੂਰਤ ਬਣ ਮਾਤਾ ਸਭ ਦੇ ਅੰਦਰ ਵੱਸਦੀ
ਮੱਥੇ ਵੱਟ ਕਦੇ ਨਾ ਪਾਉਂਦੀ ਸਦਾ ਸੀ ਰਹਿੰਦੀ ਹੱਸਦੀ
ਲੱਖਾਂ ਦਿਲਾਂ ਤੇ ਜਿਸ ਮਾਤਾ ਨੇ ਆਪਣਾ ਰਾਜ ਚਲਾਇਆ
ਉਸ ਮਾਤਾ ਦੇ ਉੱਤੇ ਵੇਖੋ ਸਮਾ ਕੈਸਾ ਕਹਿਰ ਦਾ ਆਇਆ।

Namdhari Elibrary NamdhariElibrary@gmail.com

ਮਾਤਾ ਜੀ ਦੀ ਸੇਵਾ ਭਾਵਨਾ

✍ ਸ. ਲਖਵਿੰਦਰ ਸਿੰਘ ਬਾਜਵਾ

ਮਾਤਾ ਚੰਦ ਕੌਰ ਜੀ ਦਾ ਜਨਮ ਪਿਤਾ ਸੰਤ ਸਰਵਣ ਸਿੰਘ ਅਤੇ ਮਾਤਾ ਸ਼ਮਾ ਕੌਰ ਦੀ ਕੁੱਖੋਂ, ਪਿੰਡ ਬਾਜਾਖਾਨਾ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਮਾਤਾ ਜੀ ਆਮ ਤੌਰ ਤੇ ਬਚਪਨ ਵਿੱਚ ਆਪਣੇ ਨਾਨਕੇ ਪਿੰਡ ਰਹਿੰਦੇ ਸਨ ਇਸ ਪਿੰਡ ਦਾ ਨਾਮ ਬੁਰਜ ਥਰੋੜ ਹੈ। ੧੯੪੬ ਈ. ਵਿੱਚ ਆਪ ਜੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਬਨਣ ਦਾ ਸੁਭਾਗ ਪ੍ਰਾਪਤ ਹੋਇਆ।

੧੯੪੭ ਈ. ਵਿੱਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਉਹ ਪਰਿਵਾਰ ਜਿੰਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਮੁਰੱਬੇ ਖਰੀਦਣ ਵੇਲੇ ਇੱਕ-ਇੱਕ ਜਾਂ ਵੱਧ ਮੁਰੱਬੇ ਖਰੀਦਣ ਲਈ ਰਕਮ ਦਿੱਤੀ ਸੀ ਉਹ ਜ਼ਿਆਦਾਤਰ ਸਿੱਧੇ ਜੀਵਨ ਨਗਰ ਹੀ ਆ ਗਏ। ਕਿਉਂਕਿ ਅਜੇ ਜ਼ਮੀਨਾਂ ਦੀ ਅਲਾਟਮੈਂਟ ਨਹੀਂ ਸੀ ਹੋਈ। ਬਹੁਤ ਸਾਰੇ ਸੇਠਾਂ ਦੇ ਪਰਿਵਾਰ ਜਿੰਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਬਾਕੀ ਬੱਚਦੀ ਸਾਰੀ ਰਕਮ ਦੇ ਕੇ ਮੁਰੱਬੇ ਖਰੀਦੇ ਸਨ ਉਹਨਾਂ ਦੀ ਵੰਡੇ ਰਕਬਾ ਹਰੀਪੁਰਾ ਵਿੱਚ ਨਹਿਰੋਂ ਦੱਖਣ ਵੱਲ ਦੀ ਜ਼ਮੀਨ ਆਈ। ਇਸ ਜ਼ਮੀਨ ਤੇ ਸਭ ਤੋਂ ਪਹਿਲਾਂ ਸੇਠ ਗੁਰਚਰਨ ਸਿੰਘ ਨੇ ਟਿਊਬਵੈਲ ਲਵਾਇਆ ਤਾਂ ਉਸ ਦੇ ਸੰਖੇਪ ਨਾਮ ਅਨੁਸਾਰ ਇਸ ਨੂੰ ਲੋਕ ਚੰਨੇ ਦਾ ਟਿਊਬਵੈਲ ਸੱਦਣ ਲੱਗੇ। ਸੇਠਾਂ ਕੋਲ ਬਹੁਤ ਸਾਰੀ ਜ਼ਮੀਨ ਸੀ ਇਸ ਲਈ ਉਹਨਾਂ ਨੇ ਬਹੁਤ ਸਾਰੇ ਕਾਮੇ ਕਰਿੰਦੇ ਲਿਆ ਕੇ ਆਪਣੇ ਟਿਊਬਵੈਲ ਦੇ ਨੇੜੇ ਵਸਾ ਲਏ। ਇਹ ਜਗ੍ਹਾ ਜਿਥੇ ਹੁਣ ਸਾਡੇ ਘਰ ਹਨ। ਚੰਦੋਵਾਲੀਆਂ ਦੀ ਢਾਣੀ ਕਰਕੇ ਜਾਣੀ ਜਾਂਦੀ ਹੈ, ਏਥੇ ਕੁਝ ਘਰ ਸੇਠਾਂ ਨੇ ਆਪਣੇ ਲਈ ਅਤੇ ਆਪਣੇ ਕਰਿੰਦਿਆਂ ਲਈ ਵਸਾ ਲਏ। ੧੯੫੦-੫੧ ਦੇ ਲਾਗੇ ਸੇਠਾਂ ਨੇ ਆਪਣੀ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ ਤਾਂ ਮਾਲਵੇ ਦੇ ਇਲਾਕੇ ਵਿੱਚੋਂ ਬਹੁਤ ਸਾਰੇ ਨਾਮਧਾਰੀ ਪਰਿਵਾਰਾਂ ਨੇ ਏਥੇ ਜ਼ਮੀਨ ਖਰੀਦ ਲਈ। ਹਰ ਪਰਿਵਾਰ ਭਗਤਾ, ਬਾਜਾਖਾਨਾ, ਬੁਰਜ, ਆਦਿ ਪਿੰਡਾਂ ਤੋਂ ਏਥੇ ਆਣ ਵੱਸੇ ਤਾਂ ਇਹ ਟਿਊਬਵੈਲ ਦਾ ਨਾਮ ਹੁਣ ਤੱਕ ਸਿਰਫ ਚੰਨੇ ਸੇਠ ਜੀ ਅਤੇ ਸੇਠਾਂ ਦੀ ਇੱਕ ਢਾਣੀ ਜਾਂ ਡੇਰੇ ਵਜੋਂ ਜਾਣਿਆ ਜਾਂਦਾ ਸੀ ਹੁਣ ਪਿੰਡ ਸ੍ਰੀ ਜਗਜੀਤ ਨਗਰ ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਸੰਨ ੧੯੫੫ ਈ. ਨੂੰ ਮਾਤਾ ਜੀ ਦਾ ਪੇਕਾ ਪਰਿਵਾਰ ਸੰਤ ਸਰਵਣ ਸਿੰਘ ਤੇ ਉਹਨਾਂ ਦਾ ਭਾਈ ਅਰਜਨ ਸਿੰਘ ਵੀ ਸਮੇਤ ਪਰਿਵਾਰ ਏਥੇ ਆਣ ਵੱਸੇ ਤਾਂ ਇਹ ਪਿੰਡ ਮਾਤਾ ਜੀ ਦੇ ਪੇਕਿਆਂ ਦਾ ਪਿੰਡ ਕਰਕੇ ਵੀ ਜਾਣਿਆ ਜਾਣ ਲੱਗਾ। ਜੋ ਅੱਗੇ ਚੱਲ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਹੁਰਾ ਪਿੰਡ ਹੋਣ ਕਰਕੇ ਇਸ ਦਾ ਨਾਮ ਉਹਨਾਂ ਦੇ ਨਾਮ ਉੱਤੇ 'ਸ੍ਰੀ ਜਗਜੀਤ ਨਗਰ' ਰੱਖ ਦਿੱਤਾ ਗਿਆ।

ਮਾਤਾ ਜੀ ਜਦੋਂ ਵੀ ਏਥੇ ਆਉਂਦੇ ਕਈ-ਕਈ ਦਿਨ ਆਪਣੇ ਪੇਕੇ ਰਹਿੰਦੇ ਤਾਂ ਪਿੰਡ ਦੀਆਂ ਔਰਤਾਂ, ਬੀਬੀਆਂ ਉਹਨਾਂ ਦੀ ਸੰਗਤ ਮਾਣ ਕੇ ਬਹੁਤ ਖ਼ੁਸ਼ੀ ਮਹਿਸੂਸ ਕਰਦੀਆਂ ਉਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜ਼ਿਆਦਾਤਰ ਸ੍ਰੀ ਜੀਵਨ ਨਗਰ ਹੀ ਨਿਵਾਸ ਰੱਖਦੇ ਸਨ।

ਮਾਤਾ ਜੀ ਸੇਵਾ ਸਿਮਰਨ ਦੀ ਮੂਰਤੀ ਤਾਂ ਹੈ ਹੀ ਸਨ। ਹਰ ਤਰ੍ਹਾਂ ਦੀ ਸੇਵਾ ਲਈ ਤੱਤਪਰ ਰਹਿੰਦੇ। ਸੰਨ ੧੯੬੯ ਈ. ਵਿੱਚ ਸ੍ਰੀ ਸਤਿਗੁਰੂ ਜੀ ਨੇ ਮਸਤਾਨਗੜ੍ਹ ਆਬਾਦ ਕਰਨ ਦੀ ਯੋਜਨਾ ਬਣਾਈ ਨਾਮਧਾਰੀ ਸੰਗਤਾਂ ਟਰੈਕਟਰਾਂ ਨਾਲ ਜ਼ਮੀਨ ਪੱਧਰ ਕਰਦੀਆਂ। ਸ੍ਰੀ ਸਤਿਗੁਰੂ ਜੀ ਖੁਦ ਵੀ ਟਰੈਕਟਰ ਚਲਾ ਕੇ ਜ਼ਮੀਨ ਪੱਧਰ

Namdhari Elibrary NamdhariElibrary@gmail.com

ਕਰਦੇ। ਮਾਤਾ ਜੀ ਹਮੇਸ਼ਾਂ ਸੰਗਤਾਂ ਵਿੱਚ ਹਾਜ਼ਰ ਰਹਿੰਦੇ ਅਤੇ ਉਹਨਾਂ ਦੀ ਹਰ ਲੋੜ ਦਾ ਖਿਆਲ ਰੱਖਦੇ। ਦੁੱਧ, ਚਾਹਟਾ, ਲੰਗਰ ਆਦਿ ਲੈ ਕੇ ਹਰ ਵਕਤ ਹਾਜ਼ਰ ਰਹਿੰਦੇ। ਸੰਤ ਬਲਦੇਵ ਸਿੰਘ ਵੜੈਚ ਦੇ ਦੱਸਣ ਅਨੁਸਾਰ ਇੱਕ ਦਿਨ ਸੇਵਾਦਾਰ ਕਰਾਹ ਲਾ ਰਹੇ ਸਨ ਵਿਚਕਾਰ ਇੱਕ ਪਾਣੀ ਦੀ ਛੱਪੜੀ ਭਰੀ ਹੋਈ ਸੀ। ਨਾਲੀ ਦੀ ਚੀਕਨੀ ਮਿੱਟੀ ਹੋਣ ਕਰਕੇ ਉਸ ਛੱਪੜੀ ਨੂੰ ਪੂਰਿਆ ਨਹੀਂ ਸੀ ਜਾ ਸੱਕਿਆ। ਟਰੈਕਟਰ ਨੇੜੇ ਜਾਂਦਿਆਂ ਹੀ ਖੁੱਭਣ ਲੱਗਦੇ ਸਨ। ਮਾਤਾ ਜੀ ਵੀ ਉਥੇ ਹਾਜ਼ਰ ਸਨ। ਜਦੋਂ ਹੋਰ ਕਈ ਚਾਰਾ ਚਲਦਾ ਨਾਂ ਦਿਸਿਆ ਤਾਂ ਮਾਤਾ ਜੀ ਨੇ ਕਮਰ ਕੱਸਾ ਕੱਸ ਲਿਆ ਅਤੇ ਵਾਹਣ ਵਿੱਚੋਂ ਮੋਟੀਆਂ ਢੀਮਾਂ ਜੋ ਉਥੇ ਚੀਕਨੀ ਮਿੱਟੀ ਕਰ ਕੇ ਬਹੁਤ ਵੱਡੀਆਂ-ਵੱਡੀਆਂ ਬਣ ਜਾਂਦੀਆਂ ਸਨ ਚੁੱਕ-ਚੁੱਕ ਕੇ ਛੱਪੜੀ ਵਿੱਚ ਸੁੱਟਣ ਲੱਗੇ। ਸੇਵਾਦਾਰਾਂ ਨੇ ਮਨਾ ਕੀਤਾ ਕਿ ਮਾਤਾ ਜੀ ਤੁਸੀਂ ਖੇਚਲ ਨਾ ਕਰੋ ਇਸ ਤਰ੍ਹਾਂ ਇਹ ਛੱਪੜੀ ਨਹੀਂ ਪੂਰੀ ਜਾਣੀ। ਇਸ ਦੇ ਪਾਣੀ ਸੁੱਕਣ ਤੱਕ ਇੰਤਜ਼ਾਰ ਕਰਨਾ ਪਵੇਗਾ। ਪਰ ਮਾਤਾ ਜੀ ਨਹੀਂ ਰੁੱਕੇ ਅਤੇ ਲਗਾਤਾਰ ਛੋਟੀਆਂ ਵੱਡੀਆਂ ਢਿਲ੍ਹਾਂ ਚੁੱਕ ਕੇ ਛੱਪੜੀ ਵਿੱਚ ਸੁੱਟਣ ਲੱਗੇ। ਇਹ ਵੇਖ ਕੇ ਉਹਨਾਂ ਦੀ ਸੇਵਾਦਾਰ ਬੀਬੀ ਵੀ ਨਾਲ ਲੱਗ ਪਈ। ਸ਼ਾਮ ਤੀਕ ਢੀਮਾਂ ਸੁੱਟ ਕੇ ਛੱਪੜੀ ਦਾ ਪੂਰਾ ਪਾਣੀ ਸੁਕਾ ਦਿੱਤਾ ਅਤੇ ਸ਼ਾਮ ਨੂੰ ਟਰੈਕਟਰਾਂ ਨੇ ਛੱਪੜੀ ਪੱਧਰ ਕਰ ਦਿੱਤੀ।

ਇੱਕ ਹੱਡ ਬੀਤੀ ਘਟਨਾ ਉਸ ਵਕਤ ਦੀ ਮੈਨੂੰ ਵੀ ਯਾਦ ਹੈ ਮੈਂ ਉਦੋਂ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲੇ ਦਾ ਵਿਦਿਆਰਥੀ ਸਾਂ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੀ ਮੇਰੇ ਸਹਿਪਾਠੀ ਸਨ। ਸਾਨੂੰ ਨੌਜਵਾਨ ਬੱਚਿਆਂ ਨੂੰ ਹੁਕਮ ਹੋਇਆ ਕਿ ਅੱਜ ਮਸਤਾਨਗੜ੍ਹ ਸੇਵਾ ਕਰਨੀ ਹੈ, ਅਸੀਂ ਸਾਰੇ ਬੱਚੇ ਠਾਕੁਰ ਉਦੈ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਸਮੇਤ ਮਸਤਾਨਗੜ੍ਹ ਪਹੁੰਚ ਗਏ। ਸਵੇਰ ਦੇ ਦੱਸ ਕੁ ਵਜੇ ਹੋਣਗੇ। ਸਾਨੂੰ ਹੁਕਮ ਹੋਇਆ ਕਿ ਸੰਤ ਨਗਰ ਤੋਂ ਮਸਤਾਨਗੜ੍ਹ ਨੂੰ ਜਾਂਦੀ ਸੜਕ ਤੇ ਰੋੜੀ ਪਾਉਣੀ ਹੈ। ਇਹ ਸੜਕ ਉਦੋਂ ਜੀਵਨ ਨਗਰ ਤੋਂ ਮਸਤਾਨਗੜ੍ਹ ਨੂੰ ਜਾਂਦੀ ਸੀ। ਸੰਤ ਨਗਰ ਬਾਅਦ ਵਿੱਚ ਜੁੜਿਆ ਹੈ। ਅਸੀਂ ਕਹੀਆਂ, ਟੋਕਰੀਆਂ ਲੈ ਕੇ ਰੋੜੀ ਪਾਉਣ ਵਾਲੀ ਥਾਂ ਪਹੁੰਚ ਗਏ। ਅਜੇ ਮੈਂ ਪਹਿਲੀ ਟੋਕਰੀ ਹੀ ਭਰੀ ਸੀ ਕਿ ਮਾਤਾ ਜੀ ਅਤੇ ਬੇਬੇ ਜੀ ਵੀ ਆ ਗਏ। ਮਾਤਾ ਜੀ ਨੇ ਮੈਨੂੰ ਟੋਕਰੀ ਚੁਕਾਉਣ ਨੂੰ ਕਿਹਾ ਤਾਂ ਮੈਂ ਕੁੱਝ ਝਿਜਕ ਗਿਆ ਅਤੇ ਕਿਹਾ, ਨਹੀਂ ਮਾਤਾ ਜੀ ਅਸੀਂ ਚੁੱਕ ਲੈਂਦੇ ਹਾਂ। ਪਰ ਮਾਤਾ ਜੀ ਨਹੀਂ ਮੰਨੇ ਅਤੇ ਟੋਕਰੀ ਚੁੱਕਾਉਣ ਲਈ ਕਿਹਾ ਮੈਂ ਟੋਕਰੀ ਚੁੱਕਾ ਦਿੱਤੀ। ਬੇਬੇ ਜੀ ਵੀ ਟੋਕਰੀ ਚੁੱਕਾ ਕੇ ਰੋੜੀ ਪਾਉਣ ਲੱਗੇ। ਸਵੇਰੇ ਦੱਸ ਵਜੇ ਤੋਂ ਲੈ ਕੇ ਸ਼ਾਮ ਦੇ ੪ ਵਜ ਗਏ, ਪਰ ਮਾਤਾ ਜੀ ਨੇ ਟੋਕਰੀ ਚੁੱਕਣੀ ਬੰਦ ਨਹੀਂ ਕੀਤੀ। ਮੈਂ ਭਾਵੇਂ ਗਭਰੂ ਸਾਂ ਪਰ ਕੰਮ ਘੱਟ ਹੀ ਕੀਤਾ ਸੀ ਇਸ ਲਈ ਥਕੇਵਾਂ ਵੀ ਮਹਿਸੂਸ ਹੋਣ ਲੱਗਾ ਸੀ। ਪਰ ਮਾਤਾ ਜੀ ਦੀ ਚਾਲ ਜਰਾ ਵੀ ਮੰਦੀ ਨਹੀਂ ਸੀ ਪਈ। ਇਹ ਵੇਖ ਕੇ ਮੈਨੂੰ ਹੈਰਾਨੀ ਵੀ ਹੋ ਰਹੀ ਸੀ ਕਿ ਏਨੇ ਸੁੱਖ ਵਿੱਚ ਰਹਿਣ ਵਾਲੇ ਵੇਖਣ ਨੂੰ ਨਾਜ਼ੁਕ ਮਲੂਕ ਕਾਇਆ ਨਜ਼ਰ ਆਉਣ ਵਾਲੇ ਮਾਤਾ ਜੀ ਹਮੇਸ਼ਾਂ ਕਿੰਨੀ ਕੁ ਮਿਹਨਤ ਕਰਦੇ ਹੋਣਗੇ ਜਿਹੜਾ ਉਹਨਾਂ ਦਾ ਸਰੀਰ ਇਨ੍ਹਾਂ ਸਾਧਿਆ ਹੋਇਆ ਸੀ।

ਸ੍ਰੀ ਸਤਿਗੁਰੂ ਜੀ ਦੇ ਹਰ ਹੁਕਮ ਦੀ ਪਾਲਣਾ ਕਰਨੀ। ਸੇਵਾ ਕਰਵਾਉਣੀ ਹੀ ਨਹੀਂ ਨਾਲ ਆਪ ਲੱਗ ਕੇ ਕਰਨੀ ਬਿਨ੍ਹਾਂ ਅੱਕੇ ਥੱਕੇ। ਕਿੰਨਾਂ ਉਤਸ਼ਾਹ ਸੀ ਮਾਤਾ ਜੀ ਵਿੱਚ। ਕਿੰਨਾਂ ਉੱਦਮ ਸੀ ਇਹ ਅੱਖੀਂ ਵੇਖ ਕੇ ਹਰ ਕੋਈ ਨਤਮਸਤਕ ਹੋਣ ਬਿਨ੍ਹਾਂ ਨਹੀਂ ਸੀ ਰਹਿ ਸੱਕਦਾ।

ਸਾਨੂੰ ਬੜਾ ਮਾਣ ਹੈ ਕਿ ਮਾਤਾ ਜੀ ਦੇ ਪੇਕੇ ਪਿੰਡ ਵਜੋਂ ਸ੍ਰੀ ਜਗਜੀਤ ਨਗਰ ਦਾ ਨਾਮ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ। ਸਾਰੀ ਸ੍ਰੀ ਜਗਜੀਤ ਨਗਰ ਦੀ ਸਾਧ-ਸੰਗਤ ਨੇ ਰੱਲ ਕੇ ਮਾਤਾ ਜੀ ਦੇ ਪਰਿਵਾਰ ਦੀ ਪ੍ਰੇਰਨਾ ਨਾਲ ਇੱਕ ਸੁੰਦਰ ਹਾਲ ਮਾਤਾ ਜੀ ਦੀ ਯਾਦ ਵਿੱਚ ਉਸਾਰਿਆ ਹੈ। ਜਿਸ ਦਾ ਨੀਂਹ ਪੱਥਰ ਵਰਤਮਾਨ ਸਤਿਗੁਰੂ ਉਦੈ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਰੱਖਿਆ ਹੈ ਅਤੇ ਇਸ ਦਾ ਉਦਘਾਟਨ ਵੀ ਵਰਤਮਾਨ ਸਤਿਗੁਰੂ ਜੀ ਦੁਆਰਾ ੨੦ ਜਨਵਰੀ ੨੦੧੯ ਨੂੰ ਹੋਇਆ ਹੈ। ਅੱਜ ਇਸ ਕਾਰਜ ਨੂੰ ਸ਼ਬਦਾਂ ਰੂਪੀ ਲਿਖ ਕੇ ਮੈਂ ਬੜਾ ਮਾਣ ਮਹਿਸੂਸ ਕਰ ਰਿਹਾ ਹਾਂ। ਇਸ ਤੋਂ ਵੀ ਵੱਧ ਖ਼ੁਸ਼ੀ ਦੀ ਗੱਲ ਹੈ ਕਿ ਐਤਕੀਂ ਦਾ ਹੋਲਾ ਮਹੱਲਾ ਵੀ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ਸ਼ ਰਜ਼ਾ ਅਨੁਸਾਰ ਸ੍ਰੀ ਜਗਜੀਤ ਨਗਰ ਵਿਖੇ ਹੀ ਹੋ ਰਿਹਾ ਹੈ। ਇਹ ਮਾਤਾ ਜੀ ਨੂੰ ਉਹਨਾਂ ਦੇ ਨਗਰ ਨਿਵਾਸੀਆਂ ਵੱਲੋਂ ਸ਼ਰਧਾਂਜਲੀ ਵੀ ਹੈ ਅਤੇ ਉਹਨਾਂ ਦੀ ਸੇਵਾ ਭਾਵਨਾ ਦਾ ਸਤਿਕਾਰ ਵੀ।

ਭਾਵੇਂ ਸ੍ਰੀ ਜੀਵਨ ਨਗਰ ਹੋਵੇ, ਭਾਵੇਂ ਮਸਤਾਨਗੜ੍ਹ, ਤੇ ਭਾਵੇਂ ਸ੍ਰੀ ਭੈਣੀ ਸਾਹਿਬ ਮਾਤਾ ਜੀ ਨੂੰ ਸਭ ਨੇ ਹੀ ਹਮੇਸ਼ਾਂ ਸੇਵਾ ਤੇ ਸਿਮਰਨ ਕਰਦੇ ਹੀ ਵੇਖਿਆ ਹੈ। ਉਹਨਾਂ ਦਾ ਪਿਆਰ ਕਦੇ ਨਹੀਂ ਭੁਲੇਗਾ। ਉਹਨਾਂ ਦੀ ਮਿੱਠੀ ਯਾਦ ਹਰ ਹਿਰਦੇ ਵਿੱਚ ਹਮੇਸ਼ਾਂ ਬਣੀ ਰਹੇਗੀ।

ਉਹ ਮਮਤਾ ਤੇ ਪ੍ਰੇਰਨਾ ਦੀ ਮੂਰਤੀ ਅੱਜ ਭਾਵੇਂ ਸਾਡੇ ਵਿੱਚ ਨਹੀਂ ਹੈ, ਪਰ ਉਹਨਾਂ ਦੇ ਪਾਏ ਪੂਰਨੇ ਹਮੇਸ਼ਾਂ ਨਾਮਧਾਰੀ ਸਾਧ-ਸੰਗਤ ਦੇ ਹੀ ਨਹੀਂ ਸਾਰੇ ਜਗਤ ਲਈ ਰਾਹ ਦਸੇਰੇ ਦਾ ਕਾਰਜ ਕਰਦੇ ਰਹਿਣਗੇ। ਇਹਨਾਂ ਸ਼ਬਦਾਂ ਦੇ ਨਾਲ ਮੈਂ ਮਾਤਾ ਜੀ ਦੀ ਉੱਜਲੀ ਸ਼ਖ਼ਸ਼ੀਅਤ ਅਗੇ ਸਿਰ ਨਿਵਾਉਂਦਾ ਹਾਂ।

■

Namdhari Elibrary NamdhariElibrary@gmail.com

ਮਾਤਾ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਸਾਕਾਰ ਕੀਤਾ

✍ ਮਾਸਟਰ ਗੋਬਿੰਦ ਸਿੰਘ ਬੁਰਜ ਥਰੋੜ

ਮਾਤਾ ਚੰਦ ਕੌਰ ਜੀ ਦਾ ਬਚਪਨ ਜ਼ਿਆਦਾਤਰ ਆਪਣੇ ਨਾਨਕੇ ਪਿੰਡ ਬੁਰਜ ਥਰੋੜ ਹੀ ਬੀਤਿਆ। ਅਤੇ ਸ਼ਾਦੀ ਤੀਕ ਹੀ ਤਕਰੀਬਨ ਨਾਨਕੇ ਪਿੰਡ ਨਾਲ ਜ਼ਿਆਦਾ ਲਗਾਵ ਰਿਹਾ। ਉਸ ਵਕਤ ਉਹਨਾਂ ਦੇ ਨਾਨਕੇ ਪਿੰਡ ਨਾਮਧਾਰੀ ਪ੍ਰਚਾਰਕ ਸੂਬਾ ਸੰਤ ਲਾਲ ਸਿੰਘ ਰੋੜਿਆਂ ਵਾਲੇ ਅਤੇ ਸੰਤ ਇੰਦਰ ਸਿੰਘ ਬਹਾਲ ਸਿੰਘ ਕਵੀਸ਼ਰ ਰੋੜਿਆਂ ਵਾਲਾ ਦਾ ਬਹੁਤਾ ਆਣਾ ਜਾਣਾ ਸੀ। ਮਾਤਾ ਜੀ ਤੇ ਉਹਨਾਂ ਉਚ ਕੋਟੀ ਦੇ ਪ੍ਰਚਾਰਕਾਂ ਦਾ ਪ੍ਰਭਾਵ ਪੈਣਾ ਜ਼ਰੂਰੀ ਸੀ। ਮਾਤਾ ਜੀ ਬਚਪਨ ਤੋਂ ਹੀ ਨਾਮਧਾਰੀ ਪਰਿਵਾਰਾਂ ਵਿਚ ਰਹਿਣ ਕਰਕੇ ਨਾਮਧਾਰੀ ਮਰਯਾਦਾ ਦੇ ਪੱਕੇ ਧਾਰਨੀ ਬਣ ਗਏ। ਜਵਾਨੀ ਦੀ ਉਮਰ ਵਿਚ ਆਪਣੀ ਹਮ ਉਮਰ ਸਾਥਣਾਂ ਨੂੰ ਚੰਗੀ ਸਿਖਿਆ ਦਿੰਦੇ ਅਤੇ ਗੁਰੂ ਗੁਰਬਾਣੀ ਨਾਲ ਜੋੜਨ ਲਈ ਪ੍ਰੇਰਨਾ ਦਿੰਦੇ। ਉਹਨਾਂ ਦਿਨਾਂ ਵਿੱਚ ਪੰਜਾਬ ਵਿਚ ਤੀਆਂ ਦੇ ਤਿਉਹਾਰ ਮਨਾਏ ਜਾਂਦੇ ਸਨ। ਮਾਤਾ ਜੀ ਤੀਆਂ ਵਿੱਚ ਸਹੇਲੀਆਂ ਨਾਲ ਜਾਂਦੇ ਪਰ ਉਹਨਾਂ ਨੂੰ ਰਿਵਾਇਤੀ ਬੋਲੀਆਂ ਦੀ ਥਾਂ ਧਾਰਮਿਕ ਸ਼ਬਦ ਗਾਉਣ ਲਈ ਕਹਿੰਦੇ। ਵੀਰਾਂ ਦੇ ਪਿਆਰ ਵਾਲੀਆਂ ਬੋਲੀਆਂ ਪਾਉਣ ਨੂੰ ਪ੍ਰੇਰਦੇ ਸਨ। ਜਵਾਨੀ ਦੀ ਉਮਰ ਵਿਚ ਇਕ ਵਾਰ ਆਪ ਜੀ ਆਪਣੇ ਨਾਨਕਾ ਪਰਿਵਾਰ ਨਾਲ ਨਾਮਧਾਰੀ ਮੇਲੇ ਉਤੇ ਸ੍ਰੀ ਭੈਣੀ ਸਾਹਿਬ ਗਏ ਅਤੇ ਆਪਣੇ ਸੁਭਾਅ ਅਨੁਸਾਰ ਸੇਵਾ ਵਿਚ ਜਾ ਜੁੱਟੇ। ਆਪ ਜੀ ਬਰਤਣ ਮਾਂਜਣ ਦੀ ਸੇਵਾ ਕਰ ਰਹੇ ਸਨ। ਅਰਕਾਂ ਤੀਕ ਬਾਹਾਂ ਲਿਬੜੀਆਂ ਵੇਖ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ ਕਿ ਏਹੋ ਜਿਹੀ ਬੀਬੀ ਗੁਰੂ

ਮਾਤਾ ਚੰਦ ਕੌਰ ਜੀ ਆਪਣੇ ਗੁਣਾਂ ਅਤੇ ਸ਼ਾਂਤ ਪਿਆਰ ਕਰਕੇ ਸਾਰੀ ਦੁਨੀਆਂ ਵਿਚ ਹਮੇਸ਼ਾਂ ਯਾਦ ਕੀਤੇ ਜਾਂਦੇ ਰਹਿਣਗੇ। ਉਹਨਾਂ ਨੇ ਹਮੇਸ਼ਾਂ ਨਾਮਧਾਰੀ ਸੰਗਤ ਅਤੇ ਗੈਰ ਨਾਮਧਾਰੀ ਸੰਗਤਾਂ ਵਿਚ ਆਪਣਾ ਬਰਾਬਰ ਦਾ ਪਿਆਰ ਵੰਡਿਆ।

ਘਰ ਦੀ ਅਸਲ ਸੇਵਾ ਕਰ ਸਕਦੀ ਹੈ। ਉਦੋਂ ਅਜੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਮਾਤਾ ਰਜਿੰਦਰ ਕੌਰ ਜੀ ਜਿਊਂਦੇ ਸਨ।

ਇਹ ਸੁਤੇ-ਸਿੱਧ ਕੀਤਾ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਸੱਚ ਸਿੱਧ ਹੋਇਆ ਅਤੇ ਜਲਦੀ ਹੀ ਆਪ ਜੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਬਣਨ ਦਾ ਸੁਭਾਗ ਪ੍ਰਾਪਤ ਹੋਇਆ।

ਮਾਤਾ ਚੰਦ ਕੌਰ ਜੀ ਦਾ ਜਨਮ ਪਿਤਾ ਸੰਤ ਸਰਵਣ ਸਿੰਘ ਅਤੇ ਮਾਤਾ ਸਮਾ ਕੌਰ ਦੀ ਕੁੱਖੋਂ ਆਪਣੇ ਨਾਨਕੇ ਪਿੰਡ ਬੁਰਜ ਥਰੋੜ ਜ਼ਿਲਾ ਬਠਿੰਡਾ ਵਿਖੇ ਹੋਇਆ। ਸੰਤ ਸਰਵਣ ਸਿੰਘ ਜੀ ਬਾਜਾਖਾਨਾ ਦੇ ਵਸਨੀਕ ਸਨ ਅਤੇ ਗੈਰ ਨਾਮਧਾਰੀ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਮਾਮਾ ਸ੍ਰੀ ਚਤਰ ਸਿੰਘ ਅਤੇ ਅਤਰ ਸਿੰਘ ਨਾਲ ਅਥਾਹ ਪਿਆਰ ਸੀ। ਅਤੇ ਸਾਰੀ ਉਮਰ ਪਿਆਰ ਕਰਦੇ ਰਹੇ।

ਜਦੋਂ ਮਾਤਾ ਚੰਦ ਕੌਰ ਜੀ ਦੀ ਮਾਤਾ ਸਮਾ ਕੌਰ ਜੀ ਦਾ ਰਿਸ਼ਤਾ (ਸ. ਮੰਨਾ ਸਿੰਘ ਨਾਮਧਾਰੀ ਅਤੇ ਮਾਤਾ ਦਇਆ ਕੌਰ ਦੀ ਪੁੱਤਰੀ) ਬਾਜੇਖਾਨੇ ਪਿੰਡ ਵਿਚ ਸੰਤ ਸਰਵਣ ਸਿੰਘ ਨਾਲ ਹੋਇਆ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੈਰ ਨਾਮਧਾਰੀ ਪਰਿਵਾਰ ਵਿਚ ਲੜਕੀ ਵਿਆਹੁਣ ਤੇ ਨਾਰਾਜ਼ਗੀ ਪ੍ਰਗਟ ਕੀਤੀ ਕਿਉਂਕਿ ਸੰਤ ਮੰਨਾ ਸਿੰਘ ਗੁਰੂ ਘਰ

Namdhari Elibrary NamdhariElibrary@gmail.com

ਦੇ ਅਟੁਟ ਸ਼ਰਧਾਲੂ ਨਾਮਧਾਰੀ ਪਰਿਵਾਰਾਂ ਵਿਚੋਂ ਸਨ। ਪਰ ਫੇਰ ਸਤਿਗੁਰੂ ਜੀ ਆਪ ਹੀ ਬਚਨ ਕੀਤਾ ਕਿ ਚਲੋਂ ਸਰਵਣ ਸਿੰਘ ਹੁਣ ਸਾਨੂੰ ਲੜਕੀ ਵਾਪਸ ਦੇਵੇਗਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਆਪ ਜੀ ਦਾ ਸੰਯੋਗ ਮਿੱਥ ਲੈਣ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ ਅਟੱਲ ਹੋਏ। ਤੀਖਣ ਬੁੱਧੀ ਹੋਣ ਕਰਕੇ ਆਪ ਜੀ ਜਲਦੀ ਹੀ ਲੰਗਰ ਅਤੇ ਹੋਰ ਰੁਝੇਵਿਆਂ ਵਿਚ ਕਾਫੀ ਗਿਆਨ ਹਾਸਲ ਕਰ ਗਏ। ਇਹ ਆਦਤ ਉਹਨਾਂ ਦੀ ਸਾਰੀ ਉਮਰ ਸਾਥ ਰਹੀ। ਕੋਈ ਸੜਕ ਬਣਦੀ ਹੋਵੇ ਜਾਂ ਪੱਥਰ ਢੋਣਾ ਹੋਵੇ। ਭੈਣੀ ਸਾਹਿਬ ਦੀ ਉਸਾਰੀ ਲਈ ਰੋੜੀ ਕੁਟਣੀ ਹੋਵੇ ਜਾਂ ਢੋਣੀ ਹੋਵੇ ਤਾਂ ਆਪ ਜੀ ਕਦੇ ਵੀ ਟੋਕਰੀ ਢੋਣ ਤੋਂ ਸੰਕੋਚ ਨਹੀਂ ਕਰਦੇ ਸਨ। ਉਹਨਾਂ ਨੂੰ ਸਾਰਾ ਸਾਰਾ ਦਿਨ ਸੇਵਾ ਕਰਦੇ ਟੋਕਰੀ ਢੋਂਦੇ ਸੰਗਤਾਂ ਨੇ ਆਮ ਵੇਖਿਆ ਹੈ। ਕੋਈ ਵੀ ਉਸਾਰੀ ਦਾ ਕੰਮ ਸ੍ਰੀ ਭੈਣੀ ਸਾਹਿਬ ਹੁੰਦਾ ਤਾਂ ਆਪ ਜੀ ਸੇਵਾ ਕਰਦੇ ਅਤੇ ਕਰਾਉਂਦੇ ਤੇ ਸੇਵਾ ਤੋਂ ਬਾਅਦ ਹੱਥ ਵਿਚ ਮਾਲਾ ਹੁੰਦੀ ਜੋ ਸਦਾ ਚਲਦੀ ਰਹਿੰਦੀ, ਰਸਨਾ ਤੇ ਨਾਮ ਅਤੇ ਨਾਲ ਨਾਲ ਸਾਰੇ ਕਾਰਜ ਦੀ ਨਿਗਰਾਨੀ।

ਸ੍ਰੀ ਭੈਣੀ ਸਾਹਿਬ ਦੇ ਲੰਗਰ ਵਿਚ ਤਾਂ ਮਾਤਾ ਜੀ ਦਾ ਯੋਗਦਾਨ ਕਿਸੇ ਤੋਂ ਭੁਲਿਆ ਹੋਇਆ ਨਹੀਂ। ਆਪ ਜੀ ਬੀਬੀਆਂ ਨੂੰ ਨਾਲ ਲੈ ਕੇ ਆਪ ਸਬਜ਼ੀ ਚੀਰਦੇ, ਦਾਲਾਂ ਚੁਣਦੇ ਅਤੇ ਪ੍ਰਸ਼ਾਦੇ ਪਕਾਉਂਦੇ ਕਦੇ ਥੱਕਦੇ ਨਹੀਂ ਸਨ। ਲੰਗਰ ਵਿਚ ਬਣਨ ਵਾਲੇ ਹਰ ਪਦਾਰਥ ਦੀ ਅਤਿ ਉਤਮ ਕਵਾਲਿਟੀ ਦਾ ਆਪ ਹਮੇਸ਼ਾਂ ਧਿਆਨ ਰੱਖਦੇ ਸਨ।

ਆਪ ਜੀ ਦੇ ਪਿਤਾ ਸੰਤ ਸਰਵਣ ਸਿੰਘ ਭਾਵੇਂ ਪਹਿਲਾਂ ਗੈਰ ਨਾਮਧਾਰੀ ਪਰਿਵਾਰ ਸੀ ਪਰ ਬਾਅਦ ਵਿਚ ਪੂਰਨ ਗੁਰ ਮਰਯਾਦਾ ਦੇ ਧਾਰਨੀ ਬਣ ਗਏ ਅਤੇ ਸੰਤ ਸਰਵਣ ਸਿੰਘ ਤੇ ਮਾਤਾ ਸਮਾ ਕੌਰ ਜੀ ਨੇ ਤਾ-ਉਮਰ ਗੁਰ ਮਰਯਾਦਾ ਨੂੰ ਅੰਗ ਸੰਗ ਰੱਖਿਆ। ਆਪ ਜੀ ਸਾਰੇ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। ਆਪ ਤੋਂ ਛੋਟੇ ਕ੍ਰਮਵਾਰ ਸੰਤ ਬਲੀ ਸਿੰਘ, ਸਰਪੰਚ ਗੁਰਦੇਵ ਸਿੰਘ, ਬੀਬੀ ਗੁਰਨਾਮ ਕੌਰ, ਸ. ਗੁਰਨਾਮ ਸਿੰਘ ਅਤੇ ਬੀਬੀ ਸਤਪਾਲ ਕੌਰ ਸਨ।

ਆਪ ਜੀ ਦੇ ਤਾਇਆ ਅਰਜਨ ਸਿੰਘ ਬੜੇ ਨੇਕ ਸੁਭਾਅ ਦੇ ਗੁਰ ਮਰਯਾਦਾ ਦੇ ਧਾਰਨੀ ਪੁਰਸ਼ ਸਨ। ਜਿੰਨਾਂ ਦਾ ਚਾਰ ਪੁੱਤਰਾਂ ਦਾ ਭਰਿਆ ਪੂਰਾ ਪਰਿਵਾਰ ਹੈ। ਆਪ ਜੀ ਦੇ ਭਤੀਜੇ ਬਲਦੇਵ ਸਿੰਘ, ਅਮਰ ਸਿੰਘ ਸਪੁੱਤਰ ਬਲੀ ਸਿੰਘ, ਗੁਰਮੰਗਤ ਸਿੰਘ ਸਪੁੱਤਰ ਗੁਰਦੇਵ ਸਿੰਘ ਅਤੇ ਸਤ ਭਤੀਜੀਆਂ ਦਾ ਸੁੰਦਰ ਪੇਕਾ ਪਰਿਵਾਰ ਹੈ। ਆਪ ਜੀ ਨੇ ਸ੍ਰੀ ਭੈਣੀ ਸਾਹਿਬ ਰਹਿੰਦੇ ਹੋਏ ਸ੍ਰੀ

ਮਾਤਾ ਜੀ ਹਮੇਸ਼ਾਂ ਏਨੇ ਰੁਝੇਵਿਆਂ ਦੇ ਬਾਵਜੂਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਹਤ ਦਾ ਖਾਸ ਖਿਆਲ ਰਖਦੇ। ਉਹਨਾਂ ਦੀ ਸੇਵਾ ਵਿਚ ਕਦੀ ਕੋਈ ਕਮੀ ਨਾ ਆਉਣ ਦਿੰਦੇ।

ਸਤਿਗੁਰੂ ਰਾਮ ਸਿੰਘ ਜੀ ਦੀ ਅੰਤਰ ਜਾਤੀ ਵਿਆਹ ਦੀ ਮਰਯਾਦਾ ਨੂੰ ਬੜਾ ਬਲ ਬਖਸ਼ਿਆ ਅਤੇ ਬਹੁਤ ਸਾਰੀਆਂ ਅੰਤਰ ਜਾਤੀ ਸ਼ਾਦੀਆਂ ਆਪ ਆਪਣੀ ਰਹਿਨੁਮਾਈ ਵਿਚ ਕਰਵਾਈਆਂ।

ਮਾਤਾ ਜੀ ਹਮੇਸ਼ਾਂ ਏਨੇ ਰੁਝੇਵਿਆਂ ਦੇ ਬਾਵਜੂਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਹਤ ਦਾ ਖਾਸ ਖਿਆਲ ਰਖਦੇ। ਉਹਨਾਂ ਦੀ ਸੇਵਾ ਵਿਚ ਕਦੀ ਕੋਈ ਕਮੀ ਨਾ ਆਉਣ ਦਿੰਦੇ। ਅੰਤਿਮ ਸਮੇਂ ਵਿਚ ਵੀ ਆਪ ਉਹਨਾਂ ਦੀ ਹਰ ਜ਼ਰੂਰਤ ਦਾ ਧਿਆਨ ਰੱਖਦੇ ਅਤੇ ਹਮੇਸ਼ਾਂ ਉਹਨਾਂ ਦੇ ਕੋਲ ਪਹਿਰਾ ਦਿੰਦੇ ਰਹੇ। ਆਉਣ ਵਾਲੇ ਸਮੇਂ ਬਾਰੇ ਵੀ ਉਹ ਸ੍ਰੀ ਸਤਿਗੁਰੂ ਜੀ ਦੀ ਇਛਾ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਗਏ ਸਨ ਤੇ ਫੇਰ ਉਹਨਾਂ ਨੇ ਉਹਨਾਂ ਦੇ ਹੁਕਮ ਤੇ ਫੁੱਲ ਚੜ੍ਹਾ ਕੇ ਨਾਮਧਾਰੀ ਪੰਥ ਨੂੰ ਸਤਿਗੁਰੂ ਉਦੈ ਸਿੰਘ ਨਵਾਂ ਰਹਿਬਰ ਦਿੱਤਾ।

ਆਪ ਜੀ ਸਫਾਈ ਪ੍ਰੇਮੀ ਸਨ ਅਤੇ ਹਮੇਸ਼ਾਂ ਸਾਫ਼ ਸੁਥਰਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੇ ਸਨ। ਨਾਮਧਾਰੀ ਮਰਯਾਦਾ ਤਾਂ ਹੈ ਹੀ ਸੁੱਚ ਸੋਧ ਜਿਸ ਦਾ ਪਹਿਲਾ ਅਰਥ ਹੀ ਸਾਫ਼ ਸੁਥਰੇ ਰਹਿਣਾ ਹੈ। ਸੋ ਉਹ ਹਮੇਸ਼ਾਂ ਇਸ ਮਰਯਾਦਾ ਨੂੰ ਪੱਕੀ ਤਰ੍ਹਾਂ ਮੰਨਦੇ ਤੇ ਮਨਾਉਂਦੇ ਰਹੇ।

ਮਾਤਾ ਚੰਦ ਕੌਰ ਜੀ ਆਪਣੇ ਗੁਣਾਂ ਅਤੇ ਸ਼ਾਂਤ ਪਿਆਰ ਕਰਕੇ ਸਾਰੀ ਦੁਨੀਆਂ ਵਿਚ ਹਮੇਸ਼ਾਂ ਯਾਦ ਕੀਤੇ ਜਾਂਦੇ ਰਹਿਣਗੇ। ਉਹਨਾਂ ਨੇ ਹਮੇਸ਼ਾਂ ਨਾਮਧਾਰੀ ਸੰਗਤ ਅਤੇ ਗੈਰ ਨਾਮਧਾਰੀ ਸੰਗਤਾਂ ਵਿਚ ਆਪਣਾ ਬਰਾਬਰ ਦਾ ਪਿਆਰ ਵੰਡਿਆ।

ਫੇਰ ਵੀ ਕਿਸੇ ਦੋਖੀ ਨੂੰ ਇਹ ਸੇਵਾ ਸਿਮਰਨ ਤੇ ਸਾਦਗੀ ਦਾ ਸੋਮਾ ਰਾਸ ਨਾ ਆਇਆ ਅਤੇ ਉਸਨੇ ਇਕ ਘ੍ਰਿਣਿਤ ਤੇ ਮਨੁੱਖਤਾ ਤੋਂ ਗਿਰੀ ਹੋਈ ਹਰਕਤ ਕਰਕੇ ਸਾਡੇ ਸਿਰ ਤੋਂ ਉਹਨਾਂ ਦਾ ਅਨਮੋਲ ਸਾਇਆ ਤੇ ਪਿਆਰ ਹਮੇਸ਼ਾਂ ਲਈ ਖੋਹ ਲਿਆ।

ਮਾਤਾ ਜੀ ਆਪਣੇ ਕਾਰਜ ਲਈ, ਆਪਣੇ ਪੰਥ ਦੀ ਚੜ੍ਹਦੀ ਕਲਾ ਲਈ ਕੁਰਬਾਨ ਹੋ ਗਏ। ਉਹਨਾਂ ਨੂੰ ਹਮੇਸ਼ਾਂ ਸਾਰੇ ਸੰਸਾਰ ਵਿਚ ਯਾਦ ਕੀਤਾ ਜਾਂਦਾ ਰਹੇਗਾ। ■

Namdhari Elibrary NamdhariElibrary@gmail.com

ਨਾਮਧਾਰੀ ਪੰਥ ਨੂੰ ਸੰਕਟ ਚੋਂ ਉਭਾਰਿਆ ਮਾਤਾ ਚੰਦ ਕੌਰ ਜੀ ਨੇ

✍ ਸੰਤ ਕੇਸਰ ਸਿੰਘ, ਲਾਡੀ

1946 ਤੋਂ ਲੈਕੇ 2016 ਤੱਕ 70 ਸਾਲ ਦਾ ਲੰਮਾਂ ਸਮਾਂ ਸੇਵਾ ਵਿਚ ਲੀਨ ਰਹੇ ਮਾਤਾ ਜੀ। ਮਾੜਾ ਮੋਟਾ ਸਰੀਰਕ ਰੋਗ ਜਾਂ ਥਕਾਵਟ ਮਾਤਾ ਜੀ ਦੀ ਰੋਜ਼ਾਨਾ ਜ਼ਿੰਦਗੀ ਦੇ ਕੰਮਾਂ ਵਿਚ ਕਦੇ ਰੋੜਾ ਨਹੀਂ ਬਣੀ ਸੀ। ਚਾਹੇ ਕੋਈ ਵੀ ਇਮਾਰਤ ਬਣ ਰਹੀ ਹੋਵੇ ਜਾਂ ਪੁਰਾਣੀ ਢਹਿ ਰਹੀ ਹੋਵੇ, ਫਸਲ ਬੀਜਣ ਦਾ ਸਮਾਂ ਹੋਵੇ ਜਾਂ ਫਸਲ ਕੱਟਣ ਦਾ ਸਮਾਂ ਹੋਵੇ, ਸਾਰੇ ਕੰਮਾਂ ਨੂੰ ਸਾਂਭਣ ਅਤੇ ਛੇਤੀਂ ਨਿਬੇੜਨ ਦੀ ਫੁਰਤੀ ਮਾਤਾ ਜੀ ਨੂੰ ਜਿਵੇਂ ਵਿਰਾਸਤ ਵਿਚ ਮਿਲੀ ਹੋਵੇ। ਰੋਜ਼ਾਨਾ ਲੰਗਰ ਵਿਚ ਜਾਣਾ ਤਾਂ ਦੁੱਧ ਵਰਤਾਉਣਾ, ਦੁੱਧ ਸਾਂਭਣ, ਆਟਾ ਗੁੰਨਣਾ, ਪ੍ਰਸ਼ਾਦੇ ਪਕਾਉਣੇ, ਪ੍ਰਸ਼ਾਦੇ ਚੋਪੜਨੇ, ਭਾਜੇ ਚੀਰਨੇ, ਦਾਲਾਂ ਚੁਗਣੀਆਂ, ਥਾਲ ਮਾਂਜਣੇ ਆਦਿ ਸਾਰੇ ਕਾਰਜ ਮਾਤਾ ਜੀ ਆਪਣੇ ਹੱਥੀਂ ਕਰਿਆ ਕਰਦੇ ਸਨ। ਹਰ ਰੋਜ਼ ਵੱਡੇ ਮੇਲਿਆਂ ਵਿਚ ਸਾਧ ਸੰਗਤ ਲਈ ਕਮਰਿਆਂ ਦਾ, ਬਿਸਤਰਿਆਂ ਦਾ ਪ੍ਰਬੰਧ ਏਨਾ ਵਧੀਆ ਕਰਨਾ ਕਿ ਕੋਈ ਵੀ ਸਿੱਖ ਮੇਲੇ ਵਿਚ ਡੇਰਾ ਲੈਣ ਤੋਂ ਰਹਿ ਨਹੀਂ ਸੀ ਜਾਂਦਾ। ਸਵੇਰੇ ਆਸਾ ਦੀ ਵਾਰ, ਦੁਪਹਿਰ ਦਾ ਨਿਤਨੇਮ, ਸ਼ਾਮ ਦੀ ਕਥਾ ਇਹ ਤਿੰਨੋ ਵਕਤ ਵੀ ਖੁੰਝਣ ਨਹੀਂ ਸਨ ਦਿੰਦੇ। ਭੈਣੀ ਸਾਹਿਬ ਡੇਰੇ ਜਾਂ ਪਿੰਡ ਵਿਚ ਕੋਈ ਸਰੀਰ ਚੜਾਈ ਕਰਦਾ ਤਾਂ ਭੋਗ ਤੱਕ ਪਰਿਵਾਰ ਦੇ ਦੁੱਖ ਸੁਖ ਵਿਚ ਸ਼ਰੀਕ ਰਹਿਣਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਕੁੱਝ ਸਮਾਂ ਪਹਿਲਾਂ ਹੀ ਮੋਨ ਬਿਰਤੀ

ਆਪਣਾ ਅੰਤਲਾ ਸਮਾਂ ਨੇੜੇ ਆਉਂਦਾ ਪਹਿਲਾਂ ਹੀ ਮਹਿਸੂਸ ਹੋ ਗਿਆ ਸੀ। ਹੋਲਾ ਮਹੱਲਾ 2016 ਜਦੋਂ ਸ਼ੁਰੂ ਹੋਇਆ ਤਾਂ ਮਾਤਾ ਜੀ ਨੇ ਬੀਬੀ ਜੀ (ਮਾਤਾ ਗੁਰਸ਼ਰਨ ਕੌਰ) ਜੀ ਨੂੰ ਕਿਹਾ, "ਹੁਣ ਥੋੜੀ ਥੋੜੀ ਜੁੰਮੇਵਾਰੀ ਆਪ ਜੀ ਵੀ ਸਾਂਭਿਆ ਕਰੋ। ਮੇਲੇ ਵਿਚ ਲੰਗਰ ਸਾਂਭਣਾ ਹੈ ਜਾਂ ਡੇਰਿਆਂ ਦਾ ਪ੍ਰਬੰਧ ਕਰਨਾ ਹੈ।"

ਵਿੱਚ ਰਹਿਣ ਲੱਗ ਪਏ ਸਨ। ਉਸ ਸਮੇਂ ਵੀ ਮਾਤਾ ਜੀ ਨੇ ਦੇਸ਼ ਵਿਦੇਸ਼ ਜਿੱਥੇ ਵੀ ਕੋਈ ਚੜਾਈ ਕਰਨਾ ਭੋਗ ਸਮੇਂ ਜ਼ਰੂਰ ਜਾਣਾ ਪਰਿਵਾਰ ਨਾਲ ਦੁੱਖ ਸੁੱਖ ਸਾਂਝਾ ਕਰਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਨਾਮਧਾਰੀ ਪੰਥ ਬੜੇ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਪੰਥ ਨੂੰ ਸੁਯੋਗ ਆਗੂ ਦੇ ਰੂਪ ਵਿਚ ਸੰਪੂਰਨ ਸਤਿਗੁਰੂ ਉਦੈ ਸਿੰਘ ਜੀ ਦੀ ਬਾਂਹ ਫੜਾਉਣ ਵਿਚ ਮਾਤਾ ਜੀ ਤੋਂ ਬਿਨਾਂ ਕੋਈ ਹੋਰ ਇਹ ਕੰਮ ਨਹੀਂ ਸੀ ਕਰ ਸਕਦਾ ਕਿਉਂਕਿ ਸਤਿਗੁਰੂ ਜੀ ਮਾਤਾ ਚੰਦ ਕੋਰ ਜੀ ਨੂੰ ਵੀ ਹੁਕਮ ਦੇ ਕੇ ਗਏ ਸਨ ਕਿ ਇਸ ਗੱਦੀ ਵਾ ਵਾਰਿਸ ਕਿਹੜਾ ਭਾਗਾਂ ਵਾਲਾ ਸਹਿਨਸ਼ੀਲ, ਸੁਯੋਗ, ਸੂਝਵਾਨ, ਭਜਨੀਕ ਅਤੇ ਪੰਥ ਦੇ ਦੁਖ ਦੂਰ ਕਰਨ ਵਾਲਾ ਮਹਾਂਪੁਰਸ਼ ਹੋ ਸਕਦਾ ਹੈ। ਸਤਿਗੁਰੂ ਉਦੈ ਸਿੰਘ ਜੀ ਦੀ ਢਾਲ ਬਣਕੇ ਮਾਤਾ ਜੀ ਉਹਨਾਂ ਦੇ ਅੰਗ ਸੰਗ ਰਹੇ।

ਸ਼ਾਇਦ ਉਹਨਾਂ ਨੂੰ ਆਪਣਾ ਅੰਤਲਾ ਸਮਾਂ ਨੇੜੇ ਆਉਂਦਾ ਪਹਿਲਾਂ ਹੀ ਮਹਿਸੂਸ ਹੋ ਗਿਆ ਸੀ। ਹੋਲਾ ਮਹੱਲਾ 2016 ਜਦੋਂ ਸ਼ੁਰੂ ਹੋਇਆ ਤਾਂ ਮਾਤਾ ਜੀ ਨੇ ਬੀਬੀ ਜੀ (ਮਾਤਾ ਗੁਰਸ਼ਰਨ ਕੌਰ) ਜੀ ਨੂੰ ਕਿਹਾ, "ਹੁਣ ਥੋੜੀ ਥੋੜੀ ਜੁੰਮੇਵਾਰੀ ਆਪ ਜੀ ਵੀ ਸਾਂਭਿਆ ਕਰੋ। ਮੇਲੇ ਵਿਚ ਲੰਗਰ ਸਾਂਭਣਾ ਹੈ ਜਾਂ ਡੇਰਿਆਂ ਦਾ ਪ੍ਰਬੰਧ ਕਰਨਾ ਹੈ।" ਬੀਬੀ ਜੀ ਨੇ

Namdhari Elibrary NamdhariElibrary@gmail.com

ਕਿਹਾ, "ਮੈਂ ਡੇਰੇ ਹੀ ਸੰਭਾਲ ਲਵਾਂਗੀ।, ਲੰਗਰ ਆਪ ਹੀ ਸਾਂਭੋ।" ਤਾਂ ਮਾਤਾ ਜੀ ਬਚਨ ਕੀਤਾ, "ਚਲੋ ਐਤਕੀਂ ਡੇਰਿਆਂ ਦੀ ਸੇਵਾ ਕਰ ਲਵੋ ਅਗਲੀ ਵਾਰ ਲੰਗਰ ਵੀ ਸਾਂਭ ਲਵੋਗੇ।" ਏਸੇ ਤਰ੍ਹਾਂ 27 ਮਾਰਚ ਨੂੰ ਭੋਗ ਤੋਂ ਬਾਅਦ ਵੱਡੇ ਭਾਂਡੇ ਤਾਂ ਅੰਦਰ ਰੱਖ ਦਿੱਤੇ ਪ੍ਰਤੂੰ ਥਾਲ ਬਾਹਰ ਹੀ ਰਹਿਣ ਦਿੱਤੇ। ਮੇਰੀ ਸਿੰਘਣੀ ਨੇ ਅਰਜ਼ ਕੀਤੀ, "ਮਾਤਾ ਜੀ ਥਾਲੀਆਂ ਅੰਦਰ ਨਹੀਂ ਰੱਖਣੀਆਂ ?" ਅਗੋਂ ਮਾਤਾ ਜੀ ਬਚਨ ਕੀਤਾ, "ਕੀ ਪਤਾ ਕਦੋਂ ਲੋੜ ਪੈ ਜਾਵੇ, ਏਥੇ ਹੀ ਰਹਿਣ ਦਿਉ।" ਸਾਰੇ ਬਚਨ ਜਾਣ ਲਈ ਭਵਿੱਖਤ ਬੋਲ ਸਨ, ਜੋ ਸੱਚ ਹੋਏ। ਜਦ ਸੱਚੇ ਪਾਤਸ਼ਾਹ ਜੀ ਬੰਗਲੋਰ ਵਾਪਿਸ ਚਲੇ ਗਏ ਤਾਂ ਤਿੰਨ ਚਾਰ ਵਾਰ ਇਕੋ ਬਚਨ ਕੀਤਾ, "ਹੁਣ ਜੀਅ ਨਹੀਂ ਲੱਗਦਾ।" ਮਾਤਾ ਜੀ ਸੱਚਮੁੱਚ ਉਦਾਸ ਰਹਿਣ ਲੱਗ ਪਏ। 28 ਅਤੇ 29 ਤਾਰੀਕ ਨੂੰ ਡੇਰੇ ਦੀ ਸੇਵਾ ਕਰਨ ਵਾਲਿਆਂ ਨੂੰ ਕਪੱੜੇ ਘੜੀਆਂ ਅਤੇ ਹੋਰ ਜ਼ਰੂਰਤ ਵਾਲੀਆਂ ਵਸਤਾਂ ਵੰਡ ਦਿੱਤੀਆਂ ਅਤੇ 2 ਅਪ੍ਰੈਲ ਨੂੰ ਦਿੱਲੀ ਲਈ ਰਵਾਨਾ ਹੋ ਗਏ। ਦਿੱਲੀ ਕਈ ਸਿੱਖਾਂ ਦੇ ਘਰਾਂ ਵਿਚ ਚਰਨ ਵੀ ਪਾਏ। ਸੰਤ ਸਾਧਾ ਸਿੰਘ ਹੁਰਾਂ ਦੇ ਘਰ ਡੇਰਾ ਲੱਗਾ। ਅਗਲੇ ਦਿਨ ਭੋਗ ਪਾ ਕੇ ਸ੍ਰੀ ਭੈਣੀ ਸਾਹਿਬ ਲਈ ਰਵਾਨਾ ਹੋਏ। ਸ਼ਾਮੀ 6.10 ਮਿੰਟ ਤੇ ਭੈਣੀ ਸਾਹਿਬ ਪਹੁੰਚੇ। ਆਕੇ ਸ਼ਾਮ ਦੇ ਨਿੱਤਨੇਮ ਵਿਚ ਦਰਸ਼ਨ ਦਿੱਤੇ। ਨਿਤਨੇਮ ਤੋਂ ਬਾਅਦ ਕੋਠੀ ਵਿਚ ਪਰਿਵਾਰ ਨਾਲ ਬੈਠ ਕੇ ਰਾਈਆਂ ਅਤੇ ਤਪ ਅਸਥਾਨ ਅਕਾਲ ਬੁੰਗੇ ਦੀ ਨਵ ਉਸਾਰੀ ਦੀਆਂ ਵਿਉਂਤਾਂ ਬਣਾਉਣ ਲੱਗ ਪਏ। ਅਗਲੇ ਦਿਨ 4 ਅਪ੍ਰੈਲ ਨੂੰ ਵਾਰ ਦੇ ਭੋਗ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦੀ ਕੋਠੀ (ਨੰਬਰ 1) ਅੰਦਰ ਚਾਰੇ ਪਾਸੇ ਝਾੜੂ ਫੇਰਿਆ। ਇੰਗਲੈਂਡ ਤੋਂ ਬੀਬੀ ਡਾ. ਤਜਿੰਦਰ ਕੌਰ ਨਾਲ ਫੋਨ ਤੇ ਗੱਲਬਾਤ ਕੀਤੀ। ਮੈਂ ਆਪਣੇ ਬੇਟੇ ਲਈ ਖੇਡਾਂ ਦਾ ਸਮਾਨ ਲੈਣ ਲਈ ਅਰਜ਼ ਕਰਕੇ ਜਲੰਧਰ ਲਈ ਚਲਾ ਗਿਆ।

ਮਾਤਾ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਨਵੇਂ ਸ਼ੈਸ਼ਨ ਦੀ ਸ਼ੁਰੂਆਤ ਲਈ ਵਰਨੀ ਵਿਚ ਬੱਚਿਆਂ ਅਤੇ ਅਧਿਆਪਕਾਂ ਨੂੰ ਦਰਸ਼ਨ ਦੇਣ ਸਕੂਲ ਚਲੇ ਗਏ। ਵਰਨੀ ਦੇ ਭੋਗ ਤੋਂ ਬਾਅਦ ਕੜਾਹ ਪ੍ਰਸ਼ਾਦ ਛਕਿਆ। ਅਜੇ ਅਕੈਡਮੀ ਦੇ ਗੇਟ ਤੋਂ ਬਾਹਰ ਹੀ ਨਿਕਲੇ ਸਨ ਜਦ ਮਨੁੱਖਤਾ ਦੇ ਦੁਸ਼ਮਣਾਂ ਨੇ ਮਾਤਾ ਜੀ ਨੂੰ ਗੋਲੀਆਂ ਮਾਰ ਕੇ ਸਾਰੇ ਨਾਮਧਾਰੀ ਪੰਥ ਦਾ ਹਿਰਦਾ ਛੱਲਨੀ ਛੱਲਨੀ ਕਰਕੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ। ਮੈਨੂੰ ਮੇਰੇ ਆਖ਼ਰੀ ਸਾਹਾਂ ਤੱਕ ਇਸ ਗੱਲ ਦਾ ਅਫਸੋਸ ਰਹੇਗਾ ਕਾਸ਼ ਮੈਂ ਮਾਤਾ ਜੀ ਦੇ ਨਾਲ ਹੁੰਦਾ। ■

ਕਿੱਥੇ ਤੁਰ ਗਏ ਮਾਤਾ ਜੀ

✍ ਸ. ਗੁਰਮੀਤ ਸਿੰਘ

ਕਿੱਥੇ ਤੁਰ ਗਏ ਮਾਤਾ ਜੀ
ਕਿਹੜਾ ਪਿੰਡ ਕਿਹੜੀ ਥਾਂ
ਨੀਰ ਨੈਣਾਂ ਵਿੱਚੋਂ ਵਗੇ
ਕੀ-ਕੀ ਦੁੱਖ ਦੱਸਾਂ ਮਾਂ

ਭੈਣੀ ਸਾਹਿਬ ਨੂੰ ਕੀ ਹੋਇਆ
ਸੁੰਨ ਚਾਰੇ ਪਾਸੇ ਛਾ ਗਈ
ਸਾਨੂੰ ਪਾ ਗਈ ਏ ਵਿਛੋੜਾ
ਦੁੱਖ ਹੱਡਾਂ ਨੂੰ ਏ ਲਾ ਗਈ
ਕੀਹਦੀ ਬੁੱਕਲ ਚ ਬਹਿਕੇ
ਕਿਵੇਂ ਨਿੱਘ ਲਵਾਂਗਾ
ਨੀਰ ਨੈਣਾਂ ਵਿੱਚੋਂ ਵਗੇ
ਕੀ-ਕੀ ਦੁੱਖ ਦੱਸਾਂ ਮਾਂ

ਮਾੜੇ ਕੰਮਾਂ ਤੋਂ ਤੂੰ ਰੋਕੇ
ਹੁਣ ਕੌਣ ਰੋਕੂਗਾ
ਮੈਨੂੰ ਗਲਤੀ ਤੋਂ ਟੋਕੇ
ਹੁਣ ਕੌਣ ਟੋਕੂਗਾ
ਬੱਚੇ-ਬੱਚੀਆਂ ਨੂੰ ਛੱਡ
ਤੂੰ ਵਿਛੋੜਾ ਗਈ ਏ ਪਾ
ਨੀਰ ਨੈਣਾਂ ਵਿੱਚੋਂ ਵਗੇ
ਕੀ-ਕੀ ਦੁੱਖ ਦੱਸਾਂ ਮਾਂ

ਤੇਰੇ ਨਾਲ ਸੀ ਬਹਾਰਾਂ
ਨਾ ਹੁਣ ਬਹਾਰ ਚੰਗੀ ਲੱਗੇ
ਨਾ ਹੀ ਜਿੱਤ ਚੰਗੀ ਲੱਗੇ
ਨਾ ਹੀ ਹਾਰ ਚੰਗੀ ਲੱਗੇ
ਜੀਹਦੀ ਛਾਂ ਅਸਾਂ ਮਾਣੀ
ਕਿੱਥੇ ਗਈ ਉਹ ਠੰਢੀ ਛਾਂ
ਨੀਰ ਨੈਣਾਂ ਵਿੱਚੋਂ ਵਗੇ
ਕੀ-ਕੀ ਦੁੱਖ ਦੱਸਾਂ ਮਾਂ

ਕਿਤੇ ਵੇਖ ਆਣ ਕੇ ਤੂੰ
ਮਾਏਂ ਬੱਚਿਆਂ ਦਾ ਹਾਲ
"ਮੀਤ"' ਰੁਲਦਾ ਹੀ ਫਿਰੇ
ਤੂੰ ਗਈ ਲਾਡਾ ਨਾਲ ਪਾਲ
ਕਰਾਂ ਰੱਜਕੇ ਦਰਸ਼
ਜੇ ਤੂੰ ਮੁੜ ਜਾਵੇਂ ਆ
ਨੀਰ ਨੈਣਾਂ ਵਿੱਚੋਂ ਵਗੇ
ਕੀ-ਕੀ ਦੁੱਖ ਦੱਸਾਂ ਮਾਂ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਸਾਰੂ ਕਾਰਜ

✍ ਸ. ਗੁਰਜੀਤ ਸਿੰਘ

ਭਗਵਾਨ ਕ੍ਰਿਸ਼ਨ ਜੀ ਦੀ ਕਥਾ ਹੈ ਕਿ ਉਨ੍ਹਾਂ ਨੇ ਇੱਕ ਸੁਦਾਮੇ ਦਾ ਦਲਿੱਦਰ ਕੱਟਕੇ ਉਸਦੀ ਗਰੀਬੀ ਦੂਰ ਕੀਤੀ, ਉਸਨੂੰ ਸੁੰਦਰ ਘਰ ਬਣਾ ਕੇ ਦਿੱਤਾ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਦਾਮੇ ਸ਼ਾਇਦ ਗਿਣੇ ਹੀ ਨਾ ਜਾਣ ਜਿਨ੍ਹਾਂ ਦੇ ਆਪ ਜੀ ਨੇ ਕਰਜ਼ੇ ਲਾਹੇ, ਜ਼ਮੀਨਾਂ ਬਖ਼ਸ਼ੀਆਂ, ਕਾਰੋਬਾਰ ਚਲਾਏ ਅਤੇ ਘਰ ਬਣਾ ਕੇ ਦਿੱਤੇ।

'ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ' ਸਾਕਾਰ ਹੋ ਗਿਆ, ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਇਲਾਕੇ ਵਿੱਚ ਚਰਨ ਪਾਏ, ਆਪਣੇ ਸਿੱਖਾਂ ਨੂੰ ਵਸਾਇਆ, ਨਾਮ-ਬਾਣੀ ਦਾ ਜਾਪ ਕਰਵਾਇਆ। ਉਹਨਾਂ ਹੀ ਮਹਾਨ ਸਤਿਗੁਰੂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ। ਆਪ ਜੀ ਨੇ ਉਸਾਰੂ ਕਾਰਜਾਂ ਵਿੱਚ ਸਭ ਤੋਂ ਪਹਿਲੋਂ ਆਪਣੀ ਕਰਮ-ਭੂਮੀ ਬਣਾਇਆ ਇਲਾਕਾ ਸ੍ਰੀ ਜੀਵਨ ਨਗਰ ਨੂੰ। ਬਾਂਗੜ ਦੇ ਮੁੱਢ ਇਸ ਇਲਾਕੇ ਵਿੱਚ ਅੰਨ ਦਾ ਕਾਲ ਪੈ ਜਾਂਦਾ ਸੀ, ਲੋਕ ਵਣਾਂ ਦੀਆਂ ਪੀਲ੍ਹਾਂ ਅਤੇ ਮਲ੍ਹਿਆਂ ਦੇ ਬੇਰ ਖਾ ਕੇ ਗੁਜ਼ਾਰਾ ਕਰਦੇ ਸਨ। ਔੜ ਕਾਰਨ ਏਥੇ ਕਾਂ ਤੱਕ ਤਿਹਾਏ ਮਰ ਜਾਂਦੇ ਸਨ। ਨਾ ਸੜਕਾਂ , ਨਾ ਫਸਲਾਂ ਅਤੇ ਨਾ ਸੁਖੀ ਵੱਸਦੇ ਲੋਕ, ਨਾ ਹੀ ਚੰਗੇ ਘਰ। ਸ੍ਰੀ ਸਤਿਗੁਰੂ ਜੀ ਨੇ ਐਸੀ ਕਿਰਪਾ ਕੀਤੀ ਸਮੇਂ ਨਾਲ ਵਰਖਾ ਹੋਣ ਲੱਗੀ, ਪਾਣੀ ਉੱਚੇ ਆ ਗਏ, ਟਿਊਬਵੈੱਲ ਲਗ ਗਏ। ਹਰਿਆਵਲ ਅਤੇ ਖ਼ੁਸ਼ਹਾਲੀ ਵਧਣ ਲੱਗੀ ਪਰ ਅਜੇ ਵੀ ਇਲਾਕੇ ਵਿੱਚ ਬਹੁਤ ਜ਼ਮੀਨ ਪੱਧਰੀ ਕਰਕੇ ਤਿਆਰ ਕਰਨ ਲਈ ਮਿਹਨਤ ਮੰਗਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਕੁਝ ਮਹੀਨਿਆਂ ਵਿੱਚ ਮਸਤਾਨਗੜ੍ਹ ਦੀ ੪੦੦ ਏਕੜ ਦਲਦਲ ਜ਼ਮੀਨ ਨੂੰ ਆਬਾਦ ਕਰ ਲਿਆ। ਬਿਨਾਂ ਕਿਸੇ ਖਾਦ ਅਤੇ ਸਪਰੇਅ ਤੋਂ ਪ੍ਰਤੀ ਏਕੜ ੬੬ ਮਣ ਕਣਕ ਪੈਦਾ ਕੀਤੀ। ਇਹ ਇੱਕ ਮਾਡਲ ਫਾਰਮ ਬਣ ਗਿਆ। ਅਣਥੱਕ ਮਿਹਨਤ ਦੀ ਪਰਤੱਖ ਕਰਾਮਤ ਵੇਖ ਕੇ ਸਾਰੇ ਇਲਾਕੇ ਵਿੱਚ ਲੋਕਾਂ ਨੇ ਰਹਿੰਦੀਆਂ ਜ਼ਮੀਨਾਂ ਵੀ ਆਬਾਦ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇਹ ਸ੍ਰੀ ਸਤਿਗੁਰੂ ਜੀ ਦੀ ਦੂਰ ਅੰਦੇਸ਼ੀ ਸੀ ਕਿ ਅੱਜ ਜੋ ਝੋਨੇ ਅਤੇ ਕਣਕ ਦਾ ਦੋ-ਫ਼ਸਲੀ ਚੱਕਰ, ਸਰਕਾਰ ਅਤੇ ਜ਼ਿਮੀਂਦਰਾਂ ਵਾਸਤੇ ਸਮੱਸਿਆ ਬਣਿਆ ਹੋਇਆ ਹੈ। ਮੰਡੀ ਦੀ ਇਸ ਸਮੱਸਿਆ ਦੇ ਹੱਲ ਲਈ ਅਤੇ ਥੋੜ੍ਹੀ ਜ਼ਮੀਨ ਵਿੱਚੋਂ ਬਹੁਤੀ ਆਮਦਨ ਲੈਣ ਲਈ ਆਪ ਜੀ ਨੇ ੧੯੬੨/੬੩ ਵਿੱਚ ਹੀ ਸਫ਼ਲ ਯਤਨ ਆਰੰਭੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸੇ ਸੋਚ ਦੀ ਉਪਜ ਸੀ 'ਨਾਮਧਾਰੀ ਸੀਡਜ਼' ਬੰਗਲੌਰ ਦਾ ਹੋਂਦ ਵਿੱਚ ਆਉਣਾ। ਫੁੱਲਾਂ ਅਤੇ ਸਬਜ਼ੀਆਂ ਦੇ ਬੀਜ ਪੈਦਾ ਕਰਨ ਵਿੱਚ 'ਨਾਮਧਾਰੀ ਸੀਡਜ਼' ਅੱਜ ਵਿਸ਼ਵ ਪ੍ਰਸਿੱਧ ਹੈ।

ਇਸ ਇਲਾਕੇ ਵਿੱਚ ਮਲ੍ਹਿਆਂ ਦੇ ਬੇਰ, ਵਣਾਂ ਦੀਆਂ ਪੀਲ੍ਹਾਂ ਅਤੇ ਚਿੱਬੜ ਹੀ ਸ਼ੇਰ ਮੁੱਖ ਫ਼ਲ ਹੁੰਦੇ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਗ਼ ਲਾਉਣ ਵਾਸਤੇ ਖੇਤੀਬਾੜੀ ਮਹਿਕਮੇਂ ਵਾਲਿਆਂ ਤੋਂ ਮਿੱਟੀ ਟੈਸਟ ਕਰਵਾਈ ਗਈ। ਉਨ੍ਹਾਂ ਰਿਪੋਰਟ ਦਿੱਤੀ ਕੀ ਇਸ ਜ਼ਮੀਨ ਵਿੱਚ ਸਿਟਰੈੱਸ ਫੈਮਿਲੀ ਦੇ ਨਿੰਬੂ, ਸੰਤਰਾ, ਮਾਲਟਾ ਆਦਿ ਨਹੀ

Namdhari Elibrary NamdhariElibrary@gmail.com

ਹੋ ਸਕਦੇ। ਅਸੰਭਵ ਨੂੰ ਸੰਭਵ ਕਰਨਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੰਨ ਭਾਉਂਦਾ ਸ਼ੌਕ ਸੀ। ਆਪ ਨੇ ਪਹਿਲੋਂ ਆਪਣੇ ਖੇਤਾਂ ਵਿੱਚ ਸ੍ਰੀ ਜੀਵਨ ਨਗਰ ਅੰਗੂਰ, ਅਮਰੂਦ, ਕਿੰਨੂ, ਸੰਤਰੇ, ਮਾਲਟੇ ਅਤੇ ਚਕੋਦਰਿਆਂ ਦੇ ਬਾਗ਼ ਲਵਾਏ। ਫਿਰ ਸਾਰੇ ਇਲਾਕੇ ਵਿੱਚ ਸਿੱਖਾਂ ਨੂੰ ਉਚੇਚਾ ਹੁਕਮ ਕਰਕੇ ਅੰਗੂਰਾਂ ਦੇ ਬਾਗ਼ ਲਵਾਏ।

ਇਸ ਇਲਾਕੇ ਦੇ ਵਿਕਾਸ ਵਿੱਚ ਬਹੁਤ ਵੱਡੀ ਰੁਕਾਵਟ ਪੱਕੀਆਂ ਸੜਕਾਂ ਦੀ ਅਣਹੋਂਦ ਸੀ। ਸਰਕਾਰ ਸ਼ਾਇਦ ਵੀਹ-ਪੱਚੀ ਸਾਲ ਬਾਅਦ ਏਧਰ ਧਿਆਨ ਦੇਂਦੀ। ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਸੰਨ ੧੯੬੫-੬੬ ਵਿੱਚ ਸੜਕਾਂ ਬਣਾਉਣ ਦਾ ਕੰਮ ਵੀ ਆਰੰਭ ਕਰ ਦਿੱਤਾ। ਛੇਤੀ ਹੀ ਸਾਰੇ ਇਲਾਕੇ ਵਿੱਚ ਪੱਕੀਆਂ ਸੜਕਾਂ ਦਾ ਜਾਲ ਵਿਛ ਗਿਆ।

ਹੁਣ ਇਲਾਕੇ ਵਿੱਚ ਅਨੇਕਾਂ ਆਧੁਨਿਕ ਸੁਖ ਸਹੂਲਤਾਂ ਵਾਲੇ ਸੁੰਦਰ ਘਰ ਵੇਖੇ ਜਾ ਸਕਦੇ ਹਨ। ਸ੍ਰੀ ਸਤਿਗੁਰੂ ਜੀ ਨੇ ਕੇਵਲ ਪ੍ਰੇਰਣਾ ਹੀ ਨਹੀਂ ਦਿੱਤੀ ਸਗੋਂ ਅਨੇਕਾਂ ਗਰੀਬ ਸਿੱਖਾਂ ਨੂੰ ਪੱਕੇ ਵਧੀਆ ਘਰ ਬਣਾ ਕੇ ਦਿੱਤੇ। ਭਗਵਾਨ ਕ੍ਰਿਸ਼ਨ ਜੀ ਦੀ ਕਥਾ ਹੈ ਕਿ ਉਨ੍ਹਾਂ ਨੇ ਇੱਕ ਸੁਦਾਮੇ ਦਾ ਦਲਿੱਦਰ ਕੱਟਕੇ ਉਸਦੀ ਗਰੀਬੀ ਦੂਰ ਕੀਤੀ, ਉਸਨੂੰ ਸੁੰਦਰ ਘਰ ਬਣਾ ਕੇ ਦਿੱਤਾ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਦਾਮੇ ਸ਼ਾਇਦ ਗਿਣੇ ਹੀ ਨਾ ਜਾਣ ਜਿਨ੍ਹਾਂ ਦੇ ਆਪ ਜੀ ਨੇ ਕਰਜ਼ੇ ਲਾਹੇ, ਜ਼ਮੀਨਾਂ ਬਖ਼ਸ਼ੀਆਂ, ਕਾਰੋਬਾਰ ਚਲਾਏ ਅਤੇ ਘਰ ਬਣਾ ਕੇ ਦਿੱਤੇ। ਲੋਕਾਂ ਨੂੰ ਆਪਣੀ ਜਿਨਸ ਵੇਚਣ ਲਈ ਦੂਰ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਸਮਰੱਥ ਸਿੱਖਾਂ ਨੂੰ ਹੁਕਮ ਕਰਕੇ ਇਲਾਕੇ ਵਿੱਚ ਕਪਾਹ ਮਿੱਲ ਅਤੇ ਰਾਈਸ ਮਿੱਲਾਂ ਲਵਾਈਆਂ। ਦਾਣਾ ਮੰਡੀ ਅਤੇ ਜਨਰਲ ਮਾਰਕੀਟ ਦਾ ਨਿਰਮਾਣ ਕਰਵਾਇਆ। ਇੱਟਾਂ ਦੇ ਭੱਠੇ ਲਵਾਏ।

ਇਹ ਇਲਾਕਾ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਦਿਆਂ ਵਿਕਾਸ ਦੇ ਮਾਰਗ 'ਤੇ ਅੱਗੇ ਵਧ ਰਿਹਾ ਸੀ। ਪਰ ਅਜੇ ਇਲਾਕੇ ਵਿੱਚ ਆਧੁਨਿਕ ਸੁਖ ਸਹੂਲਤਾਂ ਵਾਲੇ ਘਰਾਂ ਦੀ ਘਾਟ ਸੀ। ਸ੍ਰੀ ਸਤਿਗੁਰੂ ਜੀ ਨੇ ੧੯੭੦-੭੧ ਵਿੱਚ ਮਸਤਾਨਗੜ੍ਹ ਵਿਖੇ ਕਰੀਬ ਚਾਰ ਏਕੜ ਚਾਰ ਦੀਵਾਰੀ ਵਿੱਚ ਵਧੀਆ ਲੈਂਡ ਸਕੇਪਿੰਗ ਕਰਵਾਈ, ਛੋਟੀਆਂ-ਛੋਟੀਆਂ ਪਹਾੜੀਆਂ, ਫੁਹਾਰੇ, ਝੀਲ, ਤਰ੍ਹਾਂ-ਤਰ੍ਹਾਂ ਦੇ ਰੁੱਖ, ਫੁੱਲ ਹਰੇ ਘਾਹ ਦੇ ਪਾਰਕ ਅਤੇ ਵਿਚਾਲੇ ਸੁੰਦਰ ਕੋਠੀ ਤਿਆਰ ਕਰਵਾਈ। ਇਹ ਇੱਕ ਆਧੁਨਿਕ ਸੁਖ ਸਹੂਲਤਾਂ ਵਾਲਾ ਨਮੂਨੇ ਦਾ ਘਰ ਤਿਆਰ ਹੋ ਗਿਆ।

ਸ੍ਰੀ ਸਤਿਗੁਰੂ ਜੀ ਦੀ ਨਿੱਜੀ ਪਹੁੰਚ ਅਤੇ ਅਣਥੱਕ ਮਿਹਨਤ ਸਦਕਾ ਕੁਝ ਵਰ੍ਹਿਆਂ ਵਿੱਚ ਹੀ ਪਛੜਿਆ ਇਲਾਕਾ ਸਾਰੇ ਹਰਿਆਣੇ ਚੋਂ ਵੱਧ ਉਪਜ ਦੇਣ ਵਾਲਾ ਵਿਕਾਸਸ਼ੀਲ ਅਤੇ ਖੁਸ਼ਹਾਲ ਇਲਾਕਾ ਬਣ ਗਿਆ। ਪਰ ਅਜੇ ਇਸ ਇਲਾਕੇ ਵਿੱਚ ਪਹਾੜ ਵਾਲੇ ਪਾਸੇ ਕੁਝ ਬਰਾਨੀ ਜ਼ਮੀਨ ਰੇਤ ਦੇ ਟਿੱਬੇ ਸ੍ਰੀ ਸਤਿਗੁਰੂ ਜੀ ਦੀ ਚਰਨ ਛੋਹ ਤੋਂ ਵਾਂਝੇ ਸਨ। ਏਥੇ ਨਹਿਰੀ ਪਾਣੀ ਨਹੀਂ ਸੀ ਲਗਦਾ ਅਤੇ ਨਾ ਹੀ ਇਨ੍ਹਾਂ ਟਿੱਬਿਆਂ 'ਤੇ ਬੋਰ ਦਾ ਪਾਣੀ ਪਹੁੰਚ ਸਕਦਾ ਸੀ। ਸਰਕਾਰ ਦੇ ਖੇਤੀ ਵਿਭਾਗ ਨੇ ਸਿਫ਼ਾਰਿਸ਼ ਕੀਤੀ ਕਿ ਏਥੇ ਕਿੱਕਰ ਲਗਵਾਓ। ਏਥੇ ਹੋਰ ਕੁਝ ਨਹੀਂ ਹੋ ਸਕਦਾ। ਇਸ ਜ਼ਮੀਨ ਨੂੰ ਕੰਡਿਆਂ ਤੋਂ ਬਚਾਉਣ ਦੀ ਅਰਦਾਸ ਗੁਰੂ ਚਰਨਾਂ ਵਿੱਚ ਸੁਣੀ ਗਈ। ਏਥੇ ਹੀ ਇੱਕ ਟਿੱਬੇ ਵਾਲਾ ਖੂਹ ਹੈ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਵਾਇਆ ਸੀ ਅਤੇ ਏਥੇ ਸਲਾਨਾ ਨਾਮ ਸਿਮਰਨ ਜਪ-ਪ੍ਰਯੋਗ ਕੀਤਾ ਸੀ। ਏਥੇ ਸਵਾ ਸੌ ਏਕੜ ਜ਼ਮੀਨ ਗੁਰੂ ਕੇ ਲੰਗਰ ਦੀ ਹੈ। ਸ੍ਰੀ ਸਤਿਗੁਰੂ ਜੀ ਨੇ ਇਲਾਕੇ ਵਿੱਚੋਂ ਕਰੀਬ ੨੫੦ ਟਰੈਕਟਰ ਇਕੱਠੇ ਕਰਕੇ ਦੋ ਦਿਨਾਂ ਵਿੱਚ ਹੀ ਸਾਰੇ ਪ੍ਰਬੰਧ ਕਰਕੇ ਇਸ ਜ਼ਮੀਨ ਵਿੱਚ ,ਕਿੰਨੂ, ਅੰਗੂਰ, ਅਮਰੂਦ, ਅਨਾਰ ਅਤੇ ੧੫-੧੮ ਕਿਸਮ ਦੇ ਬੇਰਾਂ ਦੇ ਬਾਗ਼ ਲਗਵਾ ਦਿੱਤੇ। ਇਹ ਕ੍ਰਿਸ਼ਮਾ ਵੇਖ ਕੇ ਆਸੇ ਪਾਸੇ ਸਭ ਜ਼ਿਮੀਂਦਾਰਾਂ ਨੇ ਜ਼ਮੀਨਾਂ ਪੱਧਰੀਆਂ ਕਰ ਲਈਆਂ। ਕਿਸੇ ਨੇ ਕਿੱਕਰਾਂ ਨਹੀਂ ਲਾਈਆਂ। ਇਹ ਜ਼ਮੀਨ ਜੋ ੧੫-੨੦ ਹਜ਼ਾਰ ਪ੍ਰਤੀ ਏਕੜ ਤੋਂ ਨਹੀਂ ਸੀ ਕੋਈ ਖਰੀਦਦਾ, ਦੋ ਲੱਖ ਪ੍ਰਤੀ ਏਕੜ ਹੋ ਗਈ। ਹੁਣ ਏਥੇ ਕੋਈ ਟਿੱਬਾ ਨਹੀਂ ਦਿੱਸਦਾ, ਕੇਵਲ ਨਿਸ਼ਾਨੀ ਦੇ ਤੌਰ ਤੇ ਦੋਂ ਟਿੱਬੇ ਸਾਂਭ ਰੱਖੇ ਹਨ- ਇੱਕ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਸਿਮਰਨ ਜਪ-ਪ੍ਰਯੋਗ ਕੀਤਾ ਸੀ ਅਤੇ ਦੂਸਰਾ ੬੬ ਫੁੱਟ ਉੱਚਾ ਟਿੱਬਾ ਜਿੱਥੇ ਗਰਮੀਆਂ ਵਿੱਚ ਰਾਤ ਨੂੰ ਸ੍ਰੀ ਸਤਿਗੁਰੂ ਜੀ ਬੈਠ ਕੇ ਨਾਮ-ਸਿਮਰਨ ਕਰਦੇ ਸਨ। ਇਨ੍ਹਾਂ ਟਿੱਬਿਆਂ 'ਤੇ ਵੀ ਘਾਹ ਲਾਇਆ ਹੋਇਆ ਹੈ। ਅੱਜਕੱਲ੍ਹ ਇਨ੍ਹਾਂ ਹਰੇ ਭਰੇ ਟਿੱਬਿਆਂ ਦੇ ਦੁਆਲੇ ਫੁੱਲਾਂ ਦੀ ਖੇਤੀ ਹੁੰਦੀ ਹੈ। ਇਹ ਜ਼ਮੀਨ ਜਿੱਥੇ ਰਾਹੀਆਂ ਦੇ ਪੈਰਾਂ 'ਚ ਸੂਲਾਂ ਚੁਭਿਆ ਕਰਦੀਆਂ ਸਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ -ਛੋਹ ਪਾ ਕੇ ਰੰਗ ਬਿਰੰਗੇ ਫੁੱਲਾਂ ਨਾਲ ਸਜੀ ਸੁੰਦਰ ਸੈਰਗਾਹ ਬਣ ਗਈ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਜੀ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਨਕਸ਼ੇ ਕਦਮਾਂ ਤੇ ਚਲਦਿਆਂ ਕੇਵਲ ਜ਼ਮੀਨ ਨੂੰ ਹੀ ਨਹੀਂ ਬਣਾਇਆ-ਸੰਵਾਰਿਆ ਆਪਣੇ ਸਿੱਖਾਂ-ਸੇਵਕਾਂ ਦੀਆਂ ਸੁੱਖ-ਸੁਵਿਧਾਵਾਂ ਵੱਲ ਵੀ ਉਚੇਚਾ ਧਿਆਨ ਦਿੱਤਾ। ਉਹਨਾਂ ਦੀਆਂ ਸਭ ਦੁੱਖ ਤਕਲੀਫਾਂ ਦੂਰ ਕੀਤੀਆਂ। ਤਾਂ ਹੀ ਕਿਹਾ ਜਾਂਦਾ ਹੈ ਧੰਨ ਸਤਿਗੁਰੂ ਤੇ ਧੰਨ ਸਤਿਗੁਰੂ ਕੇ ਸਿੱਖ। ■

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਆਜ਼ਾਦੀ ਦੇ 70 ਵਰ੍ਹੇ



✍ ਸ੍ਰੀ ਦੇਵਿੰਦਰ ਸਿੰਘ ਗਿਲ, ਜੀਆ ਨੱਥਾ

ਸੁਤੰਤਰਤਾ ਸੰਗ੍ਰਾਮ ਦੀ ਲੰਮੀ ਜੱਦੋ ਜਹਿਦ ਤੋਂ ਬਾਅਦ 1947 ਈ. ਵਿਚ ਹਿੰਦੁਸਤਾਨ ਅੰਗਰੇਜ਼ ਹਕੂਮਤ ਤੋਂ ਆਜ਼ਾਦ ਹੋਇਆ ਸੀ। ਅੱਜ ਉਸ ਪ੍ਰਾਪਤੀ ਦੇ ਸੱਤਰ ਵਰ੍ਹੇ ਪੂਰੇ ਹੋ ਗਏ ਹਨ। ਉਸ ਸਮੇਂ ਦੌਰਾਨ ਨਾਮਧਾਰੀ ਪੰਥ ਦੀਆਂ ਕੀ ਪ੍ਰਾਪਤੀਆਂ ਹਨ ਅਤੇ ਸਮੇਂ ਦੇ ਹਾਣ ਪ੍ਰਵਾਣ ਹੋਣ ਲਈ ਕਿਹੜੀਆਂ ਮੁਸ਼ਕਲਾਂ ਦਾ ਇਹਨਾਂ 70 ਵਰ੍ਹਿਆਂ ਵਿਚ ਸਾਹਮਣਾ ਕਰਨਾ ਪਿਆ ਅਤੇ ਉਹ ਮੁਸ਼ਕਲਾਂ ਕਿਵੇਂ ਹੱਲ ਹੋਈਆਂ ? ਉਹਨਾਂ ਬਾਰੇ ਚਰਚਾ ਕਰਨੀ ਅੱਜ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ। ਉਹ ਸੱਤਰ ਵਰ੍ਹੇ ਕਿਵੇਂ ਬਤੀਤ ਹੋਏ? ਉਹਨਾਂ ਵਿਚ ਨਾਮਧਾਰੀ ਸੰਗਤ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ, ਉਹਨਾਂ ਦਾ ਦੁਖਦਾਈ ਵਿਛੋੜਾ, ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਆਈ ਕਾਲ ਅਤੇ ਜੋਤੀ ਜੋਤ ਸਮਾਉਣਾ ਅਤੇ ਹੁਣ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਰਹਿਨੁਮਾਈ ਅਤੇ ਛੱਤਰ ਛਾਇਆ ਹੇਠ ਗੁਰਸਿੱਖੀ ਕਮਾਈ ਹੈ।

ਸ੍ਰੀ ਜੀਵਨ ਨਗਰ ਦੇ ਇਲਾਕੇ ਨੂੰ ਵਸਾਉਣਾ-

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਦੇ ਅੰਤਿਮ ਕੁਝ ਵਰ੍ਹੇ ਇਸ ਜਦੋ ਜਹਿਦ ਵਿਚ ਹੀ ਬਤੀਤ ਹੋਏ ਸਨ ਕਿ ਪਾਕਿਸਤਾਨ ਦੇ ਇਲਾਕੇ ਵਿਚੋਂ ਆਈ ਸੰਗਤ ਨੂੰ ਮੁੜ ਵਸੇਵਾ ਕਿਵੇਂ ਕੀਤਾ ਜਾਵੇ ? 1947 ਈ. ਵਿਚ ਪੰਜਾਬੀਆਂ ਨੂੰ ਆਜ਼ਾਦੀ ਨਹੀਂ ਬਰਬਾਦੀ ਮਿਲੀ ਸੀ। ਪੱਛਮੀ ਪੰਜਾਬ ਵਿਚ ਹੱਡ ਭੰਨਵੀਂ ਕਮਾਈ ਕਰਕੇ ਪੰਜਾਬੀਆਂ ਨੇ ਬਾਗ ਦਾ ਇਲਾਕਾ ਆਬਾਦ ਕੀਤਾ ਸੀ, ਜ਼ਿਲਾ ਸਿਆਲਕੋਟ ਦਾ ਇਲਾਕਾ ਨਾਮਧਾਰੀ ਸੰਗਤ ਦਾ ਗੜ੍ਹ ਸੀ ਜਿਥੇ ਸਤਿਗੁਰੂ ਰਾਮ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਸੀ ਅਤੇ ਸਿੱਖੀ ਵਧੀ ਫੁਲੀ ਸੀ। ਪੰਜਾਬੀ ਭਾਵੇਂ ਪੱਛਮੀ ਸਰਹੱਦੀ ਇਲਾਕਿਆਂ ਵਿਚ ਹੋ ਰਹੇ ਫਿਰਕੂ ਫਸਾਦਾਂ ਦੀਆਂ ਖਬਰਾਂ ਸੁਣਦੇ ਰਹਿੰਦੇ ਸਨ ਪ੍ਰੰਤੂ ਉਹ ਘੁੱਗ ਵਸਦੇ ਇਲਾਕਿਆਂ ਨੂੰ ਛੱਡਣਾ ਨਹੀਂ ਸਨ ਚਾਹੁੰਦੇ। ਜਿਉਂ ਜਿਉਂ 1947 ਦਾ ਸਾਲ ਨੇੜੇ ਆ ਰਿਹਾ ਸੀ ਤਿਉਂ ਤਿਉਂ ਫਿਰਕੂ ਫਸਾਦ ਵੱਧ ਰਹੇ ਸਨ। ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਰ ਵਾਰ ਪਛਮੀ ਪੰਜਾਬ ਵਿਚ ਵਸ ਰਹੀ ਨਾਮਧਾਰੀ ਸੰਗਤ ਨੂੰ ਤਾਕੀਦ ਕਰ ਰਹੇ ਸਨ ਕਿ ਰਾਵੀ ਦਰਿਆ ਤੋਂ ਪਾਰ ਪੂਰਬੀ ਪੰਜਾਬ ਵਿਚ ਆ ਜਾਵੋ ਅਤੇ ਦਰਿਆ ਬਿਆਸ ਤੋਂ ਪਾਰ ਸੁਰੱਖਿਅਤ ਰਹੋਗੇ। ਸੰਤ ਤਰਨ ਸਿੰਘ ਵਹਿਮੀ ਜੀ ਆਪਣੀ ਪੁਸਤਕ 'ਜਸ ਜੀਵਨ' ਚੌਥਾ ਹਿੱਸਾ ਵਿਚ ਉਸ ਸਮੇਂ ਦੇ ਹਾਲਾਤਾਂ ਬਾਰੇ ਇਸ ਪ੍ਰਕਾਰ ਲਿਖਦੇ ਹਨ-

"ਖਿਲਿਆਂ ਨੇ ਮੁਸਲਮਾਨਾਂ ਨੂੰ ਭੁਤਰਾ ਰਾਵਲਪਿੰਡੀ, ਹਜ਼ਾਰੇ ਵੱਲ ਹਿੰਦੂਆਂ ਨੂੰ ਲੁਟਾਇਆ, ਮਰਵਾਇਆ, ਹੋਲੇ ਦੇ ਦਿਨਾਂ ਵਿਚ ਬੜੀ ਗੜਬੜ ਮਚੀ। ਰਾਤ ਮੁਸਲਮਾਨਾਂ ਅੰਮ੍ਰਿਤਸਰ ਵਿਚ ਵੀ ਅੱਗ ਲਗਾਈ। ਪਰ ਸਵੇਰੇ ਸਿੰਘਾਂ ਉਹ ਬਦਲਾ ਲੈ ਲਿਆ। ਬੜੀ ਬੇਰਹਿਮੀ ਸ਼ੁਰੂ ਹੋਈ। ਮੁਸਲਮਾਨ ਲੀਗ ਹੀ ਹਰ ਸ਼ਹਿਰ ਉਪਾਧੀ ਦੇ ਮੋਹਰੀ ਹੁੰਦੇ। ਸਤਿਗੁਰੂ ਜੀ 24 ਫੱਗਣ ਹੋਲੇ ਦੇ ਦਿਵਾਨ ਸ਼ਾਮ ਦੇ

Namdhari Elibrary NamdhariElibrary@gmail.com

ਵਿਚ ਸੁਣਾਇਆ ਕੋਈ ਕੂਕਾ ਜਾਂ ਹੋਰ ਇਹ ਨਾਂ ਕਹੇ ਕਿ ਕਿਸੇ ਨੂੰ ਪਤਾ ਨਹੀਂ ਦਿੱਤਾ, ਜੇ ਭਲਾ ਚਾਹੁੰਦੇ ਹੋ ਅਵਲ ਤਾਂ ਬਿਆਸ ਪਾਰ ਹੋ ਜਾਵੇ, ਨਹੀਂ ਤਾਂ ਰਾਵੀਓਂ ਜ਼ਰੂਰ ਪਾਰ ਹੋ ਜਾਵੇ, ਜਿਸ ਬਚਣਾ ਹੈ। ਜੋ ਥੋੜਾ ਵੀ ਉਦਮ ਕਰੇ ਉਹ ਬਾਲ ਬੱਚਾ ਤੇ ਮਾਲ ਰਾਸ ਤਾਂ ਜ਼ਰੂਰ ਹੀ ਸਾਂਭ ਲਾਹੌਰ ਦੇ ਕਿਲ੍ਹੇ ਤੋਂ ਪਾਰ ਕਰ ਜਾਵੇ। ਇਹ ਵੀ ਬਚਨ ਕੀਤਾ ਕਿ ਕੂਕਿਓਂ ਤੁਸਾਂ ਕਿਸੇ ਨੂੰ ਨਾ ਮਾਰਨਾ, ਨਾ ਕਿਸੇ ਦੀ ਕੋਈ ਚੀਜ਼ ਚੁਰਾਉਣੀ, ਖੋਹਣੀ। ਤੁਹਾਡਾ ਵੀ ਬੁਰਾ ਸਮਝਦਾਰ ਘੱਟ ਕਰੇਗਾ।"

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ ਵਿਚ ਆਖਰੀ ਹੋਲਾ ਸੰਮਤ 2003 (ਮਾਰਚ 1947 ਈ.) ਨੂੰ ਸ਼ੇਖੂਪੁਰਾ ਬੇਦਾਦ (ਕਾਮੋਕੇ ਜ਼ਿਲਾ ਗੁਜਰਾਂਵਾਲਾ ਦੇ ਪਾਸ) ਮਨਾਇਆ ਸੀ। ਉਹਨਾਂ ਨੇ ਸੰਗਤ ਨੂੰ ਤਾਕੀਦ ਕੀਤੀ ਸੀ ਕਿ ਅਵਲ ਤਾਂ ਬਿਆਸ ਦਰਿਆ ਨਹੀਂ ਤਾਂ ਰਾਵੀ ਤੋਂ ਪਾਰ ਅਵਸ਼ ਆ ਜਾਵੋ। ਉਹਨਾਂ ਨੇ ਵਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਪਛਮੀ ਪੰਜਾਬ ਵਿਚ ਨਾਮਧਾਰੀ ਸਿੱਖਾਂ ਕੋਲ ਥਾਂ ਥਾਂ ਭੇਜਿਆ ਸੀ ਅਤੇ ਉਹਨਾਂ ਨੇ ਤਾਕੀਦ ਕੀਤੀ ਕਿ ਸਾਧ ਸੰਗਤ ਜੀ ਆਪਣਾ ਆਪ ਬਚਾਉਣ ਲਈ ਪੂਰਬੀ ਪੰਜਾਬ ਵਿਚ ਆ ਜਾਵੋ। ਜਿਹਨਾਂ ਨੇ ਸਤਿਗੁਰੂ ਜੀ ਦਾ ਬਚਨ ਮੰਨਿਆ ਅਤੇ ਬਿਆਸ ਦਰਿਆ ਤੋਂ ਪਾਰ ਆ ਗਏ, ਉਹ ਸੁਖੀ ਰਹੇ। ਜਿਹਨਾਂ ਨੇ ਬਚਨ ਨਹੀਂ ਮੰਨਿਆ ਅਤੇ 15 ਅਗਸਤ 1947 ਈ. ਤੋਂ ਬਾਅਦ ਪੂਰਬੀ ਪੰਜਾਬ ਵੱਲ ਆਏ, ਉਹਨਾਂ ਨੂੰ ਮੁਸਲਮਾਨ ਲੀਗੀਆਂ ਨੇ ਲੁਟਿਆ, ਮਾਰਿਆ ਤੇ ਨੁਕਸਾਨ ਕਰਵਾ ਕੇ ਉਹ ਪਹਿਲਾਂ ਅੰਮ੍ਰਿਤਸਰ ਅਤੇ ਫਿਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਜੀਵਨ ਨਗਰ ਦੇ ਇਲਾਕੇ ਵਲ ਤੁਰ ਗਏ ਸਨ। ਜਿਨ੍ਹਾਂ ਸਿੱਖਾਂ ਨੇ ਸਤਿਗੁਰੂ ਜੀ ਦਾ ਹੁਕਮ ਨਹੀਂ ਮੰਨਿਆ ਸੀ ਉਹਨਾਂ ਨੂੰ ਵੀ ਸਤਿਗੁਰੂ ਜੀ ਨੇ ਆਪਣੇ ਚਰਨੀਂ ਲਗਾਇਆ ਅਤੇ ਮੁੜ ਵਸਣ ਲਈ ਹਰ ਸਹੂਲਤ ਦਿਤੀ।

ਸੰਗਤ ਦੇ ਭਲੇ ਲਈ ਜ਼ਮੀਨ ਖਰੀਦਣੀ

ਸਤਿਗੁਰੂ ਪ੍ਰਤਾਪ ਸਿੰਘ ਜੀ ਭਲੀਭਾਂਤ ਜਾਣਦੇ ਸਨ ਕਿ ਦੇਸ਼ ਦੇ ਬਟਵਾਰੇ ਤੋਂ ਬਾਅਦ ਫਸਾਦ ਹੋਣਗੇ ਅਤੇ ਪੱਛਮੀ ਪੰਜਾਬ ਤੋਂ ਆਈ ਸੰਗਤ ਦਾ ਵਸੇਵਾ ਕਰਨਾ ਇਕ ਬਹੁਤ ਵੱਡੀ ਸਮੱਸਿਆ ਹੋਵੇਗੀ। ਇਸ ਲਈ ਉਹਨਾਂ ਨੇ ਵਰਤਮਾਨ ਹਰਿਆਣਾ ਪ੍ਰਾਂਤ (ਇਲਾਕਾ ਸ੍ਰੀ ਜੀਵਨ ਨਗਰ) ਵਿਚ ਸਾਢੇ ਤਿੰਨ ਪਿੰਡਾਂ ਦੀ ਜ਼ਮੀਨ ਖਰੀਦੀ ਜਿਸਦਾ ਰਕਬਾ 12430 ਏਕੜ ਜ਼ਮੀਨ ਸੀ ਜਿਸ ਦੇ ਨਾਮ ਕ੍ਰਮਵਾਰ ਪਿੰਡ ਚੁਚਾਲ ਕੋਠੀ, ਜਗਮਲੇਰਾ, ਕੰਜ਼ਰਵਾਲ ਅਤੇ ਅੱਧਾ ਅਲੀਪੁਰ ਸ਼ਾਮਲ ਸਨ। ਉਹਨਾਂ ਦੇ ਨਾਮ ਬਾਅਦ ਵਿਚ ਸ੍ਰੀ ਜੀਵਨ ਨਗਰ, ਸੰਤ ਨਗਰ, ਹਰੀਪੁਰਾ ਅਤੇ ਦਮਦਮਾ ਹੋਏ।

ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਦੇ ਸੰਗਰਾਮ ਨੂੰ ਸ਼ੁਰੂ ਕਰਨ ਵਾਲੇ ਨਾਮਧਾਰੀ ਹੀ ਸਨ ਅਤੇ ਉਹਨਾਂ ਨੇ ਆਜ਼ਾਦੀ ਸੰਗ੍ਰਾਮ ਲਈ ਉਠੀ ਹਰ ਲਹਿਰ ਵਿਚ ਅਗੇ ਹੋ ਕੇ ਯੋਗਦਾਨ ਪਾਇਆ ਸੀ ਪ੍ਰੰਤੂ ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਦੇਸੀ ਹਾਕਮਾਂ ਦੇ ਮਨ ਬਦਲ ਗਏ।

ਚਚਾਲ ਕੋਠੀ ਵਾਲੀ ਜਗ੍ਹਾ 1880 ਈ. ਵਿਚ ਇਕ ਅੰਗਰੇਜ਼ ਸਕਿੰਨਰ ਨੇ ਖਰੀਦ ਕੇ ਉਥੇ ਆਪਣੀ ਰਿਹਾਇਸ਼ ਲਈ ਕੋਠੀ ਬਣਾਈ ਸੀ। ਸਤਿਗੁਰੂ ਜੀ ਨੇ ਚੂਰੂ ਦੇ ਸੇਠਾਂ ਤੋਂ ਚੁਚਾਲ ਕੋਠੀ ਦਾ ਇਲਾਕਾ ਖਰੀਦ ਕੇ ਉਥੇ ਆਪਣੇ ਵਸੇਵੇ ਅਤੇ ਰਿਹਾਇਸ਼ ਤੇ ਸੰਗਤ ਨੂੰ ਆਸਰਾ ਦੇਣ ਲਈ ਕੋਠੀ ਦੀ ਤਾਮੀਰ ਕਰਵਾਈ ਸੀ। ਉਸ ਇਲਾਕੇ ਦਾ ਨਾਮ ਸਤਿਗੁਰੂ ਜੀ ਨੇ ਆਪਣੀ ਪੂਜਨੀਕ ਮਾਤਾ ਜੀਵਨ ਕੌਰ ਜੀ ਦੇ ਨਾਮ ਤੇ ਸ੍ਰੀ ਜੀਵਨ ਨਗਰ ਰਖਿਆ ਸੀ। ਜਿੱਥੇ ਅੱਜਕਲ ਗੁਰਦੁਆਰਾ ਸ੍ਰੀ ਜੀਵਨ ਨਗਰ ਹੈ। ਉਸ ਸਾਰੀ ਜ਼ਮੀਨ ਦੀ ਖਰੀਦ ਕਰਨ ਵਿਚ ਸੰਤ ਚੰਨਣ ਸਿੰਘ ਥਰਾਜ ਵਾਲਿਆਂ ਦਾ ਖਾਸ ਯੋਗਦਾਨ ਸੀ। ਸਤਿਗੁਰੂ ਜੀ ਨੇ ਹਰ ਗੁਰਸਿੱਖ ਨੂੰ ਪ੍ਰਤੀ ਮੁਰੱਬਾ 5000 ਰੁਪਏ ਕੀਮਤ ਅਤੇ 500 ਰੁਪਏ ਰਜਿਸਟਰੀ ਕਰਾਉਣ ਦੇ ਖਰਚ ਵਜੋਂ ਰਕਮ ਜਮ੍ਹਾਂ ਕਰਵਾਉਣ ਲਈ ਆਖ ਦਿੱਤਾ ਸੀ। ਸਾਰੀ ਜ਼ਮੀਨ ਦੀ ਕੁਲ ਰਕਮ ਚੌਵੀ ਲੱਖ ਬਣਦੀ ਸੀ ਜੋ ਕਿ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਸਿਖਾਂ ਨੇ ਚਾਰ ਕੁ ਮਹੀਨਿਆਂ ਵਿਚ ਇਕਠੀ ਕਰਕੇ ਸਤਿਗੁਰੂ ਜੀ ਕੋਲ ਪਹੁੰਚਾ ਦਿੱਤੀ ਸੀ। ਅਗੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਉਹ ਸਾਰੀ ਰਕਮ ਵਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਮਾਸਟਰ ਬਲਵੰਤ ਸਿੰਘ ਕੋਲ ਸੰਭਾਲੀ ਗਈ। ਅਖੀਰ ਕਾਫੀ ਭੱਜ ਨੱਠ ਤੋਂ ਬਾਅਦ 24 ਜਨਵਰੀ 1947 ਈ. ਨੂੰ ਸਤਿਗੁਰੂ ਜੀ ਨੇ ਪ੍ਰਬੰਧਕਾਂ ਨੂੰ ਭੇਜਕੇ ਜ਼ਮੀਨ ਦੀ ਰਜਿਸਟਰੀ

Namdhari Elibrary NamdhariElibrary@gmail.com

ਕਰਵਾ ਲਈ ਅਤੇ 25 ਜਨਵਰੀ ਨੂੰ ਪਿੰਡਾਂ ਵਿਚ ਜਾ ਕੇ ਜ਼ਮੀਨ ਦਾ ਕਬਜ਼ਾ ਲੈ ਲਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਨਵੇਂ ਇਲਾਕੇ ਵਿਚ ਪ੍ਰਵੇਸ਼ ਕਰਨ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੇ ਭੋਗ ਪਾਏ ਅਤੇ ਵਡਾ ਮੇਲਾ ਕੀਤਾ ਸੀ। ਜਿਸ ਵਿਚ ਉਸ ਸਮੇਂ ਦੇ ਰਾਧਾ ਸੁਆਮੀ ਮੱਤ ਦੇ ਮੁਖੀ ਮਹਾਰਾਜ ਸਾਵਣ ਸਿੰਘ ਅਤੇ ਮਹਾਰਾਜ ਚਰਨ ਸਿੰਘ ਡੇਰਾ ਬਿਆਸ ਵਾਲੇ ਮਹਾਂਪੁਰਸ਼ ਮੇਲੇ ਵਿਚ ਸ਼ਾਮਲ ਹੋਏ ਸਨ। ਸਤਿਗੁਰੂ ਜੀ ਦੇ ਹੁਕਮ ਨਾਲ ਜ਼ਮੀਨ ਵਿਚੋਂ ਮੁਜ਼ਾਰਿਆਂ ਤੋਂ ਬਟਾਈ ਆਦਿ ਲੈਣ ਲਈ ਘਸੀਟਾ ਸਿੰਘ ਮਦਾਰ, ਸੰਤ ਤਰਨ ਸਿੰਘ ਵਹਿਮੀ ਅਤੇ ਕੰਧਾਰ ਸਿੰਘ ਵਰਨਾਂ ਵਾਲੇ ਨੂੰ ਜਥੇਦਾਰ ਨਿਯੁਕਤ ਕਰ ਦਿੱਤਾ ਸੀ।

ਸਰਕਾਰੀ ਹਾਕਮ ਨਾਮਧਾਰੀ ਪੰਥ ਦੇ ਵਿਰੋਧੀ

ਦੇਸ਼ ਨੂੰ ਆਜ਼ਾਦੀ ਤਾਂ ਕੀ ਮਿਲੀ, ਪੰਜਾਬ ਦਾ ਬਟਵਾਰਾ ਹੋਣ ਨਾਲ ਪੰਜਾਬੀਆਂ ਦੇ ਮਨ ਬਦਲ ਗਏ। ਸਕੇ ਭਰਾਵਾਂ ਵਾਂਗ ਰਹਿਣ ਵਾਲੇ ਪੰਜਾਬੀ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ। ਇਥੇ ਹੀ ਬਸ ਨਹੀਂ ਸਮਾਂ ਬਦਲਣ ਦੇ ਨਾਲ ਦੇਸ਼ ਦੇ ਰਾਜਨੀਤਕ ਆਗੂਆਂ ਦੇ ਮਨ ਵੀ ਬਦਲ ਗਏ ਸਨ। ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਦੇ ਸੰਗਰਾਮ ਨੂੰ ਸ਼ੁਰੂ ਕਰਨ ਵਾਲੇ ਨਾਮਧਾਰੀ ਸਿੱਖ ਹੀ ਸਨ ਅਤੇ ਉਹਨਾਂ ਨੇ ਆਜ਼ਾਦੀ ਸੰਗ੍ਰਾਮ ਲਈ ਉਠੀ ਹਰ ਲਹਿਰ ਵਿਚ ਅਗੇ ਹੋ ਕੇ ਯੋਗਦਾਨ ਪਾਇਆ ਸੀ ਪ੍ਰੰਤੂ ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਦੇਸੀ ਹਾਕਮਾਂ ਦੇ ਮਨ ਬਦਲ ਗਏ।

ਇਸ ਜਗ੍ਹਾ ਸ੍ਰੀ ਭੈਣੀ ਸਾਹਿਬ ਤੋਂ ਬਾਅਦ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਨਾਮਧਾਰੀ ਸਿੱਖਾਂ ਦਾ ਸੈਂਟਰ ਬਣ ਜਾਣਾ, ਉਸ ਸਮੇਂ ਦੇ ਹਾਕਮਾਂ ਤੋਂ ਸਹਾਰਿਆ ਨਾ ਗਿਆ। ਬਿਨਾਂ ਕਿਸੇ ਕਾਰਨ ਤੋਂ ਸ. ਪ੍ਰਤਾਪ ਸਿੰਘ ਕੈਰੋਂ ਅਤੇ ਦੇਵੀ ਲਾਲ ਜਿਹੇ ਨਵੇਂ ਹਾਕਮ ਨਾਮਧਾਰੀ ਪੰਥ ਦੇ ਵਿਰੋਧੀ ਬਣ ਗਏ। ਉਹਨਾਂ ਨੂੰ ਨਾਮਧਾਰੀ ਸਿੱਖਾਂ ਦੀ ਇਕ ਜਗ੍ਹਾ ਇਕੱਤਰ ਹੋਈ ਸ਼ਕਤੀ ਪ੍ਰਵਾਨ ਨਹੀਂ ਸੀ।

ਉਹਨਾਂ ਹਾਕਮਾਂ ਨੂੰ ਚਿੜ ਸੀ ਕਿ ਸਾਡੀ ਸਹਾਇਤਾ ਤੋਂ ਬਿਨਾਂ ਜ਼ਮੀਨ ਦੀ ਅਲਾਟਮੈਂਟ ਦਾ ਕੰਮ ਨਾਮਧਾਰੀ ਸਿੱਖਾਂ ਨੇ ਕਿਵੇਂ ਸਫਲਤਾ ਸਹਿਤ ਨੇਪਰੇ ਚਾੜ੍ਹ ਲਿਆ ਹੈ ? ਹੁਣ ਉਹਨਾਂ ਨੇ ਨਾਮਧਾਰੀ ਸਿੱਖਾਂ ਵਿਚ ਫੁੱਟ ਦੇ ਬੀਜ ਬੀਜਣ ਲਈ ਘਸੀਟਾ ਸਿੰਘ ਜਿਹੇ ਗੁਰਮੁੱਖ ਪਿਆਰੇ ਜੋ ਸਤਿਗੁਰੂ ਜੀ ਦੇ ਮੋਹਤਬਿਰ ਸਿੱਖ ਸਨ, ਸਰਕਾਰ ਨੇ ਖਰੀਦ ਲਏ। ਉਹਨਾਂ ਤੋਂ ਸਰਕਾਰੇ ਦਰਬਾਰੇ ਅਰਜੀਆਂ ਦਿਵਾਈਆਂ ਗਈਆਂ ਕਿ ਸਾਨੂੰ ਸਤਿਗੁਰੂ ਜੀ ਵਲੋਂ ਜ਼ਮੀਨ ਦੀਆਂ ਕੀਤੀਆਂ ਅਲਾਟਮੈਂਟਾਂ ਪ੍ਰਵਾਨ ਨਹੀਂ ਹਨ। ਘਸੀਟਾ ਸਿੰਘ ਦੇ ਇਸ ਕਾਰਜ ਨੇ ਜ਼ਮਾਨੇ ਨੂੰ ਬਦਲ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸਨੂੰ ਮਨਾਉਣ ਲਈ ਬਹੁਤ ਯਤਨ ਕੀਤੇ ਪ੍ਰੰਤੂ ਉਹ ਟੱਸ ਤੋਂ ਮੱਸ ਨਾ ਹੋਇਆ। ਉਸ ਘਿਨਾਉਣੇ ਕਾਰਜ ਦਾ ਅੰਤ ਬਹੁਤ ਘਿਨਾਉਣਾ ਨਿਕਲਿਆ ਕਿਸੇ ਨੇ ਗੁੱਸੇ ਵਿਚ ਆਕੇ ਉਸਦਾ ਕਤਲ ਕਰ ਦਿੱਤਾ। ਹੁਣ ਹਾਕਮਾਂ ਨੂੰ ਮੌਕਾ ਹੱਥ ਆ ਗਿਆ ਸੀ, ਗੁਰੂ ਘਰ ਤੇ ਮੁਕਦਮੇ ਕੀਤੇ ਗਏ, ਕੁਝ ਸਮਾਂ ਮਹਾਰਾਜ ਬੀਰ ਸਿੰਘ ਜੀ ਨੂੰ ਜੇਲ੍ਹ ਵਿਚ ਰਹਿਣਾ ਪਿਆ, ਜਿਥੋਂ ਅਣਥੱਕ ਯਤਨਾਂ ਨਾਲ ਉਹਨਾਂ ਨੂੰ ਬਾਇਜ਼ਤ ਬਰੀ ਕਰਾਇਆ ਗਿਆ।

ਸਰਕਾਰੀ ਹਾਕਮਾਂ ਅਗੇ ਨਾ ਝੁਕੇ

ਹਾਕਮਾਂ ਦੀਆਂ ਗਲਤ ਹਰਕਤਾਂ ਦਾ ਜਵਾਬ ਦੇਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦਿਨ ਰਾਤ ਭੱਜ ਦੌੜ ਕਰਨੀ ਪੈਂਦੀ ਸੀ। ਉਹਨਾਂ ਨੂੰ ਨਾ ਦਿਨ ਸਮੇਂ ਆਰਾਮ ਅਤੇ ਨਾਂ ਹੀ ਰਾਤ ਸਮੇਂ ਸੌਣ ਲਈ ਯੋਗ ਸਮਾਂ ਮਿਲਦਾ ਸੀ। ਦਿਨ ਰਾਤ ਦੀ ਬੇਚੈਨੀ ਕਾਰਨ ਸਤਿਗੁਰੂ ਜੀ ਦੀ ਸਿਹਤ ਖਰਾਬ ਹੋਣੀ ਸ਼ੁਰੂ ਹੋ ਗਈ ਸੀ। ਮਹਾਰਾਜ ਨਿਹਾਲ ਸਿੰਘ ਦੀਆਂ ਸਰਕਾਰ ਨਾਲ ਨਜ਼ਦੀਕੀਆਂ ਵੀ ਗੁਰੂ ਘਰ ਦਾ ਨੁਕਸਾਨ ਕਰ ਰਹੀਆਂ ਸਨ। ਉਹ ਸਤਿਗੁਰੂ ਜੀ ਨੂੰ ਅਦਾਲਤ ਵਿਚ ਪੇਸ਼ ਕਰਨਾ ਚਾਹੁੰਦੇ ਸਨ ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਨਿਆਵੀ ਅਦਾਲਤਾਂ ਵਿਚ ਪੇਸ਼ ਨਹੀਂ ਹੋਣਾ ਚਾਹੁੰਦੇ ਸਨ। ਜਿਉਂ ਜਿਉਂ ਅਦਾਲਤ ਦੀ ਤਾਰੀਖ ਨੇੜੇ ਆ ਰਹੀ ਸੀ, ਤਿਉਂ ਤਿਉਂ ਉਹਨਾਂ ਦਾ ਸਰੀਰ ਨਿਰਬਲ ਹੁੰਦਾ ਜਾ ਰਿਹਾ ਸੀ। ਆਪ ਜੀ ਭਾਣਾ ਵਰਤਾਉਣ ਦੀਆਂ ਤਿਆਰੀਆਂ ਕਰ ਰਹੇ ਸਨ। ਆਪ ਜੀ ਕਦੇ ਮੰਡੀ ਚਲੇ ਜਾਂਦੇ ਅਤੇ ਕਦੇ ਸ੍ਰੀ ਭੈਣੀ ਸਾਹਿਬ ਆ ਜਾਇਆ ਕਰਦੇ ਸਨ। ਆਪਣੇ ਜੀਵਨ ਨਗਰ ਦੇ ਆਖਰੀ ਦੌਰੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰਗੱਦੀ ਦਾ ਭਾਰ ਸੰਭਾਲਣ ਲਈ ਸਾਧ ਸੰਗਤ ਨੂੰ ਬਚਨ ਕਰ ਆਏ ਸਨ। ਅਖੀਰ ਐਸਾ ਸਮਾਂ ਆ ਗਿਆ ਕਿ ਕਟਾਣੀ ਵਾਲੇ ਹਕੀਮ ਹਰਦਾਸ ਮੱਲ ਦੀ ਦਵਾਈ ਵੀ ਅਸਰ ਕਰਨੋਂ ਹੱਟ ਗਈ। ਲੁਧਿਆਣੇ ਤੋਂ ਡਾਕਟਰ ਗੁਜਰਮਲ ਅਤੇ ਹੋਰ ਡਾਕਟਰ ਵੀ ਜਵਾਬ ਦੇ ਗਏ। ਅਖੀਰ ਪੰਜ ਭਾਦਰੋਂ ਦੀ ਅੱਧੀ ਰਾਤ ਦਾ ਉਹ ਸਮਾਂ ਵੀ ਆ ਗਿਆ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭਾਣਾ ਵਰਤਾ ਗਏ, ਸਰਕਾਰੀ ਹਾਕਮਾਂ ਅਗੇ ਨਾ ਝੁਕੇ, ਦੇਹ ਦਾ ਓਹਲਾ ਕਰ ਗਏ। ਰੋਂਦੀ ਕੁਰਲਾਂਦੀ ਸੰਗਤ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨੀਂ ਲਾ ਗਏ। ■

Namdhari Elibrary NamdhariElibrary@gmail.com

ਸ੍ਰੀ ਜਗਜੀਤ ਨਗਰ ਇਕ ਸਵ੍ਰਗ

✍ ਸ. ਸੁਵਰਨ ਸਿੰਘ ਵਿਰਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਪਨਿਆ ਨੂੰ ਸਾਕਾਰ ਕਰਦੀ ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਸਵ੍ਰਗਾਂ ਤੋਂ ਘੱਟ ਨਹੀਂ। ਇਸ ਧਰਤੀ ਨੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ। ਇਥੋਂ ਹੀ ਕੁਝ ਦੂਰੀ ਤੇ ਮਾਤਾ ਜੀ ਦਾ ਪੇਕਾ ਪਰਿਵਾਰ ਸ. ਸਰਬਣ ਸਿੰਘ ਅਰਜਨ ਸਿੰਘ ਹੋਰੀਂ ਦੇਸ਼ ਬਟਵਾਰੇ ਤੋਂ ਬਾਅਦ ਪਿੰਡ ਹਰੀਪੁਰੇ ਭੂਮੀ ਖਰੀਦ ਕੇ ਆਬਾਦ ਹੋ ਗਏ ਸਨ। ਇਹ ਨਵੀਂ ਬਸਤੀ ਸੰਤ ਨਗਰ ਤੋਂ ਦਮਦਮੇ ਨੂੰ ਜਾਣ ਵਾਲੇ ਇਸ ਕੱਚੇ ਰਾਹ ਦੇ ਨੇੜੇ ਹੈ, ਜੋ ਹੁਣ ਪੱਕੀ ਸੜਕ ਬਣ ਗਈ ਹੈ। ਇਥੇ ਸੇਠ ਗੁਰਚਰਨ ਸਿੰਘ ਉਰਫ ਚੰਨੇ ਸੇਠ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਆਪਣੀ ਜਮੀਨ ਤੇ ਇੱਕ ਟਿਊਬ ਵੈਲ ਦਾ ਟੱਪਾ ੧੯੬੦ ਤੋਂ ਕੁਝ ਪਹਿਲਾਂ ਲੁਆਇਆ ਸੀ, ਜਿਸ ਕਾਰਨ ਨਾਮਧਾਰੀ ਸਿੱਖਾਂ ਦੀ ਹਰੀਪੁਰੇ ਦੀ ਹੱਦ ਵਿੱਚ ਬਣੀ ਇਸ ਨਵੀਂ ਬਸਤੀ ਦਾ ਨਾਂ "ਚੰਨੇ ਦਾ ਟਿਊਬਲ" ਪ੍ਰਚਲਿਤ ਹੋ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨਾਂ ਦੀ ਛੋਹ ਪ੍ਰਾਪਤ ਕਾਰਨ ਇਸ ਥਾਂ ਨੂੰ "ਜਗਜੀਤ ਨਗਰ" ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਮਾਤਾ ਜੀ ਦੇ ਪੇਕੇ ਪਰਿਵਾਰ ਤੋਂ ਇਲਾਵਾ ਇਥੇ ਬੁਰਜ ਥਰੋੜ, ਭਗਤਾ ਭਾਈ ਕਾ, ਬਾਜਾਖਾਨਾ ਆਦਿ ਪਿੰਡਾਂ ਦੇ ਮਲਵਈ ਸਿੰਘ, ਵਰਨ (ਸ਼ੇਖੂਪੁਰਾ) ਦਾ ਸੋਖਲ ਪਰਿਵਾਰ ਗਿੱਲ ਪਰਿਵਾਰ, ਚੰਦੋਵਾਲ (ਸਿਆਲਕੋਟ) ਦੇ ਬਾਜਵਾ ਪਰਿਵਾਰ, ਜੀਆ ਬੱਗਾ ਲਾਹੌਰ ਦੇ ਸੰਧੂ ਪਰਿਵਾਰ, ਕੁਝ ਹੋਰ ਮਝੈਲ ਪਰਿਵਾਰ, ਕੁਝ ਪਰਜਾਪਤ ਸਿੰਘ, ਕੁਝ ਮਹਿਰੇ ਸਿੰਘ ਅਤੇ ਬਾਬਾ ਚੰਨਣ ਸਿੰਘ ਜਿਹੇ ਮਾਝੇ ਦੇ ਮਜ਼ਹਬੀ ਸਿੰਘ ਅਤੇ ਬਾਵਰੀ, ਨਾਇਕ ਆਦਿ ਜਾਤੀਆਂ ਦੇ ਖੇਤ ਮਜ਼ਦੂਰ ਵੀ ਵੱਸ ਗਏ ਸਨ। ਮਹਾਰਾਜ ਬੀਰ ਸਿੰਘ ਜੀ ਦੇ ਘਰੋਂ ਬੇਬੇ ਦਲੀਪ ਕੌਰ ਜੀ ਦੇ ਪਿਤਾ ਸ. ਨਰਾਇਣ ਸਿੰਘ 'ਸੇਖੋਂ ਦਾ ਬੱਪੀਆਣਾ (ਮਾਨਸਾ) ਤੋਂ ਪਰਿਵਾਰ ਵੀ ਇਥੇ ਹੀ ਆਬਾਦ ਹੋ ਗਿਆ ਸੀ। ਬੁਰਜ ਥਰੋੜ ਵਾਲਾ ਸ. ਗੁਰਦਿਆਲ ਸਿੰਘ ਸਰਪੰਚ, ਸ. ਅਤਰ ਸਿੰਘ, ਸ. ਚਤਰ ਸਿੰਘ ਮਾਤਾ ਚੰਦ ਕੌਰ ਜੀ ਦਾ ਨਾਨਕਾ ਪਰਿਵਾਰ ਸੀ। ਇਥੇ ਆਬਾਦੀ ਵੱਸਣ ਤੋਂ ਕੁਝ ਵਰ੍ਹੇ ਬਾਅਦ ਹੀ ਸਾਧ-ਸੰਗਤ ਨੇ ਇਸ ਦਾ ਨਾਮ ਸ੍ਰੀ ਜਗਜੀਤ ਨਗਰ ਰੱਖ ਦਿੱਤਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਇਥੇ ੧੯੭੩ ਈ. ਵਿੱਚ ਜਪ ਪ੍ਰਯੋਗ ਵੀ ਕੀਤਾ। ਉਦੋਂ ਅੱਸੂ ਦਾ ਮੇਲਾ ਵੀ "ਜਗਜੀਤ ਨਗਰ" ਵਿਖੇ ਮਨਾਇਆ ਗਿਆ ਸੀ। ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੯੪ ਤੋਂ ੧੯੯੮ ਤੱਕ ਪੰਜ ਹੋਲੇ ਮਹੱਲੇ ਵੀ ਇਸ ਥਾਂ ਤੇ ਕੀਤੇ। ਵੀਹ ਸਾਲਾ ਬਾਅਦ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਨਾਮਧਾਰੀ ਸੰਗਤ ਦਾ ਹੋਲਾ ਮਹੱਲਾ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਜਗਜੀਤ ਨਗਰ ਵਿਖੇ ਮਨਾਇਆ ਜਾ ਰਿਹਾ ਹੈ। ਪਿਛਲੇ ਸਾਲ ਮਾਤਾ ਜੀ ਦੀ ਯਾਦ ਵਿੱਚ ਕਰਵਾਏ ਮੇਲੇ ਵਿੱਚ ਉਹਨਾਂ ਦੇ ਪੇਕੇ ਪਰਿਵਾਰ ਵੱਲੋਂ ਸਤਿਗੁਰੂ ਉਦੈ ਸਿੰਘ ਜੀ ਨੂੰ ਹੋਲਾ ਮਹੱਲਾ ਕਰਨ ਦੀ ਅਰਜ਼ ਕੀਤੀ ਗਈ ਸੀ, ਜੋ ਪਰਵਾਨ ਹੋਈ। ਮਾਤਾ ਚੰਦ ਕੌਰ ਜੀ ਦੀ ਸਿਮਰਤੀ ਵਿੱਚ ਬਣੇ ਜਗਜੀਤ ਮੰਦਰ ਦਾ ਉਦਘਾਟਨ ਸਤਿਗੁਰੂ ਉਦੈ ਸਿੰਘ ਜੀ ਨੇ ੨੦ ਜਨਵਰੀ ੨੦੧੯ ਨੂੰ ਕੀਤਾ।ਇਹ ਮੰਦਰ ਸਦਾ ਮਾਤਾ ਜੀ ਦੀ ਯਾਦ ਦਿਵਾਉਂਦਾ ਰਹੇਗਾ। ■

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਦਾ ਪਾਲਣ ਕਰਨ ਵਾਲੇ ਸ੍ਰੀ ਮਾਤਾ ਚੰਦ ਕੌਰ ਜੀ

✍ ਸ. ਗੁਰਚਰਨ ਸਿੰਘ ਚੰਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਉਹ ਇੱਕ ਪਾਕ ਰੂਹ ਸੀ ਪੂਰੇ ਤੋਰ ਤੇ ਸਚਾਈ ਤੇ ਇਮਾਨਦਾਰੀ ਅਤੇ ਸਿਰ ਤੋਂ ਪੈਰਾਂ ਤੱਕ ਨੈਤਿਕ ਵਡਿਆਈ ਦਾ ਸਰੂਪ ਸੀ ਸੇਵਾ ਸਿਮਰਨ ਤਿਆਗ ਅਤੇ ਬਲੀਦਾਨ ਦੀ ਮੂਰਤ ਸ੍ਰੀ ਮਾਤਾ ਚੰਦ ਕੌਰ ਜੀ ੧੯੩੨-੨੦੧੯ਈ.

ਮਾਤਾ ਚੰਦ ਕੌਰ ਜੀ ਦਾ ਜਨਮ ੧੯੩੨ ਈ. ਵਿੱਚ ਪਿਤਾ ਸਰਵਣ ਸਿੰਘ ਸਿਧੂ ਬਰਾੜ ਅਤੇ ਮਾਤਾ ਸਮਾ ਕੌਰ ਜੀ ਦੇ ਘਰ ਵਿੱਚ ਪਿੰਡ ਬੁਰਜ ਧਰੋੜ (ਬਠਿੰਡਾ) ਵਿਖੇ ਹੋਇਆ ਇਹ ਪਿੰਡ ਮਾਤਾ ਜੀ ਦਾ ਨਾਨਕਾ ਪਿੰਡ ਸੀ। ਮਾਤਾ ਜੀ ਦੇ ਪਿਤਾ ਦਾ ਪਿੰਡ ਬਾਜਾਖਾਨਾ (ਬਠਿੰਡਾ) ਸੀ, ਮਾਤਾ ਜੀ ਦਾ ਪਿਤਾ ਸ. ਸਰਵਣ ਸਿੰਘ ਨਾਮਧਾਰੀ ਨਹੀਂ ਸੀ, ਪਰ ਮਾਤਾ ਜੀ ਦਾ ਨਾਨਕਾ ਪਰਿਵਾਰ ਨਾਮਧਾਰੀ ਸੀ। ਉਸ ਸਮੇਂ ਨਾਮਧਾਰੀ ਸਿੱਖ ਗੈਰ ਨਾਮਧਾਰੀ ਪਰਿਵਾਰ ਵਿੱਚ ਲੜਕੀ ਨਹੀਂ ਸਨ ਵਿਆਉਂਦੇ। ਬਾਜਾਖਾਨਾ ਦੇ ਹੀ ਸਿੱਖ ਗੁਰਦਿਆਲ ਸਿੰਘ ਨੇ ਆਪਣੇ ਸਰੀਕੇ ਵਿੱਚੋਂ ਸਰਵਣ ਸਿੰਘ ਵਾਸਤੇ ਮੰਨਾ ਸਿੰਘ ਦੀ ਪੁਤਰੀ ਦਾ ਸਾਕ ਕਰਵਾਇਆ ਸੀ। ਰੋਡੇ ਪਿੰਡ ਦੇ ਸੂਬਾ ਇੰਦਰ ਸਿੰਘ ਦੀ ਭੈਣ ਦਇਆ ਕੌਰ ਮੰਨਾ ਸਿੰਘ ਨਾਲ ਵਿਆਹੀ ਸੀ। ਇਹ ਅਨੰਦ ਕਾਰਜ ਬਦਨ ਸਿੰਘ ਚੜਿੱਕ ਨੇ ਕਰਵਾਇਆ ਸੂਬਾ ਇੰਦਰ ਸਿੰਘ ਭਨੇਵੀਂ ਦੇ ਅਨੰਦ ਕਾਰਜ ਵਿੱਚ ਸ਼ਾਮਲ ਨਾ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਵਿਆਹ ਤੋਂ ਨਰਾਜ਼ ਹੋਕੇ ਬਾਬਾ ਬਦਨ ਸਿੰਘ ਤੇ ਗੁਰਦਿਆਲ ਸਿੰਘ ਨੂੰ ਤਨਖਾਹ ਲਾਈ। ਸਤਿਗੁਰੂ ਜੀ ਨੇ ਸੁਭਾਇਕੀ ਬਚਨ ਕੀਤਾ ਸਰਵਣ ਸਿੰਘ ਨਾਮਧਾਰੀਆਂ ਦੀ ਧੀ ਲੈਕੇ ਸਨਮੁੱਖ ਹੀ ਰਹੇਗਾ ਅਤੇ ਧੀ ਵੀ ਦੇਵੇਗਾ। ਸਮੇਂ ਦੇ ਨਾਲ ਸਤਿਗੁਰੂ ਜੀ ਦਾ ਬਚਨ ਵੀ ਪੂਰਾ ਹੋ ਗਿਆ ਤੇ ਸਰਵਣ ਸਿੰਘ ਆਪਣੇ ਅਨੰਦ ਕਾਰਜ ਵਾਲੇ ਦਿਨ ਤੋਂ ਹੀ ਸਾਰਾ ਪਰਿਵਾਰ ਅੰਤ ਤੱਕ ਨਾਮਧਾਰੀ ਮਰਿਯਾਦਾ ਨਿਭਾਈ।

ਮਾਤਾ ਜੀ ਦੇ ਪੇਕੇ ਪਰਿਵਾਰ ਵਿੱਚ ਤਿੰਨ ਭੈਣਾਂ ਤੇ ਤਿੰਨ ਭਰਾ ਸਨ। ਮਾਤਾ ਜੀ ਸਭ ਤੋਂ ਵੱਡੇ ਸਨ, ਆਪ ਤੋਂ ਛੋਟੇ ਦੋ ਭਾਈ ਬਲੀ ਸਿੰਘ ਤੇ ਗੁਰਦੇਵ ਸਿੰਘ ਤੇ ਛੋਟੀ ਭੈਣ ਗੁਰਨਾਮ ਕੌਰ ਤੇ ਰਛਪਾਲ ਕੌਰ ਅਤੇ ਇਕ ਭਾਈ ਗੁਰਨਾਮ ਸਿੰਘ ਅੱਜਕਲ ਅਰਜਨ ਸਿੰਘ ਜੋ ਸਰਵਣ ਸਿੰਘ ਦਾ ਵੱਡਾ ਭਾਈ ਸੀ ਦੋਹਾਂ ਦੇ ਪਰਿਵਾਰ ਸ੍ਰੀ ਜਗਜੀਤ ਨਗਰ (ਸਿਰਸਾ) ਵਿਖੇ ਵੱਸਦੇ ਹਨ। ਇਸ ਨਗਰ ਦਾ ਪਹਿਲਾਂ ਨਾਮ ਚੰਨੇ ਦਾ ਟਿਊਬਵੈਲ ਸੀ। ਮਾਤਾ ਜੀ ਦਾ ਭਾਈ ਸ. ਬਲੀ ਸਿੰਘ ਤੇ ਦੋਵੇਂ ਸਪੁੱਤਰ ਮਾਤਾ ਜੀ ਦੇ ਹੁਕਮ ਅਨੁਸਾਰ ੧੯੭੫-੭੬ ਤੋਂ ਲੈ ਕੇ ਸ੍ਰੀ ਭੈਣੀ ਸਾਹਿਬ ਵਸ ਰਹੇ ਹਨ। ਮਾਤਾ ਚੰਦ ਕੌਰ ਜੀ ਦਾ ਪੇਕਾ ਪਰਿਵਾਰ ਨਾਮ ਕਰਤਾਰ ਕੌਰ ਸੀ। ੧੯੪੫ ਈ. ਵਿੱਚ ਆਪਣੀ ਮਾਤਾ ਦੇ ਮਾਮਾ ਜੀ ਸੂਬਾ ਇੰਦਰ ਸਿੰਘ ਜੀ ਨਾਲ ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਦੇ ਦਿਨਾਂ ਵਿੱਚ ਆਏ ਸਨ। ਬੀਬੀ ਕਰਤਾਰ ਕੌਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਮੇਲੇ ਵਿੱਚ ਬਹੁਤ ਸੇਵਾ ਕਰਕੇ ਸਤਿਗੁਰੂ ਦੀਆਂ ਖ਼ੁਸ਼ੀਆਂ ਲਈਆਂ। ਸੂਬਾ ਇੰਦਰ ਸਿੰਘ ਨੇ ਬੀਬੀ ਕਰਤਾਰ ਕੌਰ ਦਾ ਰਿਸ਼ਤਾ ਬਾਬਾ ਜਗਜੀਤ ਸਿੰਘ ਜੀ ਦੇ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ ਅਤੇ ਅਰਜ਼ ਪਰਵਾਨ ਹੋ ਗਈ। ਬਾਬਾ ਜਗਜੀਤ ਸਿੰਘ ਜੀ ਨਾਲ ਬੀਬੀ ਕਰਤਾਰ ਕੌਰ ਦਾ ਅਨੰਦ ਕਾਰਜ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾ ਮਹਾਰਾਜ ਗੁਰਦਿਆਲ ਸਿੰਘ ਦੀ ਸੁਪਤਨੀ ਦਾ ਨਾਮ ਵੀ ਕਰਤਾਰ ਕੌਰ ਸੀ ਸੋ ਸਤਿਗੁਰੂ ਜੀ ਨੇ ਬੀਬੀ

Namdhari Elibrary NamdhariElibrary@gmail.com

ਕਰਤਾਰ ਕੌਰ ਦਾ ਨਾਮ ਬਦਲ ਕੇ ਚੰਦ ਕੌਰ ਕਰ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਨੂੰਹ ਨੂੰ ਹੁਕਮ ਕੀਤਾ ਗੁਰੂ ਘਰ ਦੀ ਸੇਵਾ ਕਰੋ। ਉਦੋਂ ਡੇਰਾ ਸ੍ਰੀ ਭੈਣੀ ਸਾਹਿਬ ਕੱਚਾ ਹੀ ਹੁੰਦਾ ਸੀ ਲਿਪੀ ਪੋਚੇ ਦਾ ਕੰਮ ਮਾਤਾ ਜੀ ਨੇ ਆਪਣੇ ਜ਼ਿੰਮੇ ਲੈ ਲਿਆ, ਪੋਚੇ ਲਈ ਗੋਹਾ ਪਿੰਡ ਵਿੱਚੋਂ ਇਕੱਠਾ ਕਰਨਾ ਤੇ ਹੋਰ ਪਿੰਡਾਂ ਤੋਂ ਵੀ ਲਿਆਉਣਾ। ਸੇਵਾ ਕਰਦਿਆਂ ਕਾਹਲੇ ਨਹੀਂ ਪੈਣਾ ਅਤੇ ਸੇਵਾਦਾਰਾਂ ਨੂੰ ਘਿਉ, ਦੁੱਧ ਤੇ ਹੋਰ ਪਦਾਰਥਾਂ ਦੇ ਖੁੱਲੇ ਗੱਫੇ ਵਰਤਾਉਣੇ ਅਤੇ ਮਾਤਾ ਜੀ ਦੁੱਧ ਰਿੜਕਨ ਦੀ ਸੇਵਾ ਵੀ ਆਪ ਕਰਨ ਲਗ ਪਏ। ਸੂਰਜ ਨਿਕਲਣ ਤੋਂ ਪਹਿਲਾਂ ਹੀ ਦੁੱਧ ਰਿੜਕ ਲੈਣਾ ਤੇ ਨਾਲ-ਨਾਲ ਪਾਠ ਵੀ ਕਰਦੇ ਰਹਿਣਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਇਲਾਕਾ ਵਸਾਇਆ ਕਿਉਂਕਿ ਸਤਿਗੁਰੂ ਜੀ ਜਾਣਦੇ ਸਨ ਕਿ ਦੇਸ਼ ਵੰਡ ਹੋਣੀ ਏ ਅਤੇ ਦੇਸ਼ ਆਜ਼ਾਦ ਵੀ ਹੋਣਾ ਹੈ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਵਾਸਤੇ ਇਕੱਠੀ ਜ਼ਮੀਨ ਖਰੀਦਣੀ ਚਾਹੀ ਚੰਨਣ ਸਿੰਘ ਥਰਾਜ ਦੀ ਡਿਊਟੀ ਲਾਈ ਕਿ ਹਿਸਾਰ ਜ਼ਿਲ੍ਹੇ ਵਿੱਚ ਜ਼ਮੀਨ ਦਾ ਪਤਾ ਕਰੋ। ਚੰਨਣ ਸਿੰਘ ਸਰਸੇ ਦੇ ਦਲਾਲ ਦੁਆਰਕਾ ਦਾਸ ਨੂੰ ਮਿਲਿਆ ਤੇ ਉਸ ਨੇ ਦੱਸਿਆ ਚੁਚਾਲ ਕੋਠੀ ੫੦੦ (ਪੰਜ ਸੌ) ਮੁਰੱਬਾ ਜ਼ਮੀਨ ਵਿਕਾਊ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸੇਵਕਾਂ ਸਮੇਤ ਜਗਮਲੇਰੇ ਜਿਸ ਦਾ ਨਾਂ ਹੁਣ ਸੰਤ ਨਗਰ ਹੈ ਨਹਿਰ ਬੰਗਲੇ ਤੇ ਆਏ ਇਥੇ ਖੂਹੀ ਦਾ ਪਾਣੀ ਪੀਤਾ ਤੇ ਇਸ ਇਲਾਕੇ ਨੂੰ ਗੁਰੂ ਜੀ ਨੇ ਬਹੁਤ ਪਸੰਦ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੇਹਰ ਸਿੰਘ ਰਾਖ ਲਛਮਣ ਸਿੰਘ ਠੇਕੇਦਾਰ ਮੁਕੰਦ ਸਾਹੋ ਥਰਾਜ ਤੇ ਚੰਨਣ ਸਿੰਘ ਥਰਾਜ ਇਹਨਾਂ ਦੀ ਡਿਊਟੀ ਲਾਈ ਕਿ ਇਸ ਜ਼ਮੀਨ ਦਾ ਸੌਦਾ ਕਰੋ। ਇਹ ਜ਼ਮੀਨ ਅੰਗਰੇਜ਼ ਦੀ ਸੀ। ਇਹ ਪੰਜ ਸੋ ਮੁਰੱਬਾ ਜ਼ਮੀਨ ਚੂਰੂ ਵਾਲਿਆਂ ਚੰਪਾ ਲਾਲ ਸੇਠ ਨੇ ਖਰੀਦ ਲਈ ਤੇ ਚੰਪਾ ਲਾਲ ਨੇ ਘਟ ਆਮਦਨ ਹੋਣ ਕਰਕੇ ਵੇਚਣੀ ਲਾ ਦਿੱਤੀ ਤੇ ਸਤਿਗੁਰੂ ਜੀ ਨੇ ਇਹ ਜ਼ਮੀਨ ੨੫ ਲੱਖ ਵਿੱਚ ਖਰੀਦ ਲਈ। ੧੯੪੫ ਵਿੱਚ ਜ਼ਮੀਨ ਦਾ ਸੌਦਾ ਹੋਇਆ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤੇ ਬਾਬਾ ਜਗਜੀਤ ਸਿੰਘ ਜੀ ਨੇ ਲਾਹੌਰ ਦਫਤਰ ਖੋਲਿਆ ਦਫਤਰ ਦੀ ਜ਼ੁੰਮੇਵਾਰੀ ਬਾਬਾ ਜਗਜੀਤ ਸਿੰਘ ਦੀ ਲਾਈ ਅਤੇ ਆਪ ਸਤਿਗੁਰੂ ਜੀ ਸ਼ੇਖੂਪੁਰੇ ਨਾਮਧਾਰੀ ਸੰਗਤ ਨੂੰ ਤੇ ਆਸ ਪਾਸ ਦੀ ਨਾਮਧਾਰੀ ਸੰਗਤ ਨੂੰ ਪ੍ਰੇਰਿਆ ਕਿ ਦੇਸ਼ ਦੀ ਵੰਡ ਹੋ ਜਾਣੀ ਹੈ ਜਿਸ ਨੇ ਪੈਲੀ ਲੈਣੀ ਹੈ ਉਹ ਪੰਜ ਹਜ਼ਾਰ ਮੁਰੱਬੇ ਦੇ ਹਿਸਾਬ ਨਾਲ ਰਾਸ਼ੀ ਲਾਹੌਰ ਦਫਤਰ ਵਿੱਚ ਜਮਾ ਕਰਵਾਏ। ੧੯੪੬ ਵਿੱਚ ਰਜ਼ਿਸਟਰੀ ਹੋ ਗਈ ਤੇ ੧੯੪੭ ਵਿੱਚ ਦੇਸ਼ ਆਜ਼ਾਦ ਹੋ ਗਿਆ ਤੇ ਦੇਸ਼ ਦੀ ਵੰਡ ਹੋ ਗਈ ਇਧਰ ਤੋਂ ਲੋਕ ਉਧਰ ਅਤੇ ਉਧਰ ਤੋਂ ਲੋਕ ਇਧਰ ਆਣ ਲੱਗ ਪਏ ਅਤੇ ਕਤਲੋ ਗਾਰਕ ਹੋਣਾ ਲੱਗ ਪਈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਵਿੱਚ ਡੇਰਾ ਲਾ ਲਿਆ ਜਿਹੜੇ ਲੋਕ ਉਧਰ ਤੋਂ ਆਉਂਦੇ ਸਨ ਗੁਰੂ ਜੀ ਨੇ ਉਹਨਾਂ ਦਾ ਹਾਲ ਚਾਲ ਪੁਛਣਾ ਜਿਹੜੇ ਲੋਕ ਜ਼ਮੀਨ ਨਾਲ ਜੁੜੇ ਸਨ ਉਹਨਾਂ ਨੂੰ ਸਿਰਸਾ ਚਚਾਲ ਕੋਠੀ ਜੋ ਕਿ ਹੁਣ ਸ੍ਰੀ ਜੀਵਨ ਨਗਰ ਹੈ ਵੱਲ ਭੇਜ ਦੇਣਾ। ਜਿਹੜੇ ਲੋਕ ਸ਼ਹਿਰੀ ਕੰਮ ਨਾਲ ਜੁੜੇ ਸਨ ਉਹਨਾਂ ਨੂੰ ਮੰਡੀ ਸੰਕੇਤ ਤੇ ਹੋਰ ਸ਼ਹਿਰਾਂ ਵਿੱਚ ਭੇਜ ਦਿੱਤਾ ਜੀਵਨ ਨਗਰ ਵਿੱਚ ਉਸ ਵੇਲੇ ਲੰਗਰ ਦੀ ਪ੍ਰਥਾ ਚਲਾਈ ਗਈ ਬਾਬਾ ਜਗਜੀਤ ਸਿੰਘ ਜੀ ਦੀ ਡਿਊਟੀ ਲਾਈ ਗਈ ਕਿ ਲੰਗਰ ਵਾਸਤੇ ਦਾਣੇ ਮੁਕਣ ਨਹੀਂ ਦੇਣੇ ਬਾਬਾ ਜੀ ਆਪ ਟਰੈਕਟਰ ਚਲਾਕੇ ਹੋਰ ਸ਼ਹਿਰਾਂ ਤੋਂ ਅਨਾਜ ਲਿਆਉਣਾ ਤੇ ਲੰਗਰ ਨੂੰ ਚਲਾਈ ਰੱਖਣਾ। ਸਾਰੀ ਸੰਗਤ ਨੂੰ ਪਿੰਡਾਂ ਵਿੱਚ ਥਾਂ ਪਰ ਥਾਂ ਬਿਠਾਕੇ ਜੋ ਵੀ ਕਿਸੇ ਦਾ ਪੈਸਾ ਆਇਆ ਉਸ ਦੇ ਬਦਲੇ ਜ਼ਮੀਨ ਉਹਦੇ ਨਾਂ ਲੁਆ ਦਿੱਤੀ। ਘੱਗਰ ਦਰਿਆ ਉਸ ਵੇਲੇ ਖੁੱਲਾ ਚਲਦਾ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੂੰ ਜਲੰਧਰ ਮਿਲੇ ਤੇ ਇਹ ਕਿਹਾ ਘੱਗਰ ਦਰਿਆ ਸਾਡੀ ਫਸਲ ਰੋੜਕੇ ਲੈ ਜਾਂਦਾ ਹੈ ਜੋ ਅਸੀਂ ਬੀਜਦੇ ਹਾਂ ਫਲੱਡ ਆਉਂਦਾ ਹੈ ਤੇ ਫਸਲ ਤਬਾਹ ਹੋ ਜਾਂਦੀ ਹੈ। ਓਟੂ ਹੈਡ ਤੋਂ ਲੈ ਕੇ ਰਾਜਸਥਾਨ ਬਾਰਡਰ ਤੱਕ ਬੰਨ ਬਨਾ ਜਾਣ ਘੱਗਰ ਦਰਿਆ ਦੇ ਦੋਹੀਂ ਪਾਸੀ ਮੁੱਖ ਮੰਤਰੀ ਨੇ ਐਸੀ ਪੰਜਾਬ ਫਲੱਡ ਰਿਲੀਫ ਢੇਸੀ ਨੂੰ ਸੱਦਿਆ ਤੇ ਉਸ ਨੂੰ ਇਸ ਬਾਰੇ ਜਾਣੂ ਕਰਾਇਆ। ਢੇਸੀ ਨੇ ਦਸਿਆ ਕਿ ਉਥੇ ਤਾਂ ਤਾਂਬੇ ਦਾ ਬੰਨ ਵੀ ਨਹੀਂ ਰੁਕ ਸਕਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ ਮੇਰੀ ਮਿੱਟੀ ਤਾਂਬੇ ਨਾਲੋ ਵੀ ਪੱਕੀ ਹੈ ਬੰਨ ਬੰਨੋ ਜਾਂ ਨਾ ਬੰਨੋਂ। ਉਸੇ ਵੇਲੇ ਮੁੱਖ ਮੰਤਰੀ ਕੈਰੋ ਨੇ ਢੇਸੀ ਨੂੰ ਹੁਕਮ ਕੀਤਾ ਜਿਸ ਤਰ੍ਹਾਂ ਵੀ ਹੋਵੇ ਓਟੂ ਹੈਡ ਤੋਂ ਰਾਜਸਥਾਨ ਬਾਰਡਰ ਤੱਕ ਬੰਨ ਬਣਾ ਦਿਓ ਆਪਾਂ ਗੁਰੂ ਜੀ ਦਾ ਹੁਕਮ ਨਹੀਂ ਮੋੜਨਾ। ਮੈਂ ਆਪਣੀ ਸੰਭਾਲ ਵਿੱਚ ਇਹ ਬੰਨ ਖੋਤਿਆ ਨਾਲ ਬੰਨਦੇ ਵੇਖਿਆ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੫ ਭਾਦਰੋਂ ਦੀ ਰਾਤ ੧੯੫੯ ਈ. ਦੇਹ ਦਾ ਓਹਲਾ ਕਰ ਗਏ ਅਤੇ ਉਸ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ ਤੇ ਸੁਸ਼ੋਭਿਤ ਹੋਏ। ੧੯੬੮ ਵਿੱਚ ਮਸਤਾਨਗੜ੍ਹ ਸਮਤਲ ਕਰਨ ਸਮੇਂ ਪਹਿਲਾਂ ਗੁਰੂ ਜੀ ਅਤੇ ਮਾਤਾ ਜੀ ਨੇ ਖੁੱਲੇ ਆਸਮਾਨ ਹੇਠ ਦਿਨ ਕੱਟੇ। ਫਿਰ ਇੱਕ ਛੋਟਾ ਜਿਹਾ ਕਮਰਾ ਬਣਾਇਆ ਗਿਆ ਜਿਸ ਵਿੱਚ ਮਾਤਾ ਜੀ ਨੇ ਨਿਵਾਸ ਕਰਨਾ ਸ਼ੁਰੂ ਕੀਤਾ। ਜਦੋਂ ਮਸਤਾਨਗੜ੍ਹ ਦਾ ਕੰਮ ਸ਼ੁਰੂ ਹੋਣਾ ਸੀ। ਜੀਵਨ ਨਗਰ ਗੁਰੂ ਜੀ ਹੁਕਮ ਕੀਤਾ ਮੇਰੀ ਸਿੰਘਣੀ ਨੂੰ ਘੋੜੀ ਤੇ ਚੜਕੇ ਮਸਤਾਨਗੜ੍ਹ ਦਾ ਸਾਰਾ ਇਲਾਕਾ ਵਖਾਓ ਮਸਤਾਨਗੜ੍ਹ ਜੀਵਨ ਨਗਰ ਤੋਂ ਘੱਟੋ ਘੱਟ ਤਿੰਨ

Namdhari Elibrary NamdhariElibrary@gmail.com

ਕਿਲੋਮੀਟਰ ਦੂਰ ਹੈ। ਪਰ ਮਾਤਾ ਜੀ ਨੇ ਘੋੜੀ ਮੋੜ ਦਿੱਤੀ ਅਤੇ ਜੀਵਨ ਨਗਰ ਤੋਂ ਆਪਣੇ ਪਵਿੱਤਰ ਕਦਮਾਂ ਨਾਲ ਮਸਤਾਨਗੜ੍ਹ ਪੈਦਲ ਗਏ ਅਤੇ ਸਾਰਾ ਇਲਾਕਾ ਵੀ ਪੈਦਲ ਹੀ ਵੇਖਿਆ। ਤੇ ਮਾਤਾ ਜੀ ਕਿਹਾ ਜੇ ਅੱਜ ਹੀ ਘੋੜੀ ਤੇ ਚੜ ਗਏ ਤਾਂ ਸੇਵਾ ਗੁਰੂ ਘਰ ਦੀ ਕਿਵੇਂ ਕਰਾਂਗੇ ਤੇ ਮਾਤਾ ਜੀ ਨੇ ਡੇਰਾ ਮਸਤਾਨਗੜ੍ਹ ਹੀ ਕਰ ਲਿਆ। ਸਭ ਤੋਂ ਪਹਿਲਾਂ ਸੰਤ ਦਿਆਲ ਸਿੰਘ ਮੁਠੱਡਾ ਮਾਤਾ ਜੀ ਨਾਲ ਸੇਵਾ ਤੇ ਸ਼ੁਰੂ ਹੋਏ ਮਾਤਾ ਜੀ ਦੀ ਸੇਵਾ ਮਹਿੰਦਰ ਕੌਰ ਪਤਨੀ ਦਲੀਪ ਸਿੰਘ ਅਤੇ ਦੂਸਰੀ ਸੰਤ ਗੁਰਦੇਵ ਸਿੰਘ ਮਦਾਰ ਦੀ ਮਾਤਾ ਨੇ ਸੇਵਾ ਨਿਭਾਈ ਸੰਤ ਚਰਨ ਸਿੰਘ ਚੰਦੋਵਾਲੀਆ ਮਾਤਾ ਜੀ ਅਤੇ ਵਰਤਮਾਨ ਸਤਿਗੁਰੂ ਜੀ ਦੀ ਸੇਵਾ ਵਿੱਚ ਵੀ ਰਹੇ। ਸਭ ਤੋਂ ਪਹਿਲਾਂ ਸੰਤ ਨਗਰ ਦੀ ਸੰਗਤ ਨੂੰ ਮਸਤਾਨਗੜ੍ਹ ਦੀ ਸੇਵਾ ਵਾਸਤੇ ਕਹੀਆਂ ਕੁਹਾੜੀਆਂ ਲੈ ਕੇ ਆਉਣ ਲਈ ਕਿਹਾ ਗਿਆ। ਨਕੌੜੇ ਵੱਲੋਂ ਇੱਕ ਸਿਕੰਦਰੀ ਨਾਲਾ ਆਉਂਦਾ ਸੀ ਜੋ ਕਿ ਮਸਤਾਨਗੜ੍ਹ ਦੇ ਰਕਬੇ ਵਿੱਚੋਂ ਲੰਘਦਾ ਸੀ ਉਸ ਨੂੰ ਬੰਦ ਕੀਤਾ ਗਿਆ। ਅਤੇ ਹੋਰ ਵੀ ਛੋਟੇ ਮੋਟੇ ਨਾਲੇ ਅਤੇ ਖਾਟੀਆਂ ਵੀ ਪੂਰੀਆਂ ਗਈਆਂ ਤਾਂਕਿ ਟਰੈਕਟਰ ਚੱਲ ਸਕਣ ਸੰਗਤਾਂ ਨੂੰ ਛਕਣ ਛਕਾਉਣ ਵਾਸਤੇ ਮਸਤਾਨਗੜ੍ਹ ਹੀ ਮਾਤਾ ਜੀ ਨੇ ਪ੍ਰਬੰਧ ਕਰਾਇਆ। ਸਵੇਰੇ ਦਾਲ ਪ੍ਰਸ਼ਾਦਾ, ਦੁਪਹਿਰ ਵੇਲੇ ਸ਼ਰਦਾਈ ਅਤੇ ਸ਼ਾਮ ਨੂੰ ਕੜਾਹ ਪ੍ਰਸ਼ਾਦ ਦੇ ਗੱਫੇ ਵਰਤਾਣੇ। ਮਸਤਾਨਗੜ੍ਹ ਦੇ ਆਲੇ ਦੁਆਲੇ ਜਿਨੇਂ ਵੀ ਪਿੰਡ ਸਨ ਉਹਨਾਂ ਸਾਰਿਆਂ ਪਿੰਡਾਂ ਵਿੱਚੋਂ ਸੰਗਤ ਆਉਣਾ ਅਤੇ ਜ਼ਮੀਨ ਨੂੰ ਕਹੀਆਂ ਨਾਲ ਖਾਟੀਆਂ ਨੂੰ ਪੱਧਰ ਕਰਨਾ ਕਿਉਕਿ ਟਰੈਕਟਰ ਪਹਿਲਾਂ ਨਹੀਂ ਸਨ ਚਲ ਸਕਦੇ ਖਾਟੀਆਂ ਬਹੁਤ ਸਨ। ਇਹ ਸਾਰੀ ਸੇਵਾ ਸੰਗਤ ਨੇ ਬੜੇ ਚਾਵਾਂ ਨਾਲ ਕੀਤੀ। ਮਾਤਾ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ ਹੁਣ ਇਲਾਕੇ ਵਿੱਚੋਂ ਟਰੈਕਟਰ ਮੰਗਵਾਏ ਜਾਣ ਸਤਿਗੁਰੂ ਜੀ ਨੇ ਸਾਰੇ ਪਿੰਡਾਂ ਵਿੱਚ ਹੁਕਮ ਭੇਜ ਦਿੱਤਾ ਵੱਧ ਤੋਂ ਵੱਧ ਸੰਗਤ ਟਰੈਕਟਰ ਲੈ ਕੇ ਸਮੇਤ ਕਰਾਹੇ ਅਤੇ ਕਲਟੀਵੇਟਰ ਲੈਕੇ ਮਸਤਾਨਗੜ੍ਹ ਆਵੇ ਰੋਜ਼ਾਨਾ ੩੫-੪੦ ਟਰੈਕਟਰ ਬੜੇ ਚਾਵਾਂ ਨਾਲ ਆਉਣ ਅਤੇ ਮਾਤਾ ਜੀ ਦੇ ਹੁਕਮ ਅਨੁਸਾਰ ਕੰਮ ਸ਼ੁਰੂ ਕਰ ਦੇਣਾ। ਡੀਜ਼ਲ ਦਾ ਪ੍ਰਬੰਧ ਵੀ ਮਸਤਾਨਗੜ੍ਹ ਕਰ ਲਿਆ ਗਿਆ। ਇਹ ਕੰਮ ਸਾਰਾ ਮਾਤਾ ਜੀ ਦੀ ਦੇਖ ਰੇਖ ਵਿੱਚ ਹੋਇਆ। ਇੱਕ ਵੇਰ ਸ਼ਾਮ ਨੂੰ ਸੰਗਤਾਂ ਨੂੰ ਛੁੱਟੀ ਹੋਈ ਪ੍ਰਸ਼ਾਦਾ ਛਕਣ ਲਈ ਲਾਈਨਾਂ ਲੱਗ ਗਈਆਂ। ਜਦੋਂ ਬਾਲਟੀਆਂ ਵਿੱਚ ਦਾਲਾਂ ਪਾਇਆ ਤਾਂ ਲਾਂਗਰੀਆਂ ਨੂੰ ਦਾਲੇ ਵਿੱਚ ਕੋਈ ਜਹਿਰੀਲੀ ਚੀਜ਼ ਨਜ਼ਰ ਆਈ ਤਾਂ ਫੌਰਨ ਲਾਂਗਰੀਆਂ ਨੇ ਮਾਤਾ ਜੀ ਨੂੰ ਅਰਜ਼ ਕੀਤੀ ਤੇ ਉਸੇ ਵੇਲੇ ਮਾਤਾ ਜੀ ਨੇ ਕਿਹਾ ਘਿਉ ਦੇ ਪੀਪੇ ਖੋਲ ਲਵੋ ਉਸ ਵਿੱਚ ਸ਼ਕਰ ਅਤੇ ਦੇਸੀ ਖੰਡ ਮਿਲਾਕੇ ਪ੍ਰਸ਼ਾਦੇ ਛਕਾ ਦਿਉ। ਪ੍ਰਸ਼ਾਦੇ ਛੱਕਕੇ ਮਾਤਾ ਜੀ ਦੇ ਜੈਕਾਰੇ ਸੰਗਤਾਂ ਨੇ ਲਾਉਣੇ ਸ਼ੁਰੂ ਕਰ ਦਿੱਤੇ ਧੰਨ ਮਾਤਾ ਚੰਦ ਕੌਰ ਜੀ, ਧੰਨ ਮਾਤਾ ਚੰਦ ਕੌਰ ਜੀ। ਇੱਕ ਦਿਨ ਸਤਿਗੁਰੂ ਜੀ ਨੇ ਸੰਗਤਾਂ ਨੂੰ ਕਿਹਾ ਸਵੇਰੇ ਸਭ ਟਰੈਕਟਰਾਂ ਵਾਲੇ ਆਪਣੇ ਘਰੋਂ ਤੇਲ ਪਾਕੇ ਟਰੈਕਟਰ ਲਿਆਉਣ। ਜਿਥੇ ਪਹਿਲਾਂ ਟਰੈਕਟਰ ੩੫-੪੦ ਆਉਂਦੇ ਸਨ ਉਸ ਦਿਨ ੭੫-੮੦ ਟਰੈਕਟਰ ਆਏ। ਜਿਸ ਥਾਂ ਤੇ ਸਤਿਗੁਰੂ ਜੀ ਦੀ ਕੋਠੀ (ਮਸਤਾਨਗੜ੍ਹ) ਬਣੀ ਹੈ ਉਸ ਥਾਂ ਨੂੰ ਉੱਚਾ ਕਰਨ ਲਈ ਮਿੱਟੀ ਪਾਈ ਜਾ ਰਹੀ ਸੀ। ਚੈਨ ਵਾਲਾ ਟਰੈਕਟਰ ਜਿਸ ਦੇ ਅੱਗੇ ਕਰਾਹਿਆ ਲੱਗਾ ਹੋਇਆ ਸੀ ਉਸ ਨਾਲ ਟਰਾਲੀਆਂ ਭਰੀਆਂ ਜਾ ਰਹੀਆਂ ਸਨ। ਇੱਕ ਟਰੈਕਟਰ ਟਰਾਲੀ ਨੂੰ ਅਚਾਨਕ ਚੈਨ ਵਾਲੇ ਟਰੈਕਟਰ ਦੀ ਟੱਕਰ ਪਿਛੋਂ ਲੱਗ ਗਈ ਅੱਗੇ ਵਾਲਾ ਟਰੈਕਟਰ ਜੋ ਗੇਅਰ ਵਿੱਚ ਖੜਾ ਸੀ ਟੱਕਰ ਲਗਣ ਨਾਲ ਅਗਲਾ ਟਰੈਕਟਰ ਟਰਾਲੀ ਤੇਜ ਦੋੜ ਪਿਆ ਤੇ ਅੱਗੇ ਜਾਕੇ ਟੋਏ ਵਿੱਚ ਡਿਗ ਪਿਆ ਤੇ ਸੰਗਤਾਂ ਵਿੱਚ ਸ਼ੋਰ ਮੱਚ ਗਿਆ। ਮਾਤਾ ਜੀ ਉਸੇ ਵੇਲੇ ਉਠ ਕੇ ਸੰਗਤ ਕੋਲ ਆਏ ਤੇ ਸਭ ਦਾ ਹਾਲ ਚਾਲ ਪੁਛਿਆ ਉਸੇ ਵੇਲੇ ਰਾਤ ਕਰੀਬ ਅੱਧੀ ਹੋ ਚੁੱਕੀ ਸੀ। ਇਹ ਸੀ ਮਾਤਾ ਜੀ ਦਾ ਸੰਗਤ ਪ੍ਰਤੀ ਸਨੇਹ ਪਿਆਰ। ਮਸਤਾਨਗੜ੍ਹ ਸਤਿਗੁਰਾਂ ਦੀ ਕੋਠੀ, ਮਕਾਨ, ਲੰਗਰ ਦੀ ਥਾਂ, ਚਾਰਦਵਾਰੀ ਇਹ ਮੁਕੰਮਲ ਮਾਤਾ ਜੀ ਨੇ ਸੇਵਾ ੧੯੭੦ ਤੱਕ ਪੂਰੀ ਕਰਵਾਈ। ਇਲਾਕਾ ਸ੍ਰੀ ਜੀਵਨ ਨਗਰ ਵਿੱਚ ਉਸ ਸਮੇਂ ਜੀਵਨ ਸੁੱਖ ਸੁਵਿਧਾ ਦਾ ਕੋਈ ਨਾਮ ਤੱਕ ਨਹੀਂ ਸੀ। ਨਾ ਰਾਹ ਨਾ ਸੜਕਾਂ ਨਾਂ ਬਿਜਲੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ ਸੰਨ ੧੯੭੦-੭੧ ਵਿੱਚ ਜੀਵਨ ਨਗਰ ਬਿਜਲੀ ਘਰ, ਬਸ ਸਟੈਂਡ, ਅਤੇ ਇਲਾਕੇ ਵਿੱਚ ਹਰ ਪਿੰਡ ਨੂੰ ਪੱਕੀਆਂ ਸੜਕਾਂ ਨਾਲ ਜੋੜਿਆਂ। ਇਹ ਕਿਰਪਾ ਸਤਿਗੁਰੂ ਜੀ ਨੇ ਇਲਾਕੇ ਉੱਤੇ ਕੀਤੀ ਇਸ ਕਿਰਪਾ ਸਦਕਾ ਹੀ ਅੱਜ ਅਸੀਂ ਖੁਸ਼ਹਾਲ ਹਾਂ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲੇ ਮਹੱਲੇ, ਅਸੂ ਦੇ ਮੇਲੇ ਵੀ ਕੀਤੇ ਇਲਾਕਾ ਸ੍ਰੀ ਜੀਵਨ ਨਗਰ ਅਤੇ ਸ੍ਰੀ ਭੈਣੀ ਸਾਹਿਬ ਦੀ ਖੁਸ਼ਹਾਲੀ ਅਤੇ ਖੂਬਸੂਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਮਾਤਾ ਚੰਦ ਕੌਰ ਜੀ ਦੀ ਹੀ ਦੇਣ ਹੈ। ਮਾਤਾ ਜੀ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਫੁਰਮਾਇਆ ਕਰਦੇ ਸਨ ਮੇਰੀ ਸਿੰਘਣੀ ਸੇਵਾ ਤਾਂ ਬਹੁਤ ਕਰਦੀ ਹੈ, ਪਰ ਇਸਦੀ ਇਸ਼ਤਿਹਾਰ ਬਾਜ਼ੀ ਨਹੀਂ ਕਰਦੀ। ਇੱਕ ਦਿਨ ਸਤਿਗੁਰੂ ਜੀ ਨੇ ਮਾਤਾ ਜੀ ਨੂੰ ਕੋਲ ਬਿਠਾਕੇ ਕਿਹਾ ਛੋਟੇ ਕਾਕੇ (ਸਤਿਗੁਰੂ ਉਦੈ ਸਿੰਘ) ਤੇ ਪਹਿਲਾਂ ਹੀ ਬਹੁਤ ਜ਼ੁਮੇਵਾਰੀਆਂ ਹਨ। ਮੇਰਾ ਸਰੀਰ ਬਿਰਧ ਹੋਣ ਕਰਕੇ ਮੇਰਾ ਜੀ ਕਰਦਾ ਹੈ ਕਿ ਦੇਸ਼, ਵਿਦੇਸ਼ ਅਤੇ ਪੰਥ ਦੀਆਂ ਸਾਰੀਆਂ ਜ਼ੁਮੇਵਾਰੀਆਂ ਉਹਨਾਂ ਨੂੰ ਸੰਭਾਲ

Namdhari Elibrary NamdhariElibrary@gmail.com

ਦਿਆ। ਮਾਤਾ ਜੀ ਨੇ ਸਹਿਮਤੀ ਜਤਾ ਦਿੱਤੀ ਇਹ ਸਤਿਗੁਰੂ ਜੀ ਦੇ ਬਚਨ ੨੦੦੨ ਸੰਨ ਦੇ ਹਨ। ਉਸ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦੀ ਜ਼ੁਮੇਵਾਰੀ ਵੀ ਵਰਤਮਾਨ ਸਤਿਗੁਰੂ ਜੀ ਨੂੰ ਸੌਂਪੀ ਗਈ ਜਿਸ ਦਾ ਉਦਘਾਟਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿੱਚ ਕੀਤਾ। ੧੩-੧੨-੧੨ ਨੂੰ ਸਤਿਗੁਰੂ ਜੀ ਦੇਹ ਦਾ ਓਹਲਾ ਕਰ ਗਏ। ਮਾਤਾ ਜੀ ਨੇ ਹੁਕਮ ਅਨੁਸਾਰ ਅੱਗੋ ਤੋਂ ਪੰਥ ਦੀ ਵਾਗਡੋਰ ਸਤਿਗੁਰੂ ਉਦੈ ਸਿੰਘ ਜੀ ਦੇ ਹੱਥ ਸੰਭਾਲੀ ਅਤੇ ਭੋਗ ਵਾਲੇ ਦਿਨ ਗੱਦੀ ਤੇ ਬਿਠਾਕੇ ਮਾਤਾ ਚੰਦ ਕੌਰ ਜੀ ਨੇ ਸਭ ਤੋਂ ਪਹਿਲਾਂ ਮੱਥਾ ਟੇਕ ਕੇ ਸਤਿਗੁਰੂ ਜੀ ਨੂੰ ਥਾਫੜਾ ਦਿੱਤਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਮਸਤਾਨਗੜ੍ਹ ਨੂੰ ਸਮਤਲ ਕਰਨ ਵਾਸਤੇ ਇਲਾਕਾ ਸ੍ਰੀ ਜੀਵਨ ਨਗਰ ਦੇ ਜੋ ਪਰਿਵਾਰਾਂ ਨੇ ਮਾਤਾ ਚੰਦ ਕੌਰ ਜੀ ਦਾ ਸਾਥ ਦਿੱਤਾ ਤੇ ਬੜੀ ਹੀ ਖ਼ੁਸ਼ੀ ਨਾਲ ਸੇਵਾ ਨਿਭਾਈ ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:-

ਪਿੰਡ ਸੰਤ ਨਗਰ: ਹੀਰਾ ਸਿੰਘ ਭਿੰਡਰ, ਬਲਕਾਰ ਸਿੰਘ ਸਰਹਾਲੀ, ਦਲੀਪ ਸਿੰਘ ਜਥੇਦਾਰ, ਦਲੀਪ ਸਿੰਘ ਅਤੇ ਸਵਰਨ ਸਿੰਘ ਢੋਟੀਆਂ, ਹਰੀ ਸਿਘ ਖਾਰੇ ਵਾਲੇ, ਹਰਬੰਸ ਸਿੰਘ ਮੈਂਬਰ, ਬਖਸ਼ੀਸ਼ ਸਿੰਘ ਵਰਨ, ਵਿਰਸਾ ਸਿੰਘ ਕਿਲੇ ਵਾਲੇ, ਮਹਿੰਦਰ ਸਿੰਘ ਭਗਤ, ਹਰਦਿਆਲ ਸਿੰਘ ਬਾਜਵਾ, ਮੱਲ ਸਿੰਘ ਹੁੰਦਲ, ਪਿਆਰਾ ਸਿੰਘ ਨਾਥ, ਗੁਰਬਖਸ਼ ਸਿੰਘ ਕੱਕੜ, ਧਰਮ ਸਿੰਘ ਮੁਕਤਾ, ਜਗਤ ਸਿੰਘ ਘੋੜਿਆਂ ਵਾਲਾ, ਬਸੰਤ ਸਿੰਘ ਚਵਿੰਡਾ, ਗੁਰਮੁਖ ਸਿੰਘ, ਕੰਧਾਰਾ ਸਿੰਘ, ਬਲਦੇਵ ਸਿੰਘ ਕੱਤ ਇਹ ਸਾਰੇ ਸੰਤ ਨਗਰ ਦੇ ਪਰਿਵਾਰ ਸਨ ਖੂਹ ਅੰਮ੍ਰਿਤਸਰੀਆਂ ਤੋਂ ਗੁਰਮੇਲ ਸਿੰਘ ਅਤੇ ਮੁਖਤਿਆਰ ਸਿੰਘ ਲੰਬੜਦਾਰ।

ਪਿੰਡ ਜਗਜੀਤ ਨਗਰ: ਗੁਰਦਿਆਲ ਸਿੰਘ ਬੁਰਜ, ਕੇਹਰ ਸਿੰਘ, ਸੰਤੋਖ ਸਿੰਘ ਬਾਗ ਵਾਲਾ, ਮਹਿੰਦਰ ਸਿੰਘ ਨੇਤਾ, ਪੂਰਣ ਸਿੰਘ ਸੌਖਲ, ਚੰਦੋਵਾਲੀਆ ਬਾਜਵਾ ਪਰਿਵਾਰ, ਭਾਗ ਸਿੰਘ ਅਤੇ ਲਾਭ ਸਿੰਘ ਭਗਤੇ ਵਾਲੇ, ਹਰਬੰਸ ਸਿੰਘ ਅਤੇ ਟਹਿਲ ਸਿੰਘ ਗਿੱਲ, ਮੇਵਾ ਸਿੰਘ ਭਗਤਾ, ਮਹਿੰਦਰ ਸਿੰਘ ਭੰਮੀ ਪੁਰ ਵਾਲੇ।

ਪਿੰਡ ਦਮਦਮਾ: ਨਿਧਾਨ ਸਿੰਘ ਬਾਜੇ ਵਾਲੇ, ਜੀਤ ਸਿੰਘ ਮਲੋਟੀਆ, ਦਰਸ਼ਨ ਸਿੰਘ ਦੁਆਬੀਆ, ਗੁਲਜ਼ਾਰ ਸਿੰਘ, ਮੇਜਰ ਸਿੰਘ ਕੂਕਾ, ਲਛਮਣ ਸਿੰਘ ਚੱਕ ਵਾਲੇ, ਪ੍ਰੀਤਮ ਸਿੰਘ ਗਿੱਲ, ਅਮਰ ਸਿੰਘ ਰੋੜਿਆ ਵਾਲਾ, ਪ੍ਰੀਤਮ ਸਿੰਘ ਗਿੱਲ।

ਪਿੰਡ ਕਰੀਵਾਲਾ: ਅਵਤਾਰ ਸਿੰਘ ਲੋਬਰ, ਸੂਰਤਾ ਸਿੰਘ, ਕਿਰਪਾਲ ਸਿੰਘ ਵਰਨ, ਗੁਰਚਰਨ ਸਿੰਘ ਧੂੰਦਾਂ।

ਰਾਣੀਆਂ ਤੋਂ: ਬਚਨ ਸਿੰਘ ਕਾਹਲੋਂ, ਟਹਿਲ ਸਿੰਘ, ਕਿਸ਼ਨ ਸਿੰਘ ਰਤੀਆ।

ਭੰਭੂਰ ਤੋਂ: ਉਮਰਾਉ ਸਿੰਘ ਕੱਕੜ, ਮਾਨ ਸਿੰਘ ਝੀਂਡੇ ਵਾਲੇ।

ਅਮਰਾਸਰ ਦੋਨੋ: ਲਾਲ ਸਿੰਘ ਲੰਬੜਦਾਰ, ਸੁਖਚੈਨ ਸਿੰਘ ਵਰਪਾਲਾ ਵਾਲੇ, ਪੂਰਨ ਸਿੰਘ ਰਾਣੀਆਂ, ਸੇਵਾ ਸਿੰਘ, ਬਖਸ਼ੀਸ਼ ਸਿੰਘ ਮਦਾਰ, ਪੂਰਨ ਸਿੰਘ ਚੱਕ ਵਾਲਾ, ਗੁਰਦਿਆਲ ਸਿੰਘ ਮਸੋਕੇ ਵਾਲੀਆ।

ਬੁਢੀ ਮਾੜੀ ਤੋਂ: ਤੇਗਾ ਸਿੰਘ ਸਮਸੇਵਾਲੇ, ਸਾਧੂ ਸਿੰਘ ਵਹਿਮੀ, ਮਹਿੰਦਰ ਸਿੰਘ ਸ਼ਹੀਦ।

ਐਲਨਾਬਾਦ ਤੋਂ: ਤਿਰਲੋਕ ਸਿੰਘ ਜਿਸ ਨੇ ਪੁਲੀਆ ਦੀ ਸੇਵਾ ਕੀਤੀ।

ਪਿੰਡ ਨਕੋੜ: ਮਹਿੰਦਰ ਸਿੰਘ ਬੱਲ, ਰਤਨ ਸਿੰਘ ਲੰਬੜਦਾਰ, ਹਰਬੰਸ ਸਿੰਘ ਕੱਕੜ, ਸ਼ਰਸਾ ਸਿੰਘ, ਜੀਤ ਸਿੰਘ ਢੋਟੀਆਂ ਤੇ ਟਹਿਲ ਸਿੰਘ, ਇਹਨਾਂ ਸਾਰਿਆਂ ਪਿੰਡਾਂ ਤੋਂ ਬਗੈਰ ਇਲਾਕੇ ਦੇ ਹੋਰ ਪਿੰਡਾਂ ਨੇ ਵੀ ਮਸਤਾਨਗੜ੍ਹ ਸੇਵਾ ਨਿਭਾਈ।

ਇੱਕ ਦਿਨ ਮਾਤਾ ਜੀ ਨੇ ਆਪਣੇ ਭਰਾਤਾ ਸ. ਬਲੀ ਸਿੰਘ ਜੀ ਨੂੰ ਕਿਹਾ ਕਿ ਬਹੁਤ ਚਿਰ ਹੋਇਆ ਤੁਹਾਡੇ ਪਹਿਲਾਂ ਇਥੇ ਮੇਲਾ ਕੀਤੇ ਨੂੰ ਹੁਣ ਵੀ ਮੇਲਾ ਕਰਵਾ ਦਿਓ। ਮਾਤਾ ਜੀ ਦੇ ਬਚਨ ਨੂੰ ਧਿਆਨ ਵਿੱਚ ਰੱਖਦੇ ਹੋਏ ਬਲੀ ਸਿੰਘ ਨੇ ਆਪਣੇ ਸਪੁਤਰਾਂ ਬਲਦੇਵ ਸਿੰਘ ਕਾਕੂ ਅਤੇ ਅਮਰ ਸਿੰਘ ਅੰਬਾ ਨੂੰ ਕਿਹਾ ਕਿ ਮਾਤਾ ਜੀ ਦੀ ਯਾਦ ਵਿੱਚ ਆਉਣ ਵਾਲਾ ਹੋਲਾ ਮਹੱਲਾ ਕਰਵਾਇਆ ਜਾਏ। ਕਾਕੂ ਨੇ ਆਪਣੇ ਫੁੱਫੜ ਜੀਤ ਸਿੰਘ ਲੰਬੜਦਾਰ ਦਮਦਮਾ ਅਮਰ ਸਿੰਘ, ਕੇਸਰ ਸਿੰਘ ਅਤੇ ਪਿੰਡ ਦੇ ਮੋਜਿਜ਼ ਆਦਮੀਆਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਅਗਲਾ ਹੋਲਾ ਮਹੱਲਾ ਮਾਤਾ ਜੀ ਦੀ ਯਾਦ ਵਿੱਚ ਸ੍ਰੀ ਜਗਜੀਤ ਨਗਰ ਪਿੰਡ ਨੂੰ ਦਿੱਤਾ ਜਾਵੇ ਸਤਿਗੁਰੂ ਉਦੈ ਸਿੰਘ ਜੀ ਨੇ ਅਰਜ਼ ਮਨਜ਼ੂਰ ਕਰ ਲਈ ਤੇ ਹੋਲਾ ਮਹੱਲਾ ਪਿੰਡ ਸ੍ਰੀ ਜਗਜੀਤ ਨਗਰ ਨੂੰ ਦਿੱਤਾ ਗਿਆ। ਸੰਗਤ ਨੇ ਜੈਕਾਰੇ ਛੱਡ ਦਿੱਤੇ। ਸ੍ਰੀ ਜਗਜੀਤ ਨਗਰ ਦੀ ਸੰਗਤ ਨੇ ਬਲਦੇਵ ਸਿੰਘ ਕਾਕੂ ਨੂੰ ਸਹਿਯੋਗ ਦਿੱਤਾ। ਜਿਸ ਕੋਠੀ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਸੂ ਮੇਲੇ ਦਾ ਜਪ ਪ੍ਰਯੋਗ ਕੀਤਾ ਸੀ ਉਸ ਨੂੰ ਨਵਾਂ ਰੂਪ ਦਿੱਤਾ ਗਿਆ। ਇੱਕ ਮੰਦਰ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਬਣਾਇਆ ਗਿਆ ਹੈ। ਆਉਣ ਵਾਲਾ ਹੋਲਾ ਮਹੱਲਾ - ੨੦੧੮ ਮਾਤਾ ਜੀ ਦੇ ਭਰਾਤਾ ਬਲੀ ਸਿੰਘ ਦੇ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਮਨਾਇਆ ਜਾ ਰਿਹਾ ਹੈ। ■

Namdhari Elibrary NamdhariElibrary@gmail.com

ਮਾਤਾ ਜੀ ਦੇ ਬਚਨ ਅਟੱਲ ਸਨ

✍ ਬੀਬੀ ਹਰਭਜਨ ਕੌਰ ਚਾਨਾ (ਯੂ. ਕੇ.)

੨੦੧੦ ਈ: ਦੇ ਮੇਲੇ ਤੋਂ ਬਾਅਦ ਅਸੀਂ ਮਾਤਾ ਜੀ ਦੀ ਕੋਠੀ ਮਾਤਾ ਜੀ ਦੇ ਦਰਸ਼ਨ ਕਰਨ ਗਏ। ਕਿਉਂਕਿ ਉਸ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇਹ ਕਰਕੇ ਸਾਨੂੰ ਢਿਲੇ ਲਗਦੇ ਸੀ। ਇਸ ਕਾਰਨ ਸੰਗਤ ਹਰ ਕੋਈ ਆਪਣਾ ਦੁੱਖ ਮਾਤਾ ਜੀ ਕੋਲ ਆਕੇ ਦੱਸਦੀ ਸੀ। ਚਾਨਾ ਜੀ (ਮੇਰੇ ਪਤੀ ਸੂਬਾ ਕੁਲਦੀਪ ਸਿੰਘ ਚਾਨਾ) ਤੇ ਮੈਂ ਜਦ ਕੋਠੀ ਗਏ ਤਾਂ ਮਾਤਾ ਜੀ ਕੋਲ ਇਕ ਪ੍ਰਵਾਰ ਆਇਆ ਜੋ ਕਿ ਆਪਣੀ ਬੇਟੀ ਵਲੋਂ ਬਹੁਤ ਦੁਖੀ ਸੀ ਉਹ ਆਪਣੇ ਦੁੱਖ ਦੀਆਂ ਗਲਾਂ ਕਰ ਰਿਹਾ ਸੀ। ਜਦ ਉਹ ਆਪਣਾ ਦੁੱਖ ਦਸਕੇ ਚਲੇ ਗਏ ਤਾਂ ਗੱਲਾਂ ਸ਼ੁਰੂ ਹੋਈਆਂ ਕਿ ਨਾਮਧਾਰੀਆਂ ਦੀਆਂ ਲੜਕੀਆਂ ਦੂਸਰੇ ਸਿਖਾਂ ਦੇ ਘਰ ਜਾਂਦੀਆ ਤਾਂ ਮਰਯਾਦਾ ਦੀ ਬਹੁਤ ਮੁਸ਼ਕਿਲ ਆ ਜਾਂਦੀ ਹੈ। ਜੇਕਰ ਦੂਸਰੇ ਸਿਖਾਂ ਦੀ ਬੇਟੀ ਨਾਮਧਾਰੀਆਂ ਦੇ ਨਾਲ ਸੰਜੋਗ ਹੋ ਜਾਏ ਉਸ ਵਿਚ ਵੀ ਜਰੂਰ ਕੋਈ ਮੁਸ਼ਕਿਲ ਆਉਂਦੀ ਹੀ ਹੋਵੇਗੀ। ਇਸ ਬਾਰੇ ਸਾਰਿਆਂ ਨੇ ਆਪਣੇ ਆਪਣੇ ਖਿਆਲ ਦਸੇ। ਮਾਤਾ ਜੀ ਬਚਨ ਕੀਤਾ ਸੰਜੋਗਾਂ ਦੀ ਗੱਲ ਹੁੰਦੀ ਹੈ ਕੋਈ ਕੀ ਕਰ ਸਕਦਾ ਹੈ। ਜਿੰਨੇ ਸਰੀਰ ਬੈਠੇ ਸੀ ਸਭ ਨੇ ਆਪਣੀ ਸਲਾਹ ਦੱਸਣੀ ਸ਼ੁਰੂ ਕੀਤੀ। ਜਦ ਸਾਰੇ ਚਲੇ ਗਏ ਤਾਂ ਮੈ ਹੱਸ ਕੇ ਮਾਤਾ ਜੀ ਨੂੰ ਅਰਜ਼ ਕੀਤੀ ਆਪ ਜੀ ਵੀ ਸਾਨੂੰ ਆਪਣੀ ਪਹਿਲੀ ਕੋਈ ਗਲ ਸੁਣਾਉ। ਬਚਪਨ ਕਿੱਦਾਂ ਬੀਤਿਆ ਸੀ ਬਚਨ ਕੀਤਾ ਜਦ ਮੇਰੇ ਕੋਲ ਸਮਾਂ ਹੋਵੇਗਾ ਤਾਂ ਦੱਸਾਂਗੀ। ਕੁਝ ਦਿਨਾਂ ਬਾਦ ਕੋਠੀ ਗਏ ਤਾ ਮਾਤਾ ਜੀ ਸਤਿਗੁਰਾਂ ਦੀ ਕੋਠੀ ਵੱਲ ਚੱਲੇ ਸੀ। ਹੁਕਮ ਹੋਇਆ ਤੂੰ ਵੀ ਆਜਾ, ਉਥੇ ਬਹੁਤ ਸੰਗਤ ਨਹੀਂ ਹੁੰਦੀ। ਜੱਦ ਉਥੇ ਗਏ, ਤਾਂ ਮਾਤਾ ਜੀ ਸਤਿਗੁਰਾਂ ਦੀ ਕੋਠੀ ਅੰਦਰ ਵੜਦਿਆਂ ਹੀ ਜੋ ਕਮਰਾ ਪਹਿਲਾਂ ਹੈ ਉਥੇ ਸਾਨੂੰ ਹੁਕਮ ਕੀਤਾ ਬੈਠ ਜਾਓ। ਕੁੱਝ ਸਮੇਂ ਬਾਦ ਆਖਣ ਲਗੇ ਸਤਿਗੁਰਾਂ ਦੇ ਦਰਸ਼ਨ ਕਰਨੇ ਹਨ ਤਾਂ ਕਰ ਆਉ। ਉਸ ਤੋਂ ਬਾਦ ਮਾਤਾ ਜੀ ਸਾਡੇ ਕੋਲ ਬੈਠ ਗਏ ਬਚਨ ਕੀਤਾ ਜੋ ਉਸ ਦਿਨ ਪੁਛਦੀ ਸੀ ਹੁਣ ਪੁਛ। ਮੈਂ ਅਰਜ਼ ਕੀਤੀ ਮਾਤਾ ਜੀ ਮੇਰਾ ਦਿਲ ਕਰਦਾ ਹੈ ਸੁਣਾ, ਆਪ ਜੀ ਦਾ ਬਚਪਨ ਕਿਸ ਤਰਾਂ ਦਾ ਸੀ। ਮਾਤਾ ਜੀ ਬਚਨ ਕੀਤਾ ਮੇਰਾ ਬਚਪਨ ਕਿਵੇਂ ਸੀ, ਲੈ ਸੁਣ। ਮੇਰੇ ਪਿਤਾ ਜੀ ਨਾਮਧਾਰੀ ਨਹੀਂ ਸਨ ਪਰ ਮੇਰੇ ਨਾਨਕੇ ਪ੍ਰਵਾਰ ਦਾ ਘਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ਰਧਾਲੂ ਸਨ। ਨਾਨਾ ਮੰਨਾ ਸਿੰਘ ਅਤੇ ਨਾਨੀ ਦਇਆ ਕੋਰ ਜੀ ਕੋਲ ਮੇਰਾ ਬਚਪਨ ਦਾ ਸਮਾਂ ਸਾਰਾ ਬੀਤਿਆ ਮੈਨੂੰ ਨਾਨਕਿਆਂ ਨਾਲ ਬਹੁਤ ਪਿਆਰ ਸੀ। ਮੇਰਾ ਪਹਿਲਾਂ ਨਾਮ ਕਰਤਾਰ ਕੌਰ ਸੀ। ਮਾਤਾ ਜੀ ਕ੍ਰਿਪਾ ਕੀਤੀ ਦਸਿਆ ਮੈਂ ਨਾਨਕੇ ਘਰ ਰਹੀ ਉਥੇ ਪ੍ਰਵਾਰ ਵੱਡਾ ਸੀ ਅਤੇ ਸੇਵਾ ਭਾਵ ਵਾਲਾ। ਉਥੇ ਮੈਨੂੰ ਸਭ ਦੀ ਸੇਵਾ ਕਰਨੀ ਬਹੁਤ ਚੰਗੀ ਲਗਦੀ ਸੀ। ਇਕ ਵਾਰ ਮੈਨੂੰ ਮੇਰੀ ਮਾਤਾ ਸਮਾ ਕੋਰ ਜੀ ਦੇ ਮਾਮਾ ਜੀ ਸੂਬਾ ਇੰਦਰ ਸਿੰਘ ਜੀ ਮੈਨੂੰ ਆਪਣੇ ਨਾਲ ਸ੍ਰੀ ਭੈਣੀ ਸਾਹਿਬ ਪ੍ਰਯੋਗਾਂ ਦੇ ਮੇਲੇ ਤੇ ਨਾਲ ਲੈ ਗਏ। ਉਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੇਵਾ ਦਾ ਹੁਕਮ ਲਾ ਦਿਤਾ ਤੇ ਮੈਂ ਵੀ ਸਾਧਾ ਦੀ ਸੇਵਾ ਵੱਲ ਲਗ ਗਈ। ਸੇਵਾ ਤੋ ਖੁਸ਼ ਹੋਕੇ ਸ੍ਰੀ ਸਤਿਗੂਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ ਕਿ ਇਹ ਗੁਰੂ ਘਰ ਦੀ ਸੇਵਾ ਬਹੁਤ ਸੋਹਣੀ ਕਰਦੀ ਏ ਤੇ ਆਪਣੇ ਵੱਡੇ ਸਾਹਿਬਜਾਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੰਜੋਗ ਬਣਾ ਦਿਤਾ ਅਤੇ ਨਾਮ ਚੰਦ ਕੌਰ ਰਖਿਆ। ਉਹਨਾਂ ਦੀ ਕ੍ਰਿਪਾ ਹੈ। ਇਹ ਸੇਵਾ ਮੇਰੇ ਪੱਲੇ ਸਤਿਗੁਰਾਂ ਪਾਈ ਹੈ। ਮੈਨੂੰ ਸਾਧ ਸੰਗਤ ਦੀ ਸੇਵਾ ਦਾ ਸਮਾਂ ਮਿਲਿਆ। ਇਹ ਸਭ ਪਿਛਲੇ ਸੰਜੋਗ ਹੁੰਦੇ ਹਨ। ਕਰਮਾਂ ਨਾਲ ਮਿਲਦੇ ਹਨ। ਤੁਸੀਂ ਵੀ ਸੇਵਾ ਕਰੋ ਇਸ ਮਾਨਸ ਜਨਮ ਦਾ ਲਾਭ ਲਵੋ॥ ਧੰਨ ਮਾਤਾ ਚੰਦ ਕੌਰ ਜੀ ਜੋ ਹਰ ਸਮੇਂ ਸਾਨੂੰ ਸਿਧਾ ਰਾਹ ਦੱਸਦੇ ਸਨ।

ਮਾਤਾ ਜੀ ਦੇ ਕਮਰੇ ਵਿਚ ਰੌਣਕਾਂ ਲਗੀਆਂ ਹੋਈਆਂ ਸੀ। ਇਕ ਵਾਰੀ ਸੂਬਾ ਜੀ ਤੇ ਮੈਂ ਅਸੀਂ ਦੋਵੇਂ ਮਾਤਾ ਜੀ ਦੇ ਦਰਸ਼ਨ ਕਰਨ ਪਹੁੰਚੇ। ਮਾਤਾ ਜੀ ਬਚਨ ਕੀਤਾ, ਆਉ ਤੁਸੀਂ ਵੀ ਇਥੇ ਬੈਠੋ, ਬੈਠਦਿਆਂ ਹੀ ਮੈ ਚਰਨਾਂ ਤੇ ਨਮਸਕਾਰ ਕੀਤੀ ਤਾਂ ਵੇਖਿਆ ਮਾਤਾ ਜੀ ਦੇ ਇਕ ਚਰਨ ਤੇ ਕਾਫੀ ਸੋਜ ਸੀ। ਮੈਂ ਅਰਜ ਕੀਤੀ ਮਾਤਾ ਜੀ ਆਪ ਜੀ ਦੇ ਚਰਨ ਤੇ ਬਹੁਤ ਸੋਜ ਹੈ? ਮਾਤਾ ਜੀ ਬਚਨ ਕੀਤਾ ਹਾਂ ਮੈਂ ਡਿਗ ਪਈ ਸੀ ਉਸ ਨਾਲ ਸੋਜ ਪੈ ਗਈ। ਮੈਂ ਹੱਥ ਜੋੜ ਕੇ ਅਰਜ਼ ਕੀਤੀ, ਮਾਤਾ ਜੀ ਫਿਰ ਆਪ ਜੀ ਨੇ ਡਾਕਟਰ ਨੂੰ ਦਿਖਾਣਾ ਸੀ। ਬਚਨ ਕੀਤਾ ਉਹਨਾਂ

Namdhari Elibrary NamdhariElibrary@gmail.com

ਨੂੰ ਇਸ ਦਾ ਕੀ ਦਿਖਾਣਾ ਸੀ ਆਪੇ ਠੀਕ ਹੋ ਜਾਵੇਗਾ। ਮੈਂ ਫਿਰ ਅਰਜ਼ ਕੀਤੀ, ਮਾਤਾ ਜੀ ਮੇਲੇ ਵਿੱਚ ਆਪ ਜੀ ਨੇ ਤਾਂ ਬਹੁਤ ਕੰਮ ਕਰਨੇ ਹਨ। ਮਾਤਾ ਜੀ ਏਹ ਸੁਣ ਕੇ ਹੱਸ ਪਏ ਬਚਨ ਕੀਤਾ ਇਸ ਨੇ ਆਪਣਾ ਕੰਮ ਕਰੀ ਜਾਣਾ ਮੈਂ ਆਪਣਾ। ਬੀਬੀ ਤੂੰ ਤਾਂ ਬਹੁਤ ਫਿਕਰ ਵਿਚ ਪੈ ਗਈ ਇਹ ਕੋਈ ਫ਼ਿਕਰ ਵਾਲੀ ਗੱਲ ਨਹੀ। ਇਹ ਸਰੀਰ ਜਿੰਨੀ ਵੀ ਸੇਵਾ ਕਰੇ ਚੰਗਾ ਰਹਿੰਦਾ ਹੈ। ਮਾਤਾ ਚੰਦ ਕੌਰ ਜੀ ਨੇ ਸੇਵਾ ਇਕ ਆਪਣਾ ਸ਼ਿੰਗਾਰ ਬਣਾਇਆ ਹੋਇਆ ਸੀ।

ਇਕ ਵਾਰ ਲੰਡਨ ਦੇ ਦੌਰੇ ਸਮੇਂ ਮਾਤਾ ਜੀ ਘਰ ਚਰਨ ਪਾਏ। ਗੁਰਤੇਜ ਪਾਲ ਸਿੰਘ ਤੇ ਸੁਖਵਿੰਦਰ ਸਿੰਘ ਬੇਟੇ ਹਾਲੇ ਆਪਣੀ ਪੜ੍ਹਾਈ ਕਰਦੇ ਸਨ ਉਹ ਮਾਤਾ ਜੀ ਦੇ ਘਰ ਚਰਨ ਪਾਣ ਆਇਆਂ ਤੇ ਇਤਨੇ ਖ਼ੁਸ਼ ਸਨ ਕਿ ਜਿਥੇ ਵੀ ਮਾਤਾ ਜੀ ਜਾਂਦੇ ਹਰ ਪਾਸੇ ਮਾਤਾ ਜੀ ਦੀ ਫੋਟੋ ਖਿਚੀ ਜਾਣ। ਮਾਤਾ ਜੀ ਹੱਸ ਕੇ ਬਚਨ ਕੀਤਾ ਅੱਗੇ ਤੁਸੀਂ ਬਥੇਰੀਆਂ ਫੋਟੋ ਖਿਚੀਆਂ ਹੋਈਆਂ ਹਨ। ਉਹ ਬਹੁਤ ਹਨ ਹੋਰ ਕੀ ਕਰਨੀਆ ਨੇ, ਪਰ ਉਹਨਾਂ ਦਾ ਬਚਪਣਾ ਉਹ ਇਸ ਦਾ ਭਾਵ ਨਾ ਸਮਝੇ ਅਤੇ ਚੋਰੀ ਚੋਰੀ ਖਿਚੀ ਗਏ ਅਤੇ ਬੜੇ ਖ਼ੁਸ਼ ਸਨ, ਮਾਤਾ ਜੀ ਦੇ ਦੌਰੇ ਤੋਂ ਬਾਦ ਆਖਣ ਲਗੇ ਅਸੀ ਮਾਤਾ ਜੀ ਦੀਆਂ ਬਹੁਤ ਸੋਹਣੀਆਂ ਫੋਟੋ ਖਿਚੀਆਂ ਹਨ। ਜਦ ਰੀਲ ਧੁਆਵਾਂਗੇ ਤਾਂ ਵੇਖਣਾ। ਉਹਨਾਂ ਜਦ ਰੀਲ ਧੁਆਈ ਤਾਂ ਵੇਖਿਆ ਉਹਨਾਂ ਵਿਚੋਂ ਕੋਈ ਵੀ ਫੋਟੋ ਨਹੀਂ ਆਈ ਫਿਰ ਸਮਝ ਪਈ ਕਿ ਮਾਤਾ ਜੀ ਬਚਨ ਕੀਤਾ ਸੀ ਨਾ ਖਿਚੋ। ਏਸੇ ਤਰ੍ਹਾਂ ਹੋਰ ਕਈਆਂ ਨਾਲ ਇਹੋ ਜਿਹੇ ਬਚਨ ਹੋਏ ਤਾਂ ਉਹਨਾਂ ਨਾਲ ਵੀ ਏਸੇ ਤਰ੍ਹਾਂ ਹੋਈ। ਮਾਤਾ ਜੀ ਦੇ ਬਚਨ ਅਟਲ ਸਨ।

ਮਾਤਾ ਜੀ ਸਭ ਦਾ ਧਿਆਨ ਰੱਖਦੇ ਸਨ ਇਕ ਵਾਰ ਕੀਨੀਆ ਨਰੋਬੀ ਦੇ ਦੌਰੇ ਸਮੇਂ ਸਤਿਗੁਰਾਂ ਦਾ ਡੇਰਾ ਸਰਵਨ ਸਿੰਘ ਸੋਖੀ ਦੇ ਘਰ ਸੀ। ਉਥੇ ਬੀਬੀਆਂ ਨਾਮਧਾਰੀ ਮਰਯਾਦਾ ਦੇ ਕਪੜੇ ਸੀਣੇ ਤੇ ਕੱਟਣੇ ਸਿਖਦੀਆਂ ਸਨ। ਉਥੇ ਹੀ ਸਾਡੇ ਭੈਣ ਜੀ ਕ੍ਰਿਪਾਲ ਕੌਰ ਭਮਰਾ ਰਹਿੰਦੇ ਸੀ। ਬੀਬੀਆਂ ਨੇ ਕੁੱਝ ਕਪੜੇ ਕੱਟਕੇ ਬਚੀਆਂ ਹੋਈਆਂ ਕਾਤਰਾਂ ਇਕ ਪਾਸੇ ਕਰ ਦਿੱਤੀਆਂ ਸੀ ਕਿ ਜਦ ਉਠਾਂਗੇ ਤਾਂ ਸੁਟ ਦੇਵਾਂਗੇ। ਉਸੇ ਕਮਰੇ ਵਿਚ ਮਾਤਾ ਜੀ ਆ ਦਰਸ਼ਨ ਦਿੱਤੇ। ਮਾਤਾ ਜੀ ਆਂਦਿਆਂ ਹੀ ਵੇਖਿਆ ਕਿ ਇਕ ਪਾਸੇ ਕਪੜਿਆਂ ਦੀਆਂ ਕਾਤਰਾਂ ਕਟੀਆਂ ਪਈਆਂ ਹੋਈਆਂ ਹਨ, ਮਾਤਾ ਜੀ ਬਚਨ ਕੀਤਾ। ਇਹ ਕੀ ਹੈ ? ਬੀਬੀਆਂ ਆਖਿਆ ਮਾਤਾ ਜੀ ਕਪੜਿਆਂ ਦੀਆਂ ਕੱਟੀਆਂ ਕਾਤਰਾਂ ਹਨ। ਮਾਤਾ ਜੀ ਬਚਨ ਕੀਤਾ ਤੁਸੀਂ ਐਦਾਂ ਨਾਂ ਕਰੋ, ਇਹ ਸਾਰੀਆਂ ਕਾਤਰਾਂ ਚੁਕੋ ਅਤੇ ਨਾੜੇ ਸੀਉਂ ਕੰਮ ਆਉਣਗੇ। ਇਹ ਮਾਤਾ ਜੀ ਦੀ ਕਿਸੇ ਵੀ ਨਿਗੁਣੀ ਵਸਤੂ ਦੀ ਸੁੱਚਜੀ ਵਰਤੋਂ ਕਰਨ ਦੀ ਜੁਗਤ ਸੀ।

ਇਸ ਮਾਤਾ ਦਾ ਸਭ ਨਾਲ ਪਿਆਰ ਸੀ ਅਤੇ ਇਹ ਸਭ ਦਾ ਖਿਆਲ ਰੱਖਦੇ ਅਤੇ ਹਰ ਤਰਾਂ ਦੀ ਸਿਖਿਆ ਦਿੰਦੇ ਜਿਸ ਨਾਲ ਜੀਵਨ ਵਿਚ ਜੀਣ ਦੀ ਚੰਗੀ ਜਾਚ ਆਉਂਦੀ ਤੇ ਸੁਖ ਮਿਲਦਾ।

ਇਹ ਮਾਂ ਧੀਆ ਪੁਤਰਾਂ ਨੂੰ
ਮੱਤਾ ਦੇ ਸਮਝਾਂਦੀ ਸੀ।
ਉਹਨਾਂ ਦੇ ਬੱਚੇ ਵਿਆਹ ਕੇ
ਤੇ ਖਰਚੇ ਤੋਂ ਬਚਾਂਦੀ ਸੀ॥

ਇਕ ਵਾਰ ੧੯੬੩ ਈ; ਵਿਚ ਜੱਦ ਬੇਟਾ ਸੁਖਵਿੰਦਰ ਸਿੰਘ ਸਾਢੇ ਤਿੰਨ ਕੁ ਸਾਲ ਦਾ ਸੀ। ਮੈਂ ਭੈਣੀ ਸਾਹਿਬ ਸਤਿਗੁਰਾਂ ਦੇ ਦਰਸ਼ਨ ਕਰਨ ਜਾਣਾ ਸੀ। ਲੁਧਿਆਣੇ ਚਾਚੀ ਹਰਬੰਸ ਕੌਰ ਚਾਨਾ ਜੀ ਰਹਿੰਦੇ ਸੀ ਉਹਨਾਂ ਆਖਿਆ ਮੈਂ ਵੀ ਤੇਰੇ ਨਾਲ ਭੈਣੀ ਸਾਹਿਬ ਚਲਾਂਗੀ। ਤੂੰ ਰਾਤ ਏਥੇ ਮੇਰੇ ਕੋਲ ਰਹੀਂ ਸਵੇਰੇ ਭੈਣੀ ਸਾਹਿਬ ਚਲਾਂਗੇ। ਮੈਂ ਉਥੇ ਸ਼ਾਮ ਨੂੰ ਪਹੁੰਚੀ ਤਾਂ ਸਾਰੇ ਨਿਆਣੇ ਬਾਹਰ ਖੇਡਦੇ ਸੀ ਸੁਖਵਿੰਦਰ ਵੀ ਉਹਨਾਂ ਨਾਲ ਖੇਡਣ ਚਲਾ ਗਿਆ ਪਰ ਸਾਨੂੰ ਪਤਾ ਨਾ ਲਗਿਆ ਇਹ ਸਾਰੀ ਰਾਤ ਨਾਂ ਸੌਵੇ ਅਤੇ ਰੋਈ ਜਾਵੇ। ਸਾਰੀ ਰਾਤ ਇਸ ਨਾਲ ਆਪ ਵੀ ਏਸੇ ਤਰ੍ਹਾਂ ਕਟੀ। ਸਵੇਰੇ ਚਾਚੀ ਜੀ ਆਖਣ ਲਗੇ ਕਿਦਾ ਕਰਨੀ ਹੈ। ਇਹ ਤਾਂ ਸਾਰੀ ਰਾਤ ਠੀਕ ਨਹੀਂ ਰਿਹਾ। ਮੈਂ ਆਖਿਆ ਜਲੰਧਰੋਂ ਭੈਣੀ ਸਾਹਿਬ ਜਾਣ ਲਈ ਆਈ ਹਾਂ ਉਥੇ ਮਥਾ ਟੇਕ ਕੇ ਹੀ ਜਾਣਾ ਹੈ। ਇਸ ਨੂੰ ਏਸੇ ਤਰ੍ਹਾਂ ਲੈ ਜਾਂਦੀ ਹਾਂ। ਵੇਖੀ ਜਾਵੇਗੀ ਜੋ ਸਤਿਗੁਰਾਂ ਨੂੰ ਮਨਜ਼ੂਰ ਹੋਵੇਗਾ ਉਹ ਹੀ ਹੋਣਾ ਹੈ।

ਜਦ ਅਸੀਂ ਬਸ ਵਿਚ ਭੈਣੀ ਸਾਹਿਬ ਪਹੁੰਚੇ ਬੇਟਾ ਉਸੇ ਤਰਾਂ ਰੋਈ ਜਾਵੇ ਹੱਥਾਂ ਤੋਂ ਨਿਕਲਦਾ ਜਾਵੇ ਤੜਫਦਾ ਵੇਖ ਨਾ ਹੋਵੇ, ਪਰ ਪਤਾ ਨਾ ਲਗੇ ਕੀ ਕਰੀਏ। ਅਗੋਂ ਪਹੁੰਚਦਿਆਂ ਹੀ ਮਾਤਾ ਜੀ ਦੇ ਦਰਸ਼ਨ ਹੋਏ। ਮਾਤਾ ਜੀ ਇਕ ਮੰਜੀ ਤੇ ਬੈਠੇ ਸਨ ਨਮਸਕਾਰ ਕਰਦਿਆਂ ਹੀ ਮਾਤਾ ਜੀ ਬਚਨ ਕੀਤਾ ਬੀਬੀ ਇਹ ਬੇਟਾ ਕਿਉਂ ਰੋਂਦਾ ਹੈ। ਦੱਸਿਆ ਮਾਤਾ ਜੀ ਪਤਾ ਨਹੀਂ ਕਿਉਂ ਰਾਤ ਦਾ ਏਸੇ ਤਰ੍ਹਾਂ ਕਰਦਾ ਹੈ, ਸਮਝ ਨਹੀਂ ਆਉਂਦੀ। ਬਚਨ ਹੋਇਆ ਇਹਨੂੰ ਮੈਨੂੰ ਫੜਾ। ਮੈਂ ਉਸ ਨੂੰ ਮਾਤਾ ਜੀ ਦੀ ਗੋਦ ਵਿਚ ਪਾ ਦਿੱਤਾ, ਮਾਤਾ ਜੀ ਝੱਟ ਬਚਨ ਕੀਤਾ ਇਹ ਕੀ ਕਰੇ ਇਸ ਦੇ ਤਾਂ ਸੱਪ ਦੀ ਫੂਕ ਲਗੀ ਹੋਈ ਹੈ ਤੜਫੇ ਨਾ ਤਾਂ ਹੋਰ ਕੀ ਕਰੇ। ਝਟ ਪਟ ਮਾਤਾ ਜੀ ਨੇ ਇਕ ਸੰਤਾਂ ਨੂੰ ਬੁਲਾਇਆ ਉਹਨਾਂ ਕੋਈ ਸ਼ਬਦ ਪੜ੍ਹਿਆ ਅਤੇ ਪੈਰ ਉਪਰ ਹੱਥ ਫੇਰਿਆ ਕੁਝ ਲਗਾਇਆ ਉਹ ਮੈਨੂੰ ਨਹੀ ਪਤਾ। ਬੇਟਾ ਉਸੇ ਵਕਤ ਚੁਪ ਕਰ ਗਿਆ ਮਾਤਾ ਜੀ ਦੁਧ ਮੰਗਵਾਕੇ ਪਿਲਾਇਆ ਉਸ ਨੇ ਪੀ ਲਿਆ। ਮਾਤਾ ਜੀ ਬਚਨ ਕੀਤਾ ਲੈ ਫੜ ਹੁਣ ਖ਼ੁਸ਼ ਹੈ।

ਇਹ ਮਾਤਾ ਜੀ ਧੰਨ ਸਨ ਜੇਹੜੇ
ਵੇਖਦੇ ਹੀ ਦੁਖੀ ਦੇ ਦੁਖ ਜਾਣ ਜਾਂਦੇ ਸਨ।
ਦੁਖੀਆਂ ਨੂੰ ਸੁਖ ਦੀਆਂ ਝੋਲੀਆਂ
ਭਰ ਭਰ ਕੇ ਘਰਾਂ ਨੂੰ ਤੋਰੀ ਜਾਂਦੇ ਸਨ॥

■

Namdhari Elibrary NamdhariElibrary@gmail.com

ਸੁੱਖਾਂ ਦੀਆਂ ਝੋਲੀਆਂ ਭਰਨ ਵਾਲੇ ਮਾਤਾ ਚੰਦ ਕੌਰ ਜੀ

✍ ਸੰਤ ਪੂਰਨ ਸਿੰਘ ਨਿਰਾਲਾ

ਸੰਤ ਸੁਰਜਨ ਸਿੰਘ ਮਾਤਾ ਚੰਦ ਕੌਰ ਜੀ ਦੇ ਵਿਦਿਆ ਗੁਰੂ ਸਨ। ਪੰਜ ਗਰੰਥੀ ਮਾਤਾ ਜੀ ਨੂੰ ਇਹਨਾਂ ਨੇ ਪੜਾਈ ਸੀ। ਬਾਬਾ ਗੰਡਾ ਸਿੰਘ ਜੀ ਜਦੋਂ ਅਰਦਾਸ ਕਰਦੇ ਹੁੰਦੇ ਸੀ ਸਤਿਗੁਰੂ ਨਾਨਕ ਦੇਵ ਜੀ ਤੋਂ ਲੈਕੇ ਸਤਿਗੁਰੂ ਰਾਮ ਸਿੰਘ ਜੀ ਤੇ ਮਾਤਾ ਚੰਦ ਕੌਰ ਜੀ ਤੱਕ ਨਾਮ ਲਿਆ ਕਰਦੇ ਸੀ। ਆਖਣਾ ਇਹ ਸ਼ਕਤੀ ਹੈ ਸ਼ਕਤੀ ਜਿੰਨੇ ਦੇਵਤਿਆਂ ਨੂੰ ਸ਼ਕਤੀ ਦਿੱਤੀ ਸੀ ਤੇ ਦੈਂਤਾ ਦਾ ਸੰਘਾਰ ਕੀਤਾ ਸੀ। ਇਹ ਜਾਮਾਂ ਤੇ ਭਾਵੇਂ ਔਰਤ ਦਾ ਹੈ ਪਰ ਹੈ ਸ਼ਕਤੀ। ਬਾਬਾ ਗੰਡਾ ਸਿੰਘ ਇਹ ਬਚਨ ਕਰਿਆ ਕਰਦੇ ਸਨ। ਮਾਤਾ ਜੀ ਵਿੱਚ ਸਹਿਣ ਸ਼ਕਤੀ ਵੀ ਬੜੀ ਸੀ। ਉਹਨਾਂ ਆਏ ਗਏ ਸਾਧਾਂ ਦੀ ਬੜੀ ਸੇਵਾ ਕਰਨੀ। ਵੱਡੇ ਸੰਤ ਪ੍ਰੀਤਮ ਸਿੰਘ ਚੇਲੇਕਿਆ ਵਾਲੇ, ਸੰਤ ਅੱਛਰ ਸਿੰਘ, ਸੰਤ ਮੰਗਲ ਸਿੰਘ ਅਤੇ ਸੰਤ ਅਤਰ ਸਿੰਘ, ਸੰਤ ਸੁਰਜਨ ਸਿੰਘ, ਬਾਬਾ ਗੰਡਾ ਸਿੰਘ ਹੋਰ ਵੀ ਬੜੇ ਸੰਤ ਸਨ ਉਹਨਾਂ ਦੀਆਂ ਕੁਟੀਆਂ ਦੇ ਅੱਗੇ ਤੱਕ ਬੁਹਾਰੀ ਆਪ ਫੇਰਨੀ। ਬੀਬੀ ਜੀ ਨੇ ਜਦੋਂ ਟੋਕਰਾ ਜਾਂ ਬੱਠਲ ਚੁੱਕ ਕੇ ਆਉਣਾ ਤੇ ਬਾਬਾ ਗੰਡਾ ਸਿੰਘ ਜੀ ਦੋਵੇਂ ਬਾਹਵਾਂ ਉਹਨਾਂ ਵੱਲ ਕਰਕੇ ਆਖਣਾ ਧੰਨ ਧੰਨ ਮਾਤਾ ਚੰਦ ਕੌਰ ਜੀ।

ਨਰਮੇਂ ਤੇ ਕਪਾਹਵਾਂ ਦੀ ਚੁਗਾਈ ਦਾ ਕੰਮ ਵੀ ਬੜਾ ਤਕੜਾ ਕੰਮ ਸੀ ਜੋ ਮਾਤਾ ਜੀ ਨੇ ਬੀਬੀਆਂ ਨੂੰ ਨਾਲ ਲੈਕੇ ਬੜੀ ਜੁੰਮੇਵਾਰੀ ਨਾਲ ਸਾਂਭਿਆ ਪੰਦਰਾਂ ਸੋਲਾਂ ਘੰਟੇ ਸੇਵਾ ਕਰਨੀ। ਰਾਤ ਦਿਨ ਨਹੀਂ ਵੇਖਣਾ। ਬੜੀ ਜ਼ੁਮੇਵਾਰੀ ਨਾਲ ਸੇਵਾ ਕਰਦੇ ਸਨ। ਬੱਸ ਸੇਵਾ ਕਰੀ ਜਾਣੀ ਤੇ ਕਰਵਾਈ ਜਾਣੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਖ ਕੇ ਬੜੇ ਖ਼ੁਸ਼ ਹੁੰਦੇ। ਉਦੋਂ ਕੱਚੇ ਕੋਠੇ ਹੁੰਦੇ ਸਨ ਮੀਂਹ ਪੈਣਾ ਬਨੇਰਿਆਂ ਤੇ ਕੰਧਾਂ ਤੇ ਪੱਲੀਆਂ ਬੋਰੀਆਂ ਪਾਉਣੀਆਂ। ਮਿਸਤਰੀ ਸੇਵਾ ਸਿੰਘ ਲੋਹਰੀਆਂ ਤੇ ਤਾਰਾ ਸਿੰਘ ਨਕੋੜਿਆਂ ਵਾਲਿਆ ਦੱਸਣਾ ਕਿ ਜਦੋਂ ਮੀਂਹ ਬੰਦ ਹੋਣਾ ਕੁਝ ਬਨੇਰੇ ਸੁੱਕ ਜਾਣੇ ਤੇ ਫੇਰ ਦੱਸ-ਦੱਸ ਗੱਡੇ ਮਿੱਟੀ ਮੰਗਵਾਉਣੀ ਤੇ ਘਾਣੀ ਬਣਵਾਕੇ ਲਿਪਨ ਲਿਪੌਣ ਦੀ ਕੋਸ਼ਿਸ਼ ਕਰਨੀ। ਨਾਲ ਆਪ ਲੱਗ ਕੇ ਮਾਤਾ ਜੀ ਨੇ ਸੇਵਾ ਕਰਨੀ ਥੱਕਣਾ ਤੇ ਹੈ ਹੀ ਨਹੀਂ। ਫੇਰ ਉਪਰ ਗੋਹਾ ਮਿੱਟੀ ਆਪ ਬਠੱਲ ਚੁਕ ਕੇ ਲਿਆਉਣੇ ਬੀਬੀਆਂ ਨੂੰ ਨਾਲ ਲੈਕੇ ਪੋਚਾ ਫੇਰਨਾ ਮਾਤਾ ਜੀ ਦੀ ਸੇਵਾ ਦਾ ਕੋਈ ਅੰਤ ਨਹੀਂ ਸੀ।

ਸਤਿਗੁਰੂ ਪ੍ਰਤਾਪ ਸਿੰਘ ਦੀ ਦੇਹ ਵਲੀਨ ਹੋਣ ਤੋਂ ਬਾਅਦ ੧੯੫੯ ਈ. ਨੂੰ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਬੈਠੇ ਫੇਰ ਮਾਤਾ ਜੀ ਨੇ ਪਿੱਛਾ ਪਰਤ ਕੇ ਨਹੀਂ ਵੇਖਿਆ ਮਸਤਾਨਗੜ੍ਹ ਆਬਾਦ ਕਰਨ ਦਾ ਕੰਮ ਮਾਤਾ ਜੀ ਦੀ ਖਾਸ ਡਿਊਟੀ ਲਾਈ ਗਈ ਸੀ। ਜੰਗਲ ਪਟਵਾਣਾ ਤੇ ਕਰਾਇਆ ਫਰਵਾਨਾ ਬੜਾ ਤਗੜਾ ਕੰਮ ਸੀ। ਚੌਦਾਂ-ਚੌਦਾਂ ਘੰਟੇ ਉੱਤੇ ਖਲੋ ਕੇ ਕੰਮ ਕਰਵਾਉਣਾ। ਮਾਤਾ ਜੀ ਜੋ ਬਚਨ ਕਰਨਾ ਉਹ ਸੱਚ ਹੋਣਾ ਜਿਵੇਂ ਇੱਕ ਦਿਨ ਬਿਹਾਰ ਤੋਂ ਇੱਕ ਸਿੰਘ, ਸਿੰਘਣੀ ਆਏ ਮਾਤਾ ਜੀ ਅੱਗੇ ਅਰਜ਼ ਕਰਨੀ ਚਾਹੁੰਦੇ ਸਨ ਮਾਤਾ ਜੀ ਲੰਗਰ ਵਿੱਚ ਭਾਜਾ ਚੀਰਨ ਦਾ ਕੰਮ ਕਰਦੇ ਤੇ ਕਰਵਾ ਰਹੇ ਸਨ। ਸੇਵਾ ਸਿੰਘ ਲਾਹੋਰੀਆ ਉਹਨਾਂ ਦੋਵਾਂ ਨੂੰ ਨਾਲ ਲੈ ਕੇ ਆਇਆ। ਲੰਗਰ ਵਿੱਚ ਆਕੇ ਦੋਵਾਂ ਨੇ ਮਾਤਾ ਜੀ ਦੇ ਚਰਨਾਂ ਤੇ ਮਥਾ ਟੇਕਿਆ ਚਰਨਾਂ ਤੇ ਹੀ ਡਿੱਗ ਪਏ ਨੇਤਰਾਂ ਦੇ ਜਲ ਨੇ ਮਾਤਾ ਜੀ ਦੇ ਚਰਨ ਧੋ ਦਿੱਤੇ ਨਾਲ ਹੀ ਧਰਤੀ ਗਿੱਲੀ ਹੋ ਗਈ ਫੇਰ ਮਾਤਾ ਜੀ ਨੇ ਬੜੇ ਪਿਆਰ ਨਾਲ ਸਿਰ ਤੇ ਹੱਥ ਰੱਖ ਕੇ ਉਠਾਇਆ ਤੇ ਸਤਿਕਾਰ ਨਾਲ ਪੁੱਛਿਆ। ਭਾਈ ਕੀ ਦੁੱਖ ਹੈ, ਉਹਨਾਂ

Namdhari Elibrary NamdhariElibrary@gmail.com

ਦੋਵਾਂ ਹੱਥ ਜੋੜ ਕੇ ਅਰਜ਼ ਕੀਤੀ, ਮਾਤਾ ਜੀ ਬੜੀ ਤੰਗੀ ਆ ਗਈ ਹੈ, ਕਾਰੋਬਾਰ ਨਹੀਂ ਚਲਦਾ ਬਸ ਠੱਪ ਹੋ ਗਿਆ ਹੈ। ਪਹਿਲਾਂ ਬੜਾ ਕਾਰੋਬਾਰ ਸੀ, ਬਿਸਤਰਿਆਂ ਦਾ ਕੰਮ ਕਰਦੇ ਸਾਂ। ਹੁਣ ਤਾਂ ਕੰਮ ਜਮਾਂ ਹੀ ਠਪ ਹੋ ਗਿਆ ਏ। ਕੋਠੀ ਗਹਿਣੇ ਪੈ ਗਈ ਹੈ ਤੇ ਦੁਕਾਨ ਵਿੱਕ ਗਈ ਹੈ। ਜੇ ਸਵੇਰੇ ਰੋਟੀ ਮਿਲ ਗਈ, ਸ਼ਾਮ ਦਾ ਕੋਈ ਪਤਾ ਨਹੀਂ ਮਿਲੇ ਕੇ ਨਾ ਮਿਲੇ। ਮਾਤਾ ਜੀ ਉਹਨਾਂ ਦੋਵਾਂ ਵਲ ਨਿਗਾਹ ਭਰ ਕੇ ਤੱਕਿਆ ਤੇ ਕਹਿਣ ਲੱਗੇ ਸੱਚੇ ਪਾਤਸ਼ਾਹ ਕਿਰਪਾ ਕਰਨਗੇ। ਪਹਿਰ ਰਾਤ ਰਹਿੰਦੇ ਸਣੇ ਕੇਸੀ ਇਸ਼ਨਾਨ ਕਰਕੇ ਭਜਨ ਕਰਿਆ ਕਰੋ ਕਿਰਪਾ ਹੋਵੇਗੀ। ਉਹਨਾਂ ਦੀ ਹਾਲਤ ਵੇਖ ਕੇ ਮਾਤਾ ਜੀ ਦੇ ਆਪਣੇ ਨੇਤਰ ਸਜਲ ਹੋ ਗਏ। ਸਿੰਘ ਤੇ ਸਿੰਘਣੀ ਮਾਤਾ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਘਰ ਚਲੇ ਗਏ ਅਤੇ ਮਾਤਾ ਜੀ ਦੇ ਕਹੇ ਮੁਤਾਬਕ ਪਹਿਰ ਰਾਤ ਰਹਿੰਦੇ ਦੋਵੇਂ ਸਣੇ ਕੇਸੀ ਇਸ਼ਨਾਨ ਕਰਦੇ ਰੋਜ਼ ਨਿਯਮ ਅਨੁਸਾਰ ਸਿਮਰਨ ਕਰਨ ਲੱਗੇ। ਦਿਨ ਫਿਰਦੇ ਪਤਾ ਨਹੀਂ ਲਗਦਾ ਜਿਵੇਂ ਕਿਸੇ ਬਿਮਾਰ ਨੂੰ ਦਵਾਈ ਮਿਲ ਜਾਵੇ ਤੇ ਫਾਇਦਾ ਹੋ ਜਾਂਦਾ ਹੈ। ਇਹਨਾਂ ਨੂੰ ਵੀ ਫਾਇਦਾ ਹੋਣਾ ਸ਼ੁਰੂ, ਹੋ ਗਿਆ। ਛੇ ਮਹੀਨਿਆਂ ਵਿੱਚ ਕਾਰੋਬਾਰ ਉਸੇ ਤਰ੍ਹਾਂ ਚਲ ਪਿਆ ਜਿਵੇਂ ਪਹਿਲਾਂ ਚਲਦਾ ਹੁੰਦਾ ਸੀ। ਲਹਿਰਾਂ-ਬਹਿਰਾਂ ਹੋਣੀਆਂ ਸ਼ੁਰੂ ਹੋ ਗਈਆਂ। ਕੋਠੀ ਛੁਡਵਾ ਲਈ, ਜਿਹੜੀ ਗਹਿਣੇ ਪਈ ਸੀ ਦੁਕਾਨ ਵੀ ਲੈ ਲਈ। ਦੋ-ਦੋ ਸੌ ਤੇ ਪੰਜ-ਪੰਜ ਸੌ ਦੇ ਆਰਡਰ ਬਿਸਤਰਿਆਂ ਦੇ ਆਉਣੇ ਸ਼ੁਰੂ ਹੋ ਗਏ। ਅਗਲੇ ਹੋਲੇ ਤੇ ਦਰਸ਼ਨ ਕਰਨ ਆਏ ਸੋ ਬਿਸਤਰਿਆਂ ਦਾ ਟਰੱਕ ਭਰਕੇ ਭੈਣੀ ਸਾਹਿਬ ਮੱਥਾ ਟੇਕਣ ਵਾਸਤੇ ਲਿਆਏ। ਆਉਂਦੇ ਸਾਰ ਹੀ ਮਾਤਾ ਜੀ ਦੇ ਚਰਨਾਂ ਤੇ ਆਣ ਮੱਥਾ ਟੇਕਿਆ। ਧੰਨ ਮਾਤਾ ਚੰਦ ਕੌਰ ਜੀ ਧੰਨ ਮਾਤਾ ਚੰਦ ਕੌਰ ਜੀ ਮੂਹੋਂ ਕਹਿਣ ਲੱਗੇ। ਫੇਰ ਉਠ ਕੇ ਅਰਜ਼ ਕੀਤੀ ਮਾਤਾ ਜੀ ਸਾਡੇ ਘਰ ਚਰਨ ਪਾਓ ਜਿਵੇਂ ਪਹਿਲਾਂ ਪਾਉਂਦੇ ਹੁੰਦੇ ਸੀ। ਹੁਕਮ ਹੋਇਆ ਸਮਾਂ ਲਗਦੇ ਹੀ ਪਾਵਾਂਗੇ।

ਇਕ ਮਾਈ ਨੇ ਅਰਜ਼ ਕੀਤੀ ਮਾਤਾ ਜੀ ਮੇਰੇ ਬੱਚੇ ਨੂੰ ਡਾਕਟਰ ਨੇ ਜਵਾਬ ਦੇ ਦਿੱਤਾ ਹੈ। ਦਵਾਈ ਵੀ ਨਹੀਂ ਲਗਦੀ। ਮਾਤਾ ਜੀ ਦੇ ਮੁਖਾਰਬਿੰਦ ਚੋਂ ਅਚਾਨਕ ਨਿਕਲਿਆ ਬੱਚਾ ਤੇ ਬਿਲਕੁਲ ਠੀਕ ਹੈ। ਦਵਾਈ ਦੀ ਕੋਈ ਲੋੜ ਨਹੀਂ (ਸਰਬ ਰੋਗ ਦਾ ਅਉਖਦ ਨਾਮ) ਦਾ ਜਾਪ ਨਾਲ ਕਰੋ, ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਉਹ ਬੱਚਾ ਦਵਾਈ ਬਿਨ੍ਹਾਂ ਹੀ ਠੀਕ ਹੋ ਗਿਆ।

ਐਮ. ਪੀ ਤੋਂ ਇੱਕ ਸਿੰਘ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਅਰਜ਼ ਕਰਨੀ ਚਾਹੁੰਦਾ ਸੀ। ਸਤਿਗੁਰੂ ਜੀ ਦਿਵਾਨ ਵਿੱਚ ਬੈਠੇ ਸਨ। ਜਾਕੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਲੜਕੇ ਤੇ ਕਿਰਪਾ ਕਰੋ ਪੰਜ ਲੜਕੀਆਂ ਨੇ ਪੁੱਤਰ ਦੀ ਦਾਤ ਬਖਸ਼ੋ, ਪਾਤਸ਼ਾਹ ਜੀ ਬਚਨ ਕੀਤਾ ਸਤਿਗੁਰੂ ਕੀ ਕਿਰਪਾ ਕਰਨਗੇ ਭਜਨ ਕਰੋ। ਨਮਸਕਾਰ ਕਰਕੇ ਸਿੰਘ ਤੁਰ ਗਿਆ। ਘਰਵਾਲੀ ਨੇ ਲੰਗਰ ਵਿੱਚ ਮਾਤਾ ਜੀ ਅੱਗੇ ਜਾ ਅਰਜ਼ ਕੀਤੀ ਆਖਦੀ ਪੰਜ ਲੜਕੀਆਂ ਹੋ ਗਈਆਂ ਨੇ ਪੁੱਤਰ ਦੀ ਬਖ਼ਸ਼ਿਸ਼ ਕਰੋ। ਮਾਤਾ ਜੀ ਲੰਗਰ ਵਿੱਚ ਸਬਜ਼ੀਆਂ ਚੀਰ ਰਹੇ ਸਨ। ਕਹਿਣ ਲੱਗੇ ਲੜਕੀਆਂ ਕਿਹੜੀਆਂ ਮਾੜੀਆਂ ਹੁੰਦੀਆਂ ਨੇ ਸੱਚੇ ਪਾਤਸ਼ਾਹ ਕਿਰਪਾ ਕਰਨਗੇ ਸਤਿਗੁਰੂ ਜੀ ਤੇ ਮਾਤਾ ਜੀ ਵੱਲੋਂ ਦੋਵਾਂ ਵੱਲੋਂ ਕਿਰਪਾ ਹੋ ਗਈ। ਅਗਲੇ ਸਾਲ ਇੱਕ ਲੜਕਾ ਤੇ ਇੱਕ ਲੜਕੀ (ਜੁੜਵਾਂ) ਦਾ ਜਨਮ ਹੋਇਆ ਅਗਲੇ ਸਾਲ ਦੋਵਾਂ ਨੂੰ ਸ੍ਰੀ ਭੈਣੀ ਸਾਹਿਬ ਲੈ ਕੇ ਆਏ ਵੇਖ ਮਾਤਾ ਜੀ ਬੜੇ ਖ਼ੁਸ਼ ਹੋਏ। ਬਚਨ ਕੀਤਾ ਡਬਲ ਖ਼ੁਸ਼ੀਆਂ ਮਿਲ ਗਈਆਂ। ਸੇਵਾ ਸਿੰਘ ਲਾਹੋਰੀਆਂ ਕਹਿਣ ਲੱਗਾ ਅੱਖੀ ਵੇਖੀਂ ਦਸ ਰਿਹਾ ਹਾਂ।

ਇੱਕ ਵਾਰੀ ਮਾਤਾ ਜੀ ਚਰਨ ਪਾਉਣ ਵਾਸਤੇ ਐਲਨਾਬਾਦ ਗਏ। ਇੱਕ ਮਾਈ ਸਵਰਨ ਕੌਰ ਨੇ ਹੱਥ ਜੋੜ ਕੇ ਅਰਜ਼ ਕੀਤੀ, ਹੇ ਮਾਤਾ ਜੀ ਮੈਂ ਬੜੀ ਦੁੱਖੀ ਹਾਂ ਆਪ ਜੀ ਆਪਣੇ ਚਰਨਾਂ ਚ ਥਾਂ ਦੇਵੋਂ ਕਿਰਪਾ ਕਰੋ। ਉਸ ਮਾਈ ਦੀਆਂ ਭੁੱਬਾਂ ਸੁਣ ਕੇ ਕਹਿਣ ਲਗੇ, ਤੈਨੂੰ ਸਤਿਗੁਰੂ ਜੀ ਨੇ ਚਰਨਾਂ ਚ ਥਾਂ ਦਿੱਤੀ ਹੈ, ਚਿੰਤਾ ਨਾ ਕਰ। ਦੂਜੀ ਗੱਲ ਇਹ ਹੈ ਕਿ ਮੈਂ ਤੇਰੇ ਤੋਂ ਇੱਕ ਜਗ੍ਹਾ ਮੰਗਦੀ ਹਾਂ ਤੂੰ ਦੇ ਸਕਦੀ ਹੈ ਕਿ ਨਹੀਂ। ਸਵਰਨ ਕੌਰ ਕਹਿੰਦੀ ਮੈਂ ਗਰੀਬਣੀ ਕੀ ਦੇ ਸਕਦੀ ਹਾਂ। ਮਾਤਾ ਜੀ ਕਹਿੰਦੇ ਤੂੰ ਦੇ ਸਕਦੀ ਹੈ। ਮਾਈ ਹੈਰਾਨ ਹੋਕੇ ਕਹਿੰਦੀ ਮਾਤਾ ਜੀ ਮੈਂ ਨਹੀਂ ਸਮਝੀ ਕਿਰਪਾ ਕਰਕੇ ਦਸੋਂ, ਉਹ ਕਿਹੜੀ ਜਗ੍ਹਾ ਹੈ, ਮਾਤਾ ਜੀ ਆਖਦੇ ਨੇ ਉਹ ਜਗ੍ਹਾ ਤੇਰਾ ਦਿਲ ਜਿਥੇ ਸਤਿਗੁਰੂ ਜੀ ਨੇ ਰਹਿਣਾ ਹੈ। ਮਾਈ ਹੈਰਾਨ ਹੋ ਗਈ ਸਾਰੇ ਵੇਖਣ ਵਾਲੇ ਵੀ ਹੈਰਾਨ ਹੋ ਗਏ। ਮਾਈ ਕਹਿਣ ਲਗੀ ਮਾਤਾ ਜੀ ਅੱਜ ਤੋਂ ਮੈਂ ਉਹ ਜਗ੍ਹਾ ਆਪ ਜੀ ਨੂੰ ਦਿੱਤੀ। ਕਿਥੇ ਮਾਈ ਨੂੰ ਰੋਟੀ ਪਾਣੀ ਵੀ ਨਹੀਂ ਲੰਘਦੀ। ਉਹ ਮਾਈ ਉਸ ਦਿਨ ਤੋਂ ਬਾਅਦ ਪੰਦਰਾਂ ਸਾਲ ਹੱਸਦੀ ਖੇਡਦੀ ਨਾਲ ਨਾਮ ਜਪਦੀ ਜਿਉਂਦੀ ਰਹੀ। ਉਹ ਸਨ ਮਾਤਾ ਜੀ ਦੀਆਂ ਰਹਿਮਤਾਂ, ਸਿਫ਼ਤਾਂ, ਤੇ ਜੱਸ। ਸਾਰੀ ਦੁਨੀਆਂ 'ਚ ਨਹੀਂ ਹੋ ਸਕਦੀ ਇਹੋ ਜਿਹੀ ਰੂਹ। ਕਿਸੇ ਬਜ਼ੁਰਗ ਨੂੰ ਪੁੱਛ ਲਵੋ ਮਾਈ ਨੂੰ ਪੁਛ ਲਵੋ ਉਹ ਹੀ ਆਖਦਾ ਹੈ ਕਿ ਮਾਤਾ ਜੀ ਮੇਰੇ ਹੀ ਸਨ। ਛੋਟੇ-ਛੋਟੇ ਬੱਚਿਆਂ ਨੂੰ ਭੈਣੀ ਸਾਹਿਬ ਅਕੈਡਮੀ 'ਚ ਆਪ ਨੁਹਾਉਣਾ-ਧੁਆਣਾ ਝੋਲੀ 'ਚ ਬਿਠਾ ਕੇ ਜੂੜੇ ਕਰਨੇ ਆਪਣੇ ਕਰ ਕੰਵਲਾਂ ਨਾਲ ਬੁਰਕੀਆਂ ਖੁਆਣੀਆਂ। ਉਹਨਾਂ ਦੀਆਂ ਮਾਵਾਂ ਕਿਥੈ ਇਨ੍ਹਾਂ ਪਿਆਰ ਕਰਨ ਸਤਿਕਾਰ ਕਰਨਾ ਬਿਆਨ ਹੀ ਨਹੀਂ ਹੋ ਸਕਦਾ ਧੰਨ ਧੰਨ ਮਾਤਾ ਸ੍ਰੀ ਚੰਦ ਕੌਰ ਜੀ।

■

Namdhari Elibrary NamdhariElibrary@gmail.com

ਐ ਜਗਤ ਮਾਂ
ਐ ਮੇਰੀ ਚੰਦ ਕੌਰ ਮਾਂ

✍ ਬੀਬੀ ਨਰਿੰਦਰ ਕੌਰ ਦਿੱਲੀ

ਮਾਤਾ ਜੀ ਦਾ ਧਿਆਨ ਧਰਦਿਆਂ ਹੀ ਇਕ ਐਸੀ ਮੂਰਤ ਅੱਖਾਂ ਸਾਹਮਣੇ ਆ ਜਾਂਦੀ ਹੈ, ਜੋ ਤਿਆਗਮਈ ਹੈ, ਸਹਿਨਸ਼ੀਲ ਹੈ, ਸ਼ਰਧਾਯੋਗ ਹੈ, ਪੂਜਨੀਯ ਹੈ, ਵੰਦਨੀਯ ਹੈ। ਜਿਵੇਂ ਚੰਦਰਮਾ ਸੀਤਲ ਤੇ ਠੰਢਾ ਮੰਨਿਆ ਗਿਆ ਹੈ, ਇਸੇ ਤਰ੍ਹਾਂ ਮਾਤਾ ਚੰਦ ਕੌਰ ਜੀ ਦਾ ਜੀਵਨ ਹੈ। ਇਹੀ ਗੁਣ ਮਾਤਾ ਜੀ ਵਿੱਚ ਸਨ। ਸੁਭਾਅ ਅਤਿ ਦਾ ਸੀਤਲ, ਠੰਡਾ, ਹਮੇਸ਼ਾ ਹੱਸਦੇ ਮੁਸਕਰਾਉਂਦੇ ਰਹਿਣਾ। ਸਾਦਗੀ ਦੀ ਚਾਨਣੀ ਬਿਖੇਰਨ ਵਾਲੇ, ਚਿਹਰੇ ਉਤੇ ਮੁਸਕਾਨ, ਰਸਨਾ ਉਤੇ ਭਜਨ ਅਤੇ ਧਿਆਨ ਸੇਵਾ ਵੱਲ। ਇਹ ਸੀ ਸਭ ਦੇ ਮਨ ਵਿੱਚ ਵੱਸਣ ਵਾਲੇ ਮਾਤਾ ਚੰਦ ਕੌਰ ਜੀ ਦਾ ਵਿਅਕਤੀਤਵ। ਨਿਮਰਤਾ ਏਨੀ ਕਿ ਕੋਈ ਵੀ ਆ ਜਾਵੇ, ਬੜੇ ਪਿਆਰ ਨਾਲ ਮਿਲਣਾ, ਪਰਿਵਾਰ ਦਾ ਹਾਲ-ਚਾਲ ਪੁੱਛਣਾ, ਪ੍ਰਸ਼ਾਦਾ-ਪਾਣੀ ਪੁੱਛਣਾ, ਰਿਹਾਇਸ਼ ਦਾ ਪ੍ਰਬੰਧ ਕਰਨਾ। ਵੱਡੀਆਂ-ਵੱਡੀਆਂ ਸਮੱਸਿਆਵਾਂ ਦਾ ਹੱਲ ਕਰ ਦੇਣਾ। ਕਿੰਨੀ ਵੀ ਵੱਡੀ ਗੱਲ ਹੋ ਜਾਵੇ, ਮਸਤਕ ਸਦੈਵ ਖਿੜਿਆ ਰਹਿਣਾ। ਗੁੱਸਾ ਕਰਦੇ ਹੀ ਨਹੀਂ ਸਨ। ਹਰ ਵਕਤ ਸੇਵਾ ਵਿੱਚ ਲੀਨ ਰਹਿੰਦੇ ਸਨ। ਠੰਡ, ਗਰਮੀ ਮੀਂਹ, ਹਨੇਰੀ, ਧੁੱਪ ਦੀ ਪਰਵਾਹ ਨਹੀਂ ਸਨ ਕਰਦੇ। ਅਣਥੱਕ ਸੇਵਾ ਕਰੀ ਜਾਣੀ। ਅਰਾਮ ਕਰਨ ਦਾ ਪਤਾ ਹੀ ਨਹੀਂ ਸੀ ਹੁੰਦਾ। ਗਰੀਬਾਂ, ਲੋੜਵੰਦਾਂ, ਦੀ ਮਦਦ ਮਾਇਆ ਨਾਲ ਵੀ ਤੇ ਹੋਰ ਵੀ ਜਿਸ ਤਰ੍ਹਾਂ ਦੀ ਕਿਸੇ ਦੀ ਲੋੜ ਹੁੰਦੀ, ਪੂਰੀ ਕਰਨੀ। ਗਰੀਬ ਬੱਚੇ ਬੱਚੀਆਂ ਦੇ ਵਿਆਹ ਉਨ੍ਹਾਂ ਦੀ ਦੇਖ ਰੇਖ ਕਰਨੀ। ਕਦੇ ਕੋਈ ਖਾਲੀ ਨਹੀਂ ਮੁੜਿਆ ਦਰ ਤੋਂ।

ਸ੍ਰੀ ਭੈਣੀ ਸਾਹਿਬ ਦੀ ਉਸਾਰੀ ਵਿੱਚ ਪੂਰਾ ਯੋਗਦਾਨ ਰਿਹਾ ਮਾਤਾ ਚੰਦ ਕੌਰ ਜੀ ਦਾ। ਦਿਨ ਰਾਤ ਦੀ ਅਣਥੱਕ ਸੇਵਾ। ਇੱਟਾਂ ਢੋਣੀਆਂ, ਰੋੜੀ ਬਜਰੀ ਕੁੱਟਣੀ, ਲੰਗਰ ਵਿੱਚ ਸੇਵਾ ਆਪ ਵੀ ਕਰਨੀ ਅਤੇ ਦੂਜਿਆਂ ਨੂੰ ਵੀ ਜਾਚ ਦੱਸਣੀ, ਉੱਦਮ ਦੇਣਾ। ਬਰਤਨ ਮਾਂਜਣ, ਝਾੜੂ-ਬਹੁਕਰ, ਗੋਹਾ-ਕੂੜਾ ਆਦਿ ਸਭ ਸੇਵਾ ਮਾਤਾ ਜੀ ਆਪ ਕਰਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਸ਼ਾਦੇ ਲਈ ਆਪ ਹੱਥੀਂ ਚੱਕੀ ਉਤੇ ਆਟਾ ਪੀਸਣਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਵਿੱਚ ਪੜ੍ਹਦੇ ਬੱਚਿਆਂ ਦਾ ਪੂਰਾ ਧਿਆਨ ਰੱਖਣਾ। ਉਨ੍ਹਾਂ ਦੀ ਸਾਫ-ਸਫਾਈ, ਖਾਣ-ਪੀਣ ਹਰ ਚੀਜ਼ ਦਾ ਧਿਆਨ ਰੱਖਦੇ ਸਨ। ਜਿਹੜੇ ਮਾਪੇ ਫੀਸ ਦੇਣ ਤੋਂ ਅਸਮਰੱਥ ਹੁੰਦੇ ਤਾਂ ਉਨ੍ਹਾਂ ਦੀ ਮਦਦ ਕਰਨੀ। ਕਿਤਾਬਾਂ ਕਾਪੀਆਂ ਲੈ ਕੇ ਦੇਣੀਆਂ ਬੱਚਿਆਂ ਨੂੰ। ਕਦੇ ਕੋਈ ਕੁਦਰਤੀ ਬਿਪਤਾ ਜਾਂ ਹੜ੍ਹ ਆ ਜਾਂਦੇ ਕਿਸੇ ਪਿੰਡ ਤਾਂ ਉਥੇ ਪਹੁੰਚ ਕੇ ਸਭ ਦੀ ਯਥਾਸ਼ਕਤ ਮਦਦ ਕਰਨੀ। ਹਰ ਦਮ ਸੇਵਾ ਵਿੱਚ ਹੀ ਲੀਨ ਰਹਿਣਾ। ਰਸਨਾ ਨਾਲ ਨਾਮ ਜਪੀ ਜਾਣਾ, ਹੱਥਾਂ ਨਾਲ ਸੇਵਾ ਕਰੀ ਜਾਣੀ। ਸੇਵਾ ਦਾ ਏਨਾ ਸ਼ੋਕ, ਲਗਨ, ਧਿਆਨ ਕਿ ਜਾਂਦੇ-ਜਾਂਦੇ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਾਲੀ ਕੋਠੀ ਅੰਦਰ ਝਾੜੂ ਫੇਰਿਆ, ਸਾਰੀ ਸਫਾਈ ਕੀਤੀ, ਉਸ ਤੋਂ ਬਾਅਦ ਅਕੈਡਮੀ ਗਏ। ਇਹੋ ਹੀ ਸੇਵਾ ਦੀ ਭਾਵਨਾ ਉਹ ਸਭ ਵਿੱਚ ਵੇਖਣਾ ਚਾਹੁੰਦੇ ਸਨ ਤੇ ਇਹ ਜਾਚ ਉਨ੍ਹਾਂ ਸਭ ਨੂੰ ਸਿਖਾਈ ਵੀ।

ਮਾਤਾ ਜੀ ਦਾ ਪੂਰਾ ਜੀਵਨ ਬਿਲਕੁਲ ਸਾਦਾ ਰਿਹਾ। ਸੂਟ ਜਾਂ ਦੁਪੱਟੇ ਨੂੰ ਕਿਤੇ ਖੁੰਗੀ ਲਗੀ ਹੈ,

Namdhari Elibrary NamdhariElibrary@gmail.com

ਪ੍ਰਸ਼ਾਦਾ ਛਕਿਆ ਜਾਂ ਨਹੀਂ, ਆਰਾਮ ਕੀਤਾ ਜਾਂ ਨਹੀਂ, ਕੋਈ ਪਰਵਾਹ ਨਹੀਂ। ਬਸ ਸਾਰਾ ਦਿਨ ਸੇਵਾ ਵਿੱਚ ਹੀ ਲੱਗੇ ਰਹਿਣਾ। ਉਹ ਇਕ ਤਿਆਗਮਈ ਮਾਤਾ ਸਨ। ਉਨ੍ਹਾਂ ਦੇ ਤਿਆਗ ਦੀ ਮਿਸਾਲ ਮੈਂ ਪੜ੍ਹੀ ਜਿਹੜਾ ਮਾਤਾ ਜੀ ਦੀ ਯਾਦ ਵਿੱਚ ਪਿਛਲੇ ਸਾਲ ਸੰਨ 2017 ਵਿਚ ਕੀਰਤੀ ਅੰਕ ਛਪਿਆ ਸੀ ਉਹਦੇ ਵਿਚ ਸੰਤ ਜਗਤਾਰ ਸਿੰਘ ਜੀ (ਦਾਮਾਦ) ਨੇ ਮਾਤਾ ਜੀ ਬਾਰੇ ਆਪਣੇ ਵਿਚਾਰ ਲਿਖੇ ਨੇ। ਉਨ੍ਹਾਂ ਲਿਖਿਆ ਹੈ ਬੀਬਾ ਜੀ ਬਾਰੇ ਮਾਤਾ ਜੀ ਬਚਨ ਕਰਦੇ ਸਨ, "ਮੈਂ ਇਹਨਾਂ ਨੂੰ ਕੁਝ ਨਹੀਂ ਆਖਣਾ। ਮੈਂ ਤਾਂ ਗੁੱਡੀ (ਬੀਬਾ ਜੀ) ਦੀ ਸੇਵਾ ਸਤਿਗੁਰੂ ਜੀ ਦੀ ਪੁੱਤਰੀ ਸਮਝ ਕੇ ਕਰ ਰਹੀ ਹਾਂ।" ਕਿੰਨੀ ਨਿਰਮਾਣਤਾ ਸੀ ਉਹਨਾਂ ਅੰਦਰ। ਏਨਾ ਤਿਆਗ ਅਤੇ ਹਲੀਮੀ ਸੀ ਉਨ੍ਹਾਂ ਅੰਦਰ।

ਬੱਚੀਆਂ ਨੂੰ ਸਿਲਾਈ ਕਢਾਈ ਦੀ ਜਾਚ ਆਪ ਸਿਖਾਉਣੀ ਤਾਂ ਕਿ ਇਹ ਆਪਣੇ ਪੈਰਾਂ ਉਤੇ ਖਲੋ ਸਕਣ। ਬੜਾ ਧਿਆਨ ਰੱਖਦੇ ਸੀ ਇਸ ਗੱਲ ਦਾ। ਇਕ ਵਾਰ ਸੰਮੇਲਨ ਦੌਰਾਨ ਸਾਨੂੰ ਕਹਿੰਦੇ - ਇਨ੍ਹਾਂ ਕੁੜੀਆਂ ਨੂੰ ਸਿਰਫ ਭਾਸ਼ਣ ਦੇਣੇ ਹੀ ਸਿਖਾਏ ਨੇ ਜਾਂ ਘਰ ਦੇ ਕੰਮਾਂ ਦੀ, ਪ੍ਰਸ਼ਾਦੇ, ਪਾਣੀ, ਸੁੱਚ ਸੋਧ ਦੀ ਜਾਚ ਵੀ ਦੱਸਦੀਆਂ ਜੇ। ਬੀਬੀਆਂ ਨੂੰ ਪਾਠ ਕਰਨ ਲਈ ਪ੍ਰੇਰਦੇ ਸਨ। ਕਦੇ ਚੌਪਈ ਦੇ ਪਾਠ ਸ਼ੁਰੂ ਕਰਵਾ ਲੈਣੇ, ਕਦੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ। ਦਸੰਬਰ ਵਿੱਚ ਇਕ ਵਾਰੀ ਬੀਬੀਆਂ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ। ਪੂਰੀ ਸੋਧ, ਮਰਿਯਾਦਾ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਸਵਾ ਲੱਖ ਪਾਠ ਕਰਵਾ ਰਹੇ ਸਨ। ਇਕ ਦਿਨ ਪੁੱਛਿਆ ਕਿ ਪੂਰੇ ਦਿਨ ਵਿੱਚ ਇਕ ਬੀਬੀ ਕਿੰਨੇ ਪਾਠ ਕਰ ਲੈਂਦੀ ਹੈ। ਮੈਂ ਅਰਜ਼ ਕੀਤੀ - ਜੀ 200 ਪੇਜ। ਬਚਨ ਕੀਤਾ ਕਿ ਥੋੜ੍ਹੇ ਨੇ। ਘੱਟ ਤੋਂ ਘੱਟ 400 ਕਰਨੇ ਚਾਹੀਦੇ ਨੇ।ਇਥੇ ਕਿਹੜਾ ਇਹਨਾਂ ਨੇ ਕੋਈ ਘਰੇਲੂ ਕੰਮ ਕਰਨਾ ਹੈ, ਸਿਰਫ ਪਾਠ ਹੀ ਤਾਂ ਕਰਨੇ ਨੇ। ਗਿਣਤੀ ਵਧਾਓ। ਭਾਵ ਆਲਸ ਚੰਗਾ ਨਹੀਂ ਸੀ ਲਗਦਾ ਉਹਨਾਂ ਨੂੰ।

ਸੰਨ 2011 ਦੇ ਸੰਮੇਲਨ ਦੀ ਗੱਲ ਹੈ। ਅਸੀਂ ਸਾਰੀਆਂ ਪ੍ਰਬੰਧਕ ਬੀਬੀਆਂ ਕੋਠੀ ਸਤਿਗੁਰੂ ਜੀ ਤੋਂ ਬਖਸ਼ਸ਼ ਮੰਗਣ ਲਈ ਗਈਆਂ। ਉਥੇ ਮਾਤਾ ਜੀ ਵੀ ਬਾਹਰ ਦਰਸ਼ਨ ਦੇ ਰਹੇ ਸਨ। ਉਹਨਾਂ ਕੋਲ ਅਸੀਂ ਬੈਠ ਗਈਆਂ। ਆਉਣ ਵਾਲੇ ਸਮੇਂ ਦਾ ਸ਼ਾਇਦ ਉਹਨਾਂ ਨੂੰ ਅਹਿਸਾਸ ਹੋ ਗਿਆ ਸੀ। ਇਕੋ ਬਚਨ ਬਾਰ-ਬਾਰ ਕਰੀ ਜਾਣ ਕਿ 2012 ਆਉਣ ਵਾਲਾ ਆਹ ਕੰਮ ਕਰ ਲਈਏ, 2012 ਆਉਣ ਵਾਲਾ ਉਹ ਕੰਮ ਕਰ ਲਈਏ। ਬਸ 2012-2012 ਹੀ ਕਰੀ ਜਾਣ। ਅਸੀਂ ਜਦੋਂ ਬਾਹਰ ਆਈਆਂ ਤਾਂ ਆਪਸ ਵਿੱਚ ਗੱਲਾਂ ਕਰੀਏ ਕਿ ਮਾਤਾ ਜੀ ਇਸ ਤਰ੍ਹਾਂ ਕਿਉਂ ਕਹੀ ਜਾ ਰਹੇ ਸਨ। ਪਰ ਉਹ ਸੰਨ 2012 ਸਾਰੇ ਨਾਮਧਾਰੀ ਜਗਤ ਉਤੇ ਇਕ ਕਹਿਰ ਬਣ ਕੇ ਟੁੱਟਿਆ - ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਦੀਵੀ ਵਿਛੋੜਾ।

ਪਰ ਇਸ ਸਮੇਂ ਫੇਰ ਹਿੰਮਤ ਰੱਖਦਿਆਂ ਇਸ ਦੇਵੀ ਨੇ ਸਾਰੀ ਸੰਗਤ ਨੂੰ ਧਰਵਾਸ ਦਿੱਤਾ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨੀਂ ਲਾਇਆ ਸਾਰੀ ਸੰਗਤ ਨੂੰ।

ਪਿਆਰ ਏਨਾ ਕਰਨਾ, ਹੌਸਲਾ ਐਵੇਂ ਦੇਣਾ ਕਿ ਅਗਲੇ ਦਾ ਸਾਰਾ ਦੁੱਖ ਦੂਰ ਹੋ ਜਾਣਾ। ਮੇਰੀ ਮਾਤਾ ਬੀਬੀ ਪ੍ਰੀਤਮ ਕੌਰ (ਸੁਪਤਨੀ ਜ. ਸੇਵਾ ਸਿੰਘ ਦਿੱਲੀ) ਦੇ ਚੜ੍ਹਾਈ ਕਰ ਜਾਣ ਪਿਛੋਂ ਮੈਂ ਬੜਾ ਰੋਣਾ, ਹਰ ਦਮ ਦੁਖੀ ਰਹਿਣਾ। ਇਕ ਦਿਨ ਮਾਤਾ ਜੀ ਮੈਨੂੰ ਪੁੱਛਿਆ ਕਿ ਬੀਬੀ ਤੂੰ ਰੋਂਦੀ ਕਿਉਂ ਏ। ਮੈਂ ਅੱਖਾਂ ਭਰ ਕੇ ਅਰਜ ਕੀਤੀ - ਮਾਤਾ ਜੀ, ਭਾਬੀ ਨਹੀਂ ਨਾ ਹੁਣ। ਮੈਨੂੰ ਉਨ੍ਹਾਂ ਦੀ ਬੜੀ ਯਾਦ ਆਉਂਦੀ ਏ। ਮਾਤਾ ਜੀ ਪਿਆਰ ਨਾਲ ਮੈਨੂੰ ਆਪਣੀ ਗਲਵਕੜੀ 'ਚ ਲੈ ਬਚਨ ਕੀਤਾ - ਮੈਂ ਜੁ ਤੁਹਾਡੀ ਮਾਂ ਹਾਂ, ਰੋਣਾ ਨਹੀਂ। ਇਸ ਤਰ੍ਹਾਂ ਉਹਨਾਂ ਮੇਰਾ ਮਨ ਸ਼ਾਂਤ ਕੀਤਾ। ਹਰ ਦੁੱਖ, ਹਰ ਤਕਲੀਫ ਤੋਂ ਬਚਾਇਆ ਹੈ ਸਾਨੂੰ ਮਾਤਾ ਜੀ ਨੇ ਤਾਂ ਤੇ ਕਿਸੇ ਨੇ ਲਿਖਿਆ ਹੈ -

"ਮਾਂ ਜੈਸੀ ਗਹਿਰੀ ਛਾਂ ਕਹੀਂ ਸੇ ਮਿਲਤੀ ਨਹੀਂ।
ਚਲੀ ਜਾਏ ਐਸੀ ਮਾਂਏ ਤੋ ਕਭੀ ਮਿਲਤੀ ਨਹੀਂ।"

ਇਸ ਸੰਸਾਰ ਤੋਂ ਜਾਣ ਤੋਂ ਪਹਿਲਾਂ ਮਾਤਾ ਜੀ ਦਿੱਲੀ ਦਰਸ਼ਨ ਦੇ ਗਏ ਸਨ। ਮੇਰੇ ਪਿਤਾ ਜੀ ਜ. ਸੇਵਾ ਸਿੰਘ ਜੀ ਜਦੋਂ ਚੜ੍ਹਾਈ ਕੀਤੇ ਉਦੋਂ ਮਾਤਾ ਜੀ ਰੁਝੇਵਿਆਂ ਕਾਰਨ ਦਿੱਲੀ ਦਰਸ਼ਨ ਨਾ ਦੇ ਸਕੇ। ਫੋਨ ਆ ਗਿਆ ਕਿ ਮੇਰਾ ਸਾਰਾ ਧਿਆਨ ਤਾਂ ਏਧਰ ਹੀ ਹੈ ਪਰ ਮੈਂ ਹੋਲੇ ਦੇ ਭੋਗ ਤੋਂ ਬਾਅਦ ਆਵਾਂਗੀ।

ਮਾਤਾ ਜੀ ਦਿੱਲੀ ਮੇਰੇ ਪਿਤਾ ਜੀ (ਜ. ਸੇਵਾ ਸਿੰਘ) ਘਰ ਆਏ। ਸਾਰੇ ਪਰਿਵਾਰ ਦੀ ਸੁੱਖ-ਸਾਂਦ ਪੁੱਛੀ, ਹੌਸਲਾ ਦਿੱਤਾ ਸਾਰੇ ਜੀਆਂ ਨੂੰ। ਘੰਟਾ ਕੁ ਬੈਠੇ। ਜਦੋਂ ਚੱਲਣ ਲੱਗਿਆਂ ਜੋੜੇ ਪਾਉਣ ਲਗੇ (ਗੁਰਗਾਬੀ) ਤਾਂ ਜੋੜੇ ਓਦਾਂ ਹੀ ਚਰਨਾਂ 'ਚ ਅੜਾ ਲਏ। ਮੈਂ ਥੱਲੇ ਫਰਸ਼ ਉਤੇ ਬੈਠ ਕੇ ਜੋੜਾ ਚਰਨਾਂ 'ਚ ਸਹੀ ਕੀਤਾ ਤੇ ਮਾਤਾ ਜੀ ਸਰਲ ਸੁਭਾਅ ਬਚਨ ਕੀਤਾ - ਬੀਬੀ ਰਹਿਣ ਦਿਓ, ਮੈਂ ਹੁਣੇ ਬਾਹਰ ਗੱਡੀ ਵਿੱਚ ਹੀ ਬਹਿ ਜਾਣਾ ਹੈ। ਮੈਂ ਅਰਜ਼ ਕੀਤੀ

Namdhari Elibrary NamdhariElibrary@gmail.com

ਮਾਤਾ ਜੀ ਆਪਣੇ ਪੂਰੇ ਜੀਵਨ (1932 ਤੋਂ ਲੈ ਕੇ 4 ਅਪ੍ਰੈਲ 2016 ਤੱਕ) ਸਾਰਿਆਂ ਨੂੰ ਪਿਆਰ, ਨਿਮਰਤਾ, ਸਿਮਰਨ ਤੇ ਸੇਵਾ ਦਾ ਪਾਠ ਹੀ ਪੜ੍ਹਾਇਆ ਸੀ। ਸਾਧ ਸੰਗਤ ਦੇ ਸੁੱਖ ਅਰਾਮ ਦਾ ਹੀ ਧਿਆਨ ਰੱਖਿਆ ਸੀ। ਉਨ੍ਹਾਂ ਨੂੰ ਸਦੈਵ ਹੀ ਮੇਰਾ ਨਮਨ ਹੈ।

- ਮਾਤਾ ਜੀ ਮੈਨੂੰ ਇਹ ਸੇਵਾ ਕਰ ਲੈਣ ਦਿਓ। ਅੱਗੋਂ ਮੁਸਕਰਾ ਪਏ।

ਉਸ ਤੋਂ ਬਾਅਦ ਰਮੇਸ਼ ਨਗਰ ਧਰਮਸ਼ਾਲਾ ਗਏ। ਲੰਗਰ ਵਾਲੇ ਪਾਸੇ, ਹੋਰ ਸਾਰੇ ਥਾਵਾਂ ਦਾ ਨਿਰੀਖਣ ਕੀਤਾ। ਫੇਰ ਹਾਲ ਅੰਦਰ ਆ ਕੇ ਨਾਮ ਸਿਮਰਨ 'ਚ ਦਰਸ਼ਨ ਦਿੱਤੇ। ਇਹ ਪੂਰਾ ਸਮਾਂ ਮੈਂ ਮਾਤਾ ਜੀ ਦੇ ਨਾਲ ਹੀ ਸੀ ਔਰ ਇਹ ਮੇਰਾ ਮਾਤਾ ਜੀ ਨਾਲ ਬਿਤਾਇਆ ਇਕ ਆਖਰੀ ਤੇ ਇਕ ਯਾਦਗਾਰੀ ਪਲ ਸੀ ਕਿਉਂਕਿ ਉਸ ਤੋਂ ਬਾਅਦ ਅਗਲੇ ਦਿਨ ਸਵੇਰੇ ਸ੍ਰੀ ਭੈਣੀ ਸਾਹਿਬ ਕਿਸੇ ਮਤਹੀਣ ਬੰਦੇ ਨੇ ਮਾਤਾ ਜੀ ਨੂੰ ਗੋਲੀ ਮਾਰ ਦਿੱਤੀ ਸੀ।

ਮੈਂ ਅਕਸਰ ਇਹ ਗੱਲ ਕਹਿੰਦੀ ਹੁੰਦੀ ਆਂ ਕਿ ਮੇਰੇ ਜੀਵਨ ਉਤੇ ਮੇਰੀਆਂ ਦੋ ਮਾਵਾਂ ਦਾ (ਇਕ ਮੈਨੂੰ ਜਨਮ ਦੇਣ ਵਾਲੀ ਮੇਰੀ ਮਾਂ ਬੀਬੀ ਪ੍ਰੀਤਮ ਕੌਰ ਤੇ ਦੂਜੇ ਜਗਤ ਮਾਤਾ ਚੰਦ ਕੌਰ ਜੀ) ਪ੍ਰਭਾਵ ਰਿਹਾ। ਘਰ ਦੇ ਕੰਮਾਂ ਦੀ ਜਾਚ, ਭੈਣ ਭਰਾਵਾਂ ਨਾਲ ਸਹੁਰੇ ਘਰ, ਸਮਾਜ ਵਿੱਚ ਕਿਵੇਂ ਰਹਿਣਾ, ਇਹ ਅਕਲ, ਜਾਚ ਮੈਂ ਆਪਣੀ ਜਨਮਦਾਤੀ ਮਾਂ ਕੋਲੋਂ ਸਿੱਖੀ ਹੈ ਅਤੇ ਪੰਥ ਵਿੱਚ ਸਾਧ ਸੰਗਤ ਦੀ ਸੇਵਾ ਕਿਵੇਂ ਕਰਨੀ ਹੈ, ਸਿਮਰਨ ਕਰਨਾ, ਸਾਦਗੀ 'ਚ ਰਹਿਣਾ, ਇਹ ਸਭ ਗੁਣ ਮਾਤਾ ਚੰਦ ਕੌਰ ਜੀ ਨੇ ਸਿਖਾਏ ਹਨ।

ਮਾਤਾ ਜੀ ਆਪਣੇ ਪੂਰੇ ਜੀਵਨ (1932 ਤੋਂ ਲੈ ਕੇ 4 ਅਪ੍ਰੈਲ 2016 ਤੱਕ) ਸਾਰਿਆਂ ਨੂੰ ਪਿਆਰ, ਨਿਮਰਤਾ, ਸਿਮਰਨ ਤੇ ਸੇਵਾ ਦਾ ਪਾਠ ਹੀ ਪੜ੍ਹਾਇਆ ਸੀ। ਸਾਧ ਸੰਗਤ ਦੇ ਸੁੱਖ ਅਰਾਮ ਦਾ ਹੀ ਧਿਆਨ ਰੱਖਿਆ ਸੀ। ਉਨ੍ਹਾਂ ਨੂੰ ਸਦੈਵ ਹੀ ਮੇਰਾ ਨਮਨ ਹੈ। ਕਿਸੇ ਕਵੀ ਦੀਆਂ ਲਿਖੀਆਂ ਇਹ ਤੁਕਾਂ ਯਾਦ ਆਉਂਦੀਆਂ ਹਨ :

"ਨੈਣੀ ਨੀਰ ਹੋਵੇ ਤਨ ਸੀਤਲ,
ਯਾਦ ਤੇਰੀ ਜਦ ਆਏ।
ਹੇ ਅੰਬੇ, ਗੁਰੂ ਜਗਜੀਤ ਪਿਆਰੀ,
ਮੇਰੀ ਚੰਦ ਕੌਰ ਮਾਏ।

■

ਕਹਿਰ ਕਮਾਇਆ ਪਾਪੀਆ

✍ ਬੀਬੀ ਜਸ਼ਨਪ੍ਰੀਤ ਕੌਰ ਭੰਗੂ

ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ
ਵੇ ਤੂੰ ਮਾਤਾ ਜੀ ਨਾਲ ਇਹ ਕੀ ਕਹਿਰ ਕਮਾਇਆ ਪਾਪੀਆ

ਮੈਂ ਸਾਰੀ ਦੁਨੀਆਂ ਖੋਜ ਡਿੱਠੀ
ਮਾਂ ਜਿਹਾ ਘਣਛਾਵਾਂ ਬੂਟਾ
ਮੈਨੂੰ ਕਿਧਰੇ ਨਜ਼ਰ ਨਾ ਆਇਆ ਪਾਪੀਆ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

ਇਹ ਮਾਂ ਤਾਂ ਹੁੰਦੀ ਏ ਬੜੀ ਪਿਆਰੀ
ਜਿਸ ਤੋਂ ਲੈ ਕੇ ਛਾਂ ਉਧਾਰੀ
ਰੱਬ ਨੇ ਸਵਰਗ ਬਣਾਇਆ ਪਾਪੀਆ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ
ਏ ਤਾਂ ਗੁਰੂ ਨਾਨਕ ਨੇ ਵੀ
ਬਾਣੀ ਵਿੱਚ ਫੁਰਮਾਇਆ ਪਾਪੀਆ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

ਮਾਂ ਤਾਂ ਜਗਤ ਜਨਨੀ ਏ
ਇਹ ਸਾਰਾ ਜਗਤ ਮਾਂ ਦਾ ਹੀ ਜਾਇਆ ਪਾਪੀਆ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

ਦੁਖੀਆਂ ਦਰਦੀਆਂ ਨੂੰ ਮਾਤਾ ਜੀ ਨੇ
ਸਦਾ ਗਲ ਨਾਲ ਲਾਇਆ ਪਾਪੀਆ
ਨਿਥਾਂਵਿਆਂ ਨੂੰ ਥਾ ਦੇਕੇ ਘਰਾਂ ਵਾਲੇ ਬਣਾਇਆ ਪਾਪੀਆਂ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

ਮਾਂ ਤਾਂ ਮਾਂ ਸੀ
ਉਹ ਤਾਂ ਸਭ ਰੁੱਖਾਂ ਤੋਂ ਠੰਡੀ ਛਾਂ ਸੀ
ਤੈਨੂੰ ਉਸ ਮਾਂ ਵਿੱਚ ਕੁੱਝ ਵੀ ਨਜ਼ਰ ਨਾ ਆਇਆ ਪਾਪੀਆਂ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

ਅਜੇ ਤਾਂ ਗੁਰੂ ਜਗਜੀਤ ਦਾ ਵਿਛੋੜਾ
ਸੰਗਤ ਤੋਂ ਗਿਆ ਨਾ ਸੀ ਭੁਲਾਇਆ ਪਾਪੀਆ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ
'ਜਸ਼ਨਪ੍ਰੀਤ ਭੰਗੂ' ਨੇ ਇਹ ਗੀਤ ਗਾਇਆ ਪਾਪੀਆ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

4 ਅਪ੍ਰੈਲ ਦਾ ਦਿਨ ਸੰਗਤ ਤੋਂ ਜਾਣਾ ਨਾ ਭੁਲਾਇਆ ਪਾਪੀਆ
ਤੂੰ ਦੋਜ਼ਕ ਦੀ ਅੱਗ ਵਿੱਚ ਜਾਵੇਂ ਪਾਇਆ ਪਾਪੀਆ
ਵੇ ਤੂੰ ਇਹ ਕੀ ਕਹਿਰ ਕਮਾਇਆ ਪਾਪੀਆ

Namdhari Elibrary NamdhariElibrary@gmail.com

ਹੋਲਾ ਮਹਲਾ ਸਾਡੇ ਨਾਨਕੇ ਪਿੰਡ

✍ ਬੀਬੀ ਸਿੰਦਰ ਕੌਰ ਦਿੱਲੀ

ਮੈਂ ਆਪਣੀ ਅੱਖੀਂ ਤੱਕਿਆ ਏ ਨਿੱਕਿਆਂ ਹੁੰਦਿਆਂ, ਮਾਤਾ ਜੀ ਗਊਆਂ ਦੇ ਤਬੇਲੇ ਵਿੱਚ ਆਪਣੇ ਹੱਥੀ ਗਊਆਂ ਦਾ ਗੋਹਾ ਚੁੱਕਦੇ ਤੇ ਘੋੜਿਆਂ ਦੇ ਤਬੇਲੇ ਵਿੱਚ ਲਿੱਦ ਚੁੱਕਣ ਦੀ ਸੇਵਾ ਵੀ ਹੱਥੀ ਕਰਦੇ। ਉਦੋਂ ਥਾਵਾਂ ਕੱਚੀਆਂ ਸਨ। ਗੋਹੇ ਦੇ ਪੋਚੇ ਫੇਰੇ ਜਾਂਦੇ ਸਨ। ਮਾਤਾ ਜੀ ਉਹ ਵੀ ਕਰਦੇ। ਮਾਤਾ ਜੀ ਦੁੱਧ ਰਿੜਕਣਾ, ਚਰਖਾ ਕੱਤਣਾ, ਕੱਪੜੇ ਕੱਟਣਾ ਸਿਉਂਣਾ, ਖੇਤਾਂ ਵਿੱਚ ਜਾ ਕੇ ਨਰਮਾ ਵੀ ਚੁਗਣਾ ਹੱਥੀਂ ਕਰਦੇ ਰਹੇ।

ਜਦੋਂ ਹੋਲਾ ਮਹੱਲਾ 2017 ਦੀ ਸਮਾਪਤੀ ਵੇਲੇ ਇਹ ਐਲਾਨ ਕੀਤਾ ਗਿਆ ਕਿ, 2018 ਦਾ ਹੋਲਾ ਮਾਤਾ ਚੰਦ ਕੌਰ ਜੀ ਦੇ ਪੇਕੇ ਪਰਿਵਾਰ ਵਲੋਂ ਉਨ੍ਹਾਂ ਦੇ ਪਿੰਡ ਜਗਜੀਤ ਨਗਰ ਵਿਖੇ ਹੋਵੇਗਾ ਜੋ ਜ਼ਿਲ੍ਹਾ ਸਿਰਸਾ, ਹਰਿਆਣਾ ਵਿੱਚ ਹੈ ਤੇ ਮੇਰੇ ਮਨ ਵਿੱਚ ਆਈ ਚਲੋ ਮੇਲਾ ਵੇਖਣ ਚੱਲੀਏ - ਨਾਨਕਿਆਂ ਦੇ ਪਿੰਡ ਨਾਨਕਿਆਂ ਦੇ ਘਰ, ਤੇ ਮੈਨੂੰ ਕਿਸੇ ਕਵੀ ਦੀਆਂ ਲਿਖੀਆਂ ਇਹ ਪੰਗਤੀਆਂ ਯਾਦ ਆਈਆਂ, ਜੋ ਕਿਸੇ ਬੱਚੇ ਵਾਸਤੇ ਲਿਖੀਆਂ ਗਈਆਂ ਸਨ।

ਬੀਬੀ, ਤੇਰੇ ਨਾਲ ਮੈਂ ਨਾਨਕਿਆਂ ਨੂੰ ਜਾਊਂਗਾ।
ਹੋਣ ਲਈ ਤਿਆਰ ਮੈਂ ਤਾਂ
ਘੜੀ ਵੀ ਨਾ ਲਾਉਂਗਾ।
ਨਾਨੀ ਮੈਨੂੰ ਪਿਆਰ ਬਾਹਲਾ ਕਰਦੀ ...
ਉਥੇ ਜਾ ਕੇ ਸੁਣੂੰਗਾ ਕਹਾਣੀਆਂ ਤੇ ਮੈਂ ...
ਆਪਣੀਆਂ ਨਿੱਕੀਆਂ-ਨਿੱਕੀਆਂ ਕਵਿਤਾਵਾਂ ਸੁਣਾਊਂਗਾ
ਉਥੇ ਜਾ ਕੇ ਤੁਰਾਂਗਾ ਮੈਂ ਖੇਤਾਂ ਦੇ ਬੰਨੇ-ਬੰਨੇ
ਚੂਪਣੇ ਨੇ ਮੈਂ ਉਥੇ ਜਾ ਕੇ ਪੋਲੇ ਪੋਲੇ ਗੰਨੇ
ਮਿੱਠਾ ਰਸ ਪੀਊਂਗਾ ਤੇ ਨਾਲੇ
ਤੱਤਾ-ਤੱਤਾ ਗੁੜ ਵੀ ਖਾਊਂਗਾ।

ਉਹ ਬਾਲ ਮਨ ਨਾਨਕੇ ਜਾ ਕੇ ਕਿੰਨਾ ਕੁੱਝ ਕਰ ਲੈਣਾ ਚਾਹੁੰਦਾ ਹੈ। ਪਰ ਸਾਡੀ ਮਾਂ ਮਾਤਾ ਚੰਦ ਕੌਰ ਨੇ ਇਸ ਹੋਲੇ ਸਾਡੇ ਨਾਲ ਨਹੀਂ ਹੋਣਾ। ਸਾਨੂੰ ਮਾਤਾ ਜੀ ਤੋਂ ਬਿਨਾਂ ਈ ਨਾਨਕੇ ਜਾਣਾ ਪੈਣਾ ਹੈ। ਅੱਜ ਬਹੁਤ ਯਾਦ ਆਉਂਦੀ ਏ ਮਾਤਾ ਚੰਦ ਕੌਰ ਜੀ ਦੀ।

ਜਦੋਂ ਅਸੀਂ ਨਿੱਕੇ ਸਾਂ ਉਦੋਂ ਅਸੀਂ ਜੀਵਨ ਨਗਰ ਰਹਿੰਦੇ ਸਾਂ ਤੇ ਸਤਿਗੁਰਾਂ ਵਾਲੀ ਕੋਠੀ ਵਿੱਚ ਆਉਣਾ ਜਾਣਾ ਲੱਗਾ ਈ ਰਹਿੰਦਾ ਸੀ, ਨਿੱਤਨੇਮ ਦੇ ਵਕਤ ਜਾਂ ਹੋਰ ਕਈ ਵਾਰੀ ਤੇ ਬਹੁਤ ਵਾਰੀ ਅਸੀਂ ਕੁੜੀਆਂ-ਕੁੜੀਆਂ ਇਕੱਠੀਆਂ ਹੋ ਕੇ ਵੀ ਕੋਠੀ ਚਲੇ ਜਾਣਾ। ਮਾਤਾ ਜੀ ਦੇ ਦਰਸ਼ਨ ਕਰਨੇ ਤੇ ਮਾਤਾ ਜੀ ਦੇ ਮਗਰ-ਮਗਰ ਤੁਰੇ ਫਿਰਨਾ ਮਾਤਾ ਜੀ ਦੇ ਦਰਸ਼ਨ ਕਰਨੇ ਤੇ ਮਾਤਾ ਜੀ ਦਾ ਹੌਲੀ ਬੋਲਣਾ, ਮਿੱਠਾ ਬੋਲਣਾ, ਘੱਟ ਬੋਲਣਾ ਤੇ ਨਿੰਮ੍ਹਾ-ਨਿੰਮ੍ਹਾ ਮੁਸਕਰਾਉਣਾ ਸਾਨੂੰ ਚੰਗਾ ਲਗਦਾ ਸੀ।

ਅਸੀਂ ਬਚਪਨ ਤੋਂ ਹੀ ਮਾਤਾ ਜੀ ਦੇ ਸੁਭਾਅ ਦੇ ਪ੍ਰਭਾਵ ਥੱਲੇ ਆ ਗਏ ਸਾਂ, ਜਿਨ੍ਹਾਂ ਵਿੱਚੋਂ ਕੁਝ ਖ਼ਾਸ ਗੱਲਾਂ ਇਵੇਂ ਸਨ, ਕਦੀ ਵੀ ਕਿੰਨੀ ਵੀ ਔਖੀ ਘੜੀ ਆ ਜਾਵੇ ਘਬਰਾਉਣਾ ਨਹੀਂ, ਕਾਹਲੀ ਨਹੀਂ ਪੈਣਾ ਸਗੋਂ ਸਮਝਦਾਰੀ ਨਾਲ ਔਖੀ ਤੇ ਔਖੀ ਸਮੱਸਿਆ ਦਾ ਹੱਲ ਵੀ ਸੁਖਾਲੇ ਈ ਕੱਢ ਲੈਣਾ, ਗੁੱਸਾ ਨਹੀਂ ਕਰਨਾ ਕਾਹਲੇ ਨਹੀਂ ਪੈਣਾ ਤੇ ਘਰ ਗ੍ਰਹਿਸਤੀ ਨੂੰ ਕੁਸ਼ਲਤਾ ਨਾਲ ਚਲਾਉਣ ਦੀ ਜੁਗਤ ਵਿੱਚ ਮਾਤਾ

Namdhari Elibrary NamdhariElibrary@gmail.com

ਜੀ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਅਤੇ ਉਨ੍ਹਾਂ ਦੇ ਹੁਕਮ ਨਾਲ ਮਾਤਾ ਜੀ ਦੀ ਅਣਥੱਕ ਸੇਵਾ ਤੇ ਮਾਤਾ ਜੀ ਵਲੋਂ ਬੇਹਿਸਾਬ ਕੀਤੀ ਸੇਵਾ ਸਦਕਾ ਸ੍ਰੀ ਭੈਣੀ ਸਾਹਿਬ ਨੂੰ ਨਵੀਂ ਨੁਹਾਰ ਮਿਲ ਸਕੀ। ਬਣ ਗਈਆਂ ਕੱਖਾਂ-ਕਾਨਿਆਂ ਤੋਂ ਸੰਗਮਰਮਰ ਦੀਆਂ ਸ਼ਾਨਦਾਰ ਕੋਠੀਆਂ। ਸੰਗਤਾਂ ਦੇ ਠਹਿਰਨ ਵਾਸਤੇ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਮਾਤਾ ਚੰਦ ਕੌਰ ਜੀ ਦੀ ਦੇਣ ਹਨ, ਜਿਸ ਨੂੰ ਰਹਿੰਦੀ ਦੁਨੀਆਂ ਯਾਦ ਰੱਖੇਗੀ। ਮਾਤਾ ਜੀ ਸੇਵਾ ਕਰਦਿਆਂ ਕਦੀ ਅੱਕੇ-ਥੱਕੇ ਨਹੀਂ ਸਨ, ਧੁੱਪ ਛਾਂ, ਗਰਮੀ-ਸਰਦੀ ਦੀ ਪ੍ਰਵਾਹ ਨਹੀਂ ਸੀ ਕੀਤੀ। ਸੇਵਾ ਉਨ੍ਹਾਂ ਦਾ ਅਹਾਰ ਸੀ, ਸੇਵਾ ਉਨ੍ਹਾਂ ਦਾ ਧਰਮ ਸੀ - ਸੇਵਾ ਉਨ੍ਹਾਂ ਦਾ ਜੀਵਨ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਈ ਵਾਰੀ ਇਹ ਬਚਣ ਕਰਨੇ - ਮੇਰੀ ਸਿੰਘਣੀ ਕੰਮ ਤਾਂ ਬਹੁਤ ਕਰਦੀ ਹੈ ਪਰ ਦਰਸਾਉਂਦੀ ਨਹੀਂ।

ਇਥੇ ਮੈਂ ਮਾਤਾ ਜੀ ਦੀ ਬਖਸ਼ਿਸ਼ਾਂ ਦਾ ਵਰਨਣ ਆਪਣੀ ਹਢ ਬੀਤੀ ਨਾਲ ਕਰਾਂਗੀ।

ਇਕ ਵਾਰੀ ਮੈਂ ਸ੍ਰੀ ਭੈਣੀ ਸਾਹਿਬ ਗਈ ਤਾਂ ਉਸ ਦਿਨ ਉਥੇ ਬਹੁਤ ਸਾਰੀਆਂ ਬੀਬੀਆਂ ਬੈਂਕਾਕ (ਥਾਈਲੈਂਡ) ਤੋਂ ਆਈਆਂ ਹੋਈਆਂ ਸਨ। ਅਸੀਂ ਸਾਰੇ ਮਾਤਾ ਜੀ ਦੇ ਕੋਲ ਬੈਠੇ ਸਾਂ। ਬੈਂਕਾਕ ਵਾਲੀਆਂ ਬੀਬੀਆਂ ਮਾਤਾ ਜੀ ਨੂੰ ਕੁੱਝ ਮਾਇਆ ਭੇਟਾ ਧਰ ਕੇ ਕਹਿ ਰਹੀਆਂ ਸਨ, ਮਾਤਾ ਜੀ ਇਹ ਮੇਰੇ ਵਲੋਂ ਅਖੰਡਪਾਠ - ਇਹ ਮੇਰੇ ਵਲੋਂ ਵਰਨੀ ਕੋਈ ਲੰਗਰ ਵਾਸਤੇ ਤੇ ਕੋਈ ਕਿਸੇ ਹੋਰ ਕਾਰਜ ਵਾਸਤੇ - ਮਾਇਆ ਭੇਟ ਕਰ ਰਹੀ ਸੀ, ਕੋਲ ਬੈਠੀ ਬੀਬੀ ਸਿੰਦਰ ਦਾਸ ਨੂੰ ਮਾਤਾ ਜੀ ਬਚਨ ਕੀਤਾ, ਇਹ ਤੁਸੀਂ ਆਪਣੇ ਪਰਸ ਵਿੱਚੋਂ ਪੈਨ ਤੇ ਡਾਇਰੀ ਕੱਢੋ ਤੇ ਲਿਖੋ, ਇਸ ਤਰ੍ਹਾਂ ਮੈਨੂੰ ਚੇਤਾ ਨਹੀਂ ਰਹਿਣਾ। ਤੇ ਮੈਂ ਝਟ-ਪਟ ਪੈਨ ਕਾਪੀ ਪਰਸ ਵਿੱਚੋਂ ਕੱਢ ਕੇ ਲਿਖਣਾ ਸ਼ੁਰੂ ਕਰ ਦਿੱਤਾ ਤੇ ਜਦੋਂ ਸਾਰੀ ਲਿਸਟ ਬਣ ਕੇ ਤਿਆਰ ਹੋਈ ਤਾਂ ਮਾਤਾ ਜੀ ਨੇ ਬਚਨ ਕੀਤਾ, ਇਹੀ ਸੁੱਖ ਹੁੰਦਾ ਹੈ ਪੜ੍ਹੀਆਂ ਲਿਖੀਆਂ ਕੁੜੀਆਂ ਦਾ। ਤੇ ਸਿੰਦਰ, ਬਣ ਗਈ ਪੜ੍ਹੀ-ਲਿਖੀ ਧੀ। ਸੱਚੀ ਉਸ ਦਿਨ ਤੋਂ ਬਾਅਦ ਮੈਂ ਬਹੁਤ ਕੁੱਝ ਲਿਖਣ ਲਗੀ। ਮਾਤਾ ਜੀ ਦੇ ਉਸ ਬਚਨ ਤੋਂ ਬਾਅਦ ਮੈਨੂੰ ਦਿੱਲੀ ਦੀਆਂ ਬਹੁਤ ਸਾਰੀਆਂ ਸਾਹਿਤ ਸਭਾਵਾਂ ਵਿੱਚ ਕਵਿਤਾ-ਕਹਾਣੀਆਂ ਤੇ ਲੇਖ ਲਿਖਣ ਪੜ੍ਹਣ ਦਾ ਸੁਭਾਗ ਪ੍ਰਾਪਤ ਹੋਣ ਲੱਗਾ ਜੋ ਅੱਜ ਤੱਕ ਨਿਰੰਤਰ ਚਲ ਰਿਹਾ ਹੈ। ਆਲ ਇੰਡੀਆ ਰੇਡੀਓ ਤੋਂ ਵੀ ਮੈਨੂੰ ਕਹਾਣੀਆਂ ਪੜ੍ਹਣ ਦਾ ਮੌਕਾ ਮਿਲਦਾ ਰਹਿੰਦਾ ਹੈ, ਇਸ ਵਿੱਚ ਮੇਰੀ ਕੋਈ ਗੱਲ ਨਹੀਂ, ਇਹ ਤਾਂ ਮਾਤਾ ਚੰਦ ਕੌਰ ਜੀ ਦੇ ਬਚਨ ਦੀ ਬਰਕਤ ਹੋ ਨਿਬੜੀ ਹੈ।

ਮੈਂ ਆਪਣੀ ਅੱਖੀਂ ਤੱਕਿਆ ਏ ਨਿੱਕਿਆਂ ਹੁੰਦਿਆਂ, ਮਾਤਾ ਜੀ ਗਊਆਂ ਦੇ ਤਬੇਲੇ ਵਿੱਚ ਆਪਣੇ ਹੱਥੀ ਗਊਆਂ ਦਾ ਗੋਹਾ ਚੁੱਕਦੇ ਤੇ ਘੋੜਿਆਂ ਦੇ ਤਬੇਲੇ ਵਿੱਚ ਲਿੱਦ ਚੁੱਕਣ ਦੀ ਸੇਵਾ ਵੀ ਹੱਥੀ ਕਰਦੇ। ਉਦੋਂ ਥਾਵਾਂ ਕੱਚੀਆਂ ਸਨ। ਗੋਹੇ ਦੇ ਪੋਚੇ ਫੇਰੇ ਜਾਂਦੇ ਸਨ। ਮਾਤਾ ਜੀ ਉਹ ਵੀ ਕਰਦੇ। ਮਾਤਾ ਜੀ ਦੁੱਧ ਰਿੜਕਣਾ, ਚਰਖਾ ਕੱਤਣਾ, ਕੱਪੜੇ ਕੱਟਣਾ ਸਿਉਂਣਾ, ਖੇਤਾਂ ਵਿੱਚ ਜਾ ਕੇ ਨਰਮਾ ਵੀ ਚੁਗਣਾ ਹੱਥੀਂ ਕਰਦੇ ਰਹੇ। ਕਾਮਿਆਂ ਤੋਂ ਵਾਢੀਆਂ ਕਰਾਉਂਦੇ ਉਹਨਾਂ ਨੂੰ ਕੜਾਹ ਪ੍ਰਸ਼ਾਦਿ ਤੇ ਹੋਰ ਪਦਾਰਥ ਛਕਾਉਂਦੇ। ਮਾਤਾ ਜੀ ਨੂੰ ਨਾ ਤਾਂ ਆਪਣੇ ਛਕਣ-ਛਕਾਉਣ ਦਾ ਫਿਕਰ ਹੁੰਦਾ ਤੇ ਨਾ ਗਲ ਪਾਉਣ ਵਾਲੇ ਕੱਪੜਿਆਂ ਦਾ। ਉਹ ਵਿਸ਼ਾਲ ਹਿਰਦੇ ਵਾਲੇ ਸਨ ਜਿਵੇਂ ਅੰਗਰੇਜ਼ੀ ਵਿੱਚ ਕਹਿੰਦੇ ਹਨ : 'ਸ਼ੀ ਇਜ਼ ਔਲ ਰਾਉਂਡਰ' ਮਾਤਾ ਜੀ ਦਾ ਸਾਨੀ ਕੋਈ ਨਹੀਂ ਹੋ ਸਕਦਾ।

ਜਿਨ੍ਹਾਂ ਨੇ ਸਾਨੂੰ ਇਨ੍ਹਾਂ ਕੁੱਝ ਦਿੱਤਾ ਪਰ ਪਤਾ ਨਹੀਂ ਕਿਸ ਨੂੰ ਉਸ ਮਾਂ ਦਾ ਇੱਡਾ ਚੰਗਾ ਹੋਣਾ ਚੰਗਾ ਨਹੀਂ ਲੱਗਿਆ। ਪਤਾ ਨਹੀਂ ਉਸ ਨੂੰ ਕੀ ਚਾਹੀਦਾ ਸੀ - ਜਾਂ ਉਸ ਨੂੰ ਕੀ ਮਿਲ ਗਿਆ ਮਾਤਾ ਜੀ ਨੂੰ ਮਾਰ ਕੇ। ਜੋ ਮਾਤਾ ਜੀ ਕੋਲੋਂ ਉਸਨੂੰ ਜੀਂਦਿਆਂ ਨਹੀਂ ਸੀ ਮਿਲ ਸਕਣਾ। ਜਿਸ ਮਾਂ ਕੋਲ ਸਾਰੇ ਸੰਸਾਰ ਵਾਸਤੇ ਅਸੀਸਾਂ ਸਨ ਤੇ ਪਿਆਰ ਹੀ ਪਿਆਰ ਸੀ। ਵੇ ਮਰ ਜਾਣਿਆਂ ਅਗਰ ਤੂੰ ਜਿੰਦਾ ਏ ਤਾਂ ਆ ਆਤਮ ਸਮਰਪਣ ਕਰ ਦੇ ਅਸੀਂ ਤੈਨੂੰ ਨਹੀਂ ਮਾਰਾਂਗੇ। ਬਸ ਤੇਰੀ ਜਨਮ ਦੇਣ ਵਾਲੀ ਮਾਂ ਦਾ ਢਿੱਡ ਪਾੜ ਸੁਟਾਂਗੇ ਜਿਸ ਢਿੱਡੋਂ ਤੈਨੂੰ ਜਨਮ ਦੇ ਕੇ ਉਸ ਮਾਂ ਨੂੰ ਸਾਰੇ ਜਹਾਨ ਦਾ ਪਾਪ ਖੱਟ ਲਿਆ। ਵੇ ਭੈੜਿਆ ਸਾਡੀ ਮਾਂ ਨੂੰ ਮਾਰ ਕੇ ਸਾਡੇ ਸਾਰਿਆਂ ਦੇ ਹਿਰਦੇ ਵਲੂੰਧਰ ਸੁੱਟੇ ਨੇ। ਇਕ 85-86 ਸਾਲਾ ਬਜ਼ੁਰਗ ਮਾਤਾ ਦਾ ਕਤਲ ਇਸ ਸੰਸਾਰ ਵਿੱਚ ਇਸ ਤੋਂ ਵੱਡਾ ਅਨਰਥ ਕੀ ਹੋ ਸਕਦਾ ਹੈ। ਬਹੁਤ ਕੁੱਝ ਹੈ ਮਾਤਾ ਜੀ ਵਾਸਤੇ ਲਿਖਣ ਨੂੰ।

ਮੈਨੂੰ ਯਾਦ ਆਈ ਇਕ ਹੋਰ ਗੱਲ। ਮਾਤਾ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ 1998 ਵਿੱਚ ਅਰੰਭੇ ਸਵਾ ਲੱਖ ਪਾਠਾਂ ਨੂੰ ਵੀ ਸੰਪੂਰਨ ਕਰਾਉਣ ਦਾ ਵੱਡਾ ਉਪਰਾਲਾ ਕੀਤਾ ਸੀ ਤੇ ਬਹੁਤ ਸਾਰੀ ਸੰਗਤ ਵਲੋਂ ਪਾਠ ਕੀਤੇ ਵੀ ਗਏ, ਜੋ ਹੁਣ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਸੰਪੂਰਨ ਹੋਣ ਵਾਲੇ ਹਨ।

ਮੈਂ ਸਿੰਦਰ ਮਾਤਾ ਚੰਦ ਕੌਰ ਜੀ ਨੂੰ ਸ਼ਤ-ਸ਼ਤ ਪ੍ਰਣਾਮ ਕਰਦੀ ਹੋਈ ਲਿਖਣ ਵਿੱਚ ਹੋਈਆਂ ਭੁੱਲਾਂ-ਚੁੱਕਾਂ ਦੀ ਖਿਮਾ ਮੰਗਦੀ ਹਾਂ। ■

Namdhari Elibrary NamdhariElibrary@gmail.com

ਵਿਸ਼ਾਲ ਹਿਰਦੇ ਵਾਲੀ ਮਾਂ
ਮਾਤਾ ਚੰਦ ਕੌਰ ਜੀ

✍ ਡਾ. ਰਜਵੰਤ ਕੌਰ ਸੱਗੂ

ਮਾਤਾ ਜੀ ਨੂੰ ਅਸੀਂ ਸਾਰਿਆਂ ਨੇ ਹਮੇਸ਼ਾ ਅਣਥੱਕ ਸੇਵਾ ਕਰਦੇ ਵੇਖਿਆ ਹੈ। ਇਸ ਅਵਸਥਾ ਵਿੱਚ ਵੀ ਉਹਨਾਂ ਦੀ ਦਿਨਚਰਯਾ ਨਾਮ ਸਿਮਰਨ, ਪਾਠ ਤੋਂ ਸ਼ੁਰੂ ਹੋ ਕੇ ਬਹੁਕਰ ਬੁਹਾਰੀ ਦੇਣਾ, ਲੰਗਰ ਪਾਣੀ ਤਿਆਰ ਕਰਨਾ, ਗਊਸ਼ਾਲਾ ਜਾਣਾ, ਬਿਰਧਾਂ ਤੇ ਬਿਮਾਰਾਂ ਦਾ ਹਾਲ ਚਾਲ ਪਤਾ ਕਰਨਾ ਤੇ ਸ੍ਰੀ ਭੈਣੀ ਸਾਹਿਬ ਦੇ ਭਵਨ ਨਿਰਮਾਣ ਦੇ ਕਾਰਾਂ ਨੂੰ ਦੇਖਣ ਤੱਕ ਚਲਦੀ ਸੀ।

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਮਾਵਾਂ ਦੇ ਦਿਲ ਬੜੇ ਛੋਟੇ ਅਤੇ ਕੋਮਲ ਹੁੰਦੇ ਹਨ। ਉਹ ਆਪਣੇ ਬੱਚਿਆਂ ਦੇ ਦੁੱਖ ਬਰਦਾਸ਼ਤ ਨਹੀਂ ਕਰ ਸਕਦੀਆਂ ਪਰ ਜਿਸ ਮਾਂ ਦਾ ਜ਼ਿਕਰ ਮੈਂ ਕਰਨ ਲੱਗੀ ਹਾਂ, ਉਹ ਸਿਰਫ ਮੇਰੀ ਜਾਂ ਮੇਰੇ ਭੈਣਾਂ ਭਰਾਵਾਂ ਦੀ ਹੀ ਮਾਂ ਨਹੀਂ ਸੀ, ਉਹ ਸੀ, ਸੰਪੂਰਨ ਨਾਮਧਾਰੀ ਜਗਤ ਦੀ ਮਾਂ, ਵਿਸ਼ਾਲ ਹਿਰਦੇ ਵਾਲੀ ਜਗਤ ਮਾਤਾ ਚੰਦ ਕੌਰ ਜੀ। ਜਿਨ੍ਹਾਂ ਨੂੰ 4 ਅਪ੍ਰੈਲ 2016 ਨੂੰ ਬੇਰਹਿਮ ਤੇ ਮਨੁੱਖਤਾ ਦੇ ਦੁਸ਼ਮਣਾਂ ਨੇ ਸਾਡੇ ਤੋਂ ਖੋਹ ਲਿਆ।

ਸਾਡੇ ਸਾਰਿਆਂ ਦੇ ਮਨਾਂ ਤੇ ਰਾਜ ਕਰਨ ਵਾਲੇ ਮਹਿਬੂਬ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਨੂੰ ਸ਼ਿਖਰ ਤੇ ਪਹੁੰਚਾਇਆ। ਉਹਨਾਂ ਦੇ ਵਿਛੋੜੇ ਤੇ ਸਮੁੱਚਾ ਨਾਮਧਾਰੀ ਜਗਤ ਇੰਜ ਮਹਿਸੂਸ ਕਰ ਰਿਹਾ ਸੀ ਜਿਵੇਂ ਅਸੀਂ ਉੱਚੀ ਪਹਾੜੀ ਟੀਸੀ ਤੋਂ ਕਿਸੇ ਡੂੰਘੀ ਖਾਈ ਵਿੱਚ ਡਿੱਗ ਗਏ ਹਾਂ। ਉਸ ਔਖੇ ਵਕਤ 'ਚ ਮਾਤਾ ਚੰਦ ਕੌਰ ਜੀ ਨੇ ***ਡੋਲਨ ਤੇ ਰਾਖਹੁ ਪ੍ਰਭੂ*** ਦੇ ਮਹਾਵਾਕ ਅਨੁਸਾਰ ਆਪਣੀ ਲੰਮੀ ਬਾਂਹ ਦੇ ਸਹਾਰੇ ਨਾਲ ਸਾਨੂੰ ਉਸ ਖਾਈ ਵਿੱਚੋਂ ਕੱਢ ਕੇ ਡਾਵਾਂ ਡੋਲ ਹੋਣ ਤੋਂ ਬਚਾ ਲਿਆ। ਉਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਆਪਣੇ ਬਹੁਤ ਹੀ ਪਿਆਰੇ ਲਾਡਲੇ, ਨਿਪੁੰਨ ਨਿਸ਼ਠਾਵਾਨ ਅਤੇ ਸਮਰੱਥ ਕਾਕੇ ਨੂੰ ਸਤਿਗੁਰੂ ਉਦੈ ਸਿੰਘ ਦਾ ਰੂਪ ਦੇਕੇ ਸੰਗਤ ਦੇ ਤਪਦੇ ਦਿਲਾਂ ਨੂੰ ਠਾਰਿਆ।

ਸਾਰੇ ਮਾਂ ਬਾਪ ਆਪਣੇ ਬੱਚਿਆਂ ਨੂੰ ਇਕੋ ਜਿਹਾ ਪਿਆਰ ਕਰਦੇ ਹਨ, ਪਰ ਅਸੀਂ ਹਮੇਸ਼ਾ ਇਸ ਭੁਲੇਖੇ ਵਿੱਚ ਰਹਿੰਦੇ ਹਾਂ ਕਿ ਮੇਰੀ ਮਾਂ ਜਾਂ ਪਿਤਾ ਮੇਰੇ ਦੂਜੇ ਭੈਣ ਜਾਂ ਭਰਾ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ। ਪਰ ਮਾਤਾ ਜੀ ਦੇ ਸੰਦਰਭ ਵਿੱਚ ਇਸ ਤਰ੍ਹਾਂ ਨਹੀਂ ਹੈ। ਮੈਂ ਜਿਸ ਕਿਸੇ ਨੂੰ ਵੇਖਿਆ ਸੁਣਿਆ ਹੈ, ਉਹ ਵੀ ਕਹਿ ਰਿਹਾ ਹੈ ਕਿ "ਮਾਤਾ ਜੀ ਦਾ ਮੇਰੇ ਨਾਲ ਬੜਾ ਪ੍ਰੇਮ ਸੀ", ਸਾਡੇ ਪਰਿਵਾਰ ਦਾ ਉਹਨਾਂ ਬੜਾ ਭਲਾ ਕੀਤਾ ਹੈ, ਮੇਰੇ ਨਾਲ ਬੜਾ ਸਨੇਹ ਕਰਦੇ ਸੀ, ਸਾਡੇ ਸਾਰੇ ਸੁੱਖ ਦੁੱਖ ਸੁਣਦੇ ਸਨ" ਆਦਿ।

ਭਗਤੀ ਤੇ ਸ਼ਕਤੀ ਦਾ ਸੁਮੇਲ ਸਨ ਮਾਤਾ ਚੰਦ ਕੌਰ ਜੀ। ਮਾਤਾ ਜੀ ਨੂੰ ਅਸੀਂ ਸਾਰਿਆਂ ਨੇ ਹਮੇਸ਼ਾ ਅਣਥੱਕ ਸੇਵਾ ਕਰਦੇ ਵੇਖਿਆ ਹੈ। ਇਸ ਅਵਸਥਾ ਵਿੱਚ ਵੀ ਉਹਨਾਂ ਦੀ ਦਿਨਚਰਯਾ ਨਾਮ ਸਿਮਰਨ, ਪਾਠ ਤੋਂ ਸ਼ੁਰੂ ਹੋ ਕੇ ਬਹੁਕਰ ਬੁਹਾਰੀ ਦੇਣਾ, ਲੰਗਰ ਪਾਣੀ ਤਿਆਰ ਕਰਨਾ, ਗਊਸ਼ਾਲਾ ਜਾਣਾ, ਬਿਰਧਾਂ ਤੇ ਬਿਮਾਰਾਂ ਦਾ ਹਾਲ ਚਾਲ ਪਤਾ ਕਰਨਾ ਤੇ ਸ੍ਰੀ

Namdhari Elibrary NamdhariElibrary@gmail.com

ਇਕ ਮੂਰਤ ਮੈਂ ਐਸੀ ਦੇਖੀ,
ਜਿਸ ਚਾਵਾਂ ਨਾਲ ਸੀ ਤੱਕਿਆ,
ਰਾਤ ਹੋਵੇ ਜਾਂ ਹੋਵੇ ਸਵੇਰਾ,
ਉਸ ਨੂੰ ਨਾ ਕਦੇ ਵੇਖਿਆ ਥੱਕਿਆ।
ਜਿਹੜਾ ਮਰਜੀ ਆ ਦੁੱਖ ਦੱਸਦਾ,
ਉਸ ਦੁੱਖ ਵੰਡਾਉਂਦਿਆਂ ਤੱਕਿਆ।
ਰਾਤ ਦਿਨ ਉਹ ਕਰਦੀ ਸੇਵਾ,
ਨਾ ਕਦੇ ਉਸ ਨੂੰ ਵੇਖਿਆ ਅੱਕਿਆ।
ਇਕ ਸਿੱਖ ਆਏ ਜਾਂ ਆਉਣ ਹਜ਼ਾਰਾਂ,
ਸਭਦਾ ਧਿਆਨ ਰੱਖਦੇ ਤੱਕਿਆ।

ਭੈਣੀ ਸਾਹਿਬ ਦੇ ਭਵਨ ਨਿਰਮਾਣ ਦੇ ਕਾਰਾਂ ਨੂੰ ਦੇਖਣ ਤੱਕ ਚਲਦੀ ਸੀ। ਉਹਨਾਂ ਦੇ ਚਿਹਰੇ ਤੇ ਹਮੇਸ਼ਾ ਸੇਵਾ ਭਾਵ ਦਾ ਨੂਰ ਤੇ ਸਰੂਰ ਝਲਕਦਾ ਸੀ।

ਉਹ ਦੂਰੋਂ ਨੇੜਿਓ ਆਈ ਸੰਗਤ ਦਾ ਆਪ ਖਿਆਲ ਰਖਦੇ ਸਨ। ਭਾਵੇਂ ਆਮ ਸੰਗਤ ਦਾ ਆਪ ਖਿਆਲ ਰਖਦੇ ਸਨ। ਵਿਦੇਸ਼ਾਂ ਤੋਂ ਆਈ ਸੰਗਤ ਨੂੰ ਉਨ੍ਹਾਂ ਦੇ ਮੁਤਾਬਕ ਜਲ ਪਾਣੀ ਤੇ ਹੋਰ ਸੁਵਿਧਾਵਾਂ ਪ੍ਰਦਾਨ ਕਰਦੇ ਸਨ। ਇਸ ਤੋਂ ਇਲਾਵਾ ਉਹ ਦੇਸ਼ ਵਿਦੇਸ਼ ਦੇ ਦੌਰੇ ਕਰਕੇ ਸੰਗਤਾਂ ਨੂੰ ਨਿਵਾਜਦੇ ਰਹਿੰਦੇ ਸਨ। ਘਰਾਂ ਵਿੱਚ ਚਰਨ ਪਾ ਕੇ ਆਪਣੀਆਂ ਸੰਗਤਾਂ ਦੀਆਂ ਅਰਜ਼ਾਂ ਸੁਣ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਲਝਾਉਣ ਵਿੱਚ, ਤਤਪਰ ਰਹਿੰਦੇ ਸਨ।

ਸ੍ਰੀ ਭੈਣੀ ਸਾਹਿਬ ਦੀਆਂ ਵਿਰਾਸਤੀ ਮੰਦਿਰਾਂ ਦੀਆਂ ਉਸਾਰੀਆਂ ਵਾਸਤੇ ਆਪ ਸੰਗਤਾਂ ਨੂੰ ਪ੍ਰੇਰਦੇ ਅਤੇ ਅਣਥੱਕ ਸੇਵਾ ਕਾਰਜ ਕਰਦੇ ਸਨ।

ਮਾਤਾ ਜੀ ਜਦੋਂ ਵੀ ਜਲੰਧਰ ਜਾਂਦੇ ਉਦੋਂ ਉਹ ਵਿਸ਼ੇਸ਼ ਤੌਰ ਤੇ ਮੇਰੇ ਪਿਤਾ ਜੀ ਸ੍ਰ ਜਗਦੀਸ਼ ਸਿੰਘ ਵਰਿਆਮ ਜੀ ਦੀ ਖ਼ਬਰ ਸੁਰਤ ਲੈਣ ਲਈ ਘਰ ਜ਼ਰੂਰ ਚਰਨ ਪਾਉਂਦੇ ਅਤੇ ਉਨ੍ਹਾਂ ਨੂੰ ਉਤਸ਼ਾਹ ਵੀ ਦਿੰਦੇ। ਹੁਣ ਵੀ ਵਰਿਆਮ ਜੀ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਨਿਵਾਸ ਕਰ ਲਿਆ ਤਾਂ ਮਾਤਾ ਜੀ ਅਕਸਰ ਬਿਰਧ ਆਸ਼ਰਮ ਜਾ ਕੇ ਉਨ੍ਹਾਂ ਨੂੰ ਦਰਸ਼ਨ ਦਿੰਦੇ। ਇਸ ਦੇ ਨਾਲ ਮੇਰੇ ਪਿਤਾ ਜੀ ਦਾ ਮਨ ਖਿੜ ਉੱਠਦਾ ਸੀ। ਮੇਰੀਆਂ ਭੈਣਾਂ ਤੇ ਮੇਰੀ ਭੂਆ ਜੀ ਉਹਨਾਂ ਨੂੰ ਸਹਿਜ ਹੀ ਅਰਜ਼ ਬੇਨਤੀ ਕਰ ਲੈਂਦੀਆਂ ਸਨ ਪਰ ਮੇਰੇ ਮਨ ਵਿੱਚ ਥੋੜੀ ਝਿਜਕ ਰਹਿੰਦੀ ਸੀ। ਮੇਰੀ ਮਾਤਾ ਬਖਸ਼ੀਸ਼ ਕੌਰ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਉਹ ਸਸਕਾਰ ਸਮੇਂ ਆਪ ਪਧਾਰੇ ਅਤੇ ਦੁੱਖ ਸਹਿਣ ਅਤੇ ਭਾਣਾ ਮੰਨਣ ਦੀ ਸ਼ਕਤੀ ਦਿੱਤੀ। ਵਰਿਆਮ ਜੀ ਦਾ ਹਾਲ ਚਾਲ ਵੀ ਪੁੱਛਿਆ। ਹੁਣ ਵੀ ਜਦੋਂ ਦੇ ਮੇਰੇ ਪਿਤਾ ਜੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਵਿੱਚ ਦਾਖਲ ਸਨ, ਮਾਤਾ ਜੀ ਕਈ ਵਾਰ ਉਥੇ ਜਾ ਕੇ ਉਹਨਾਂ ਨੂੰ ਦਰਸ਼ਨ ਦੇ ਆਏ ਸਨ। ਇਸ ਤਰ੍ਹਾਂ ਉਹ ਬਿਨਾਂ ਕਿਸੇ ਨੂੰ ਜਤਾਏ, ਬਿਨਾਂ ਕਿਸੇ ਨੂੰ ਦਰਸਾਏ ਤਾਰਦੇ ਰਹਿੰਦੇ ਸਨ।

ਇਸ ਵਾਰ ਹੋਏ ਮੇਲੇ ਦੌਰਾਨ ਉਹ ਹਮੇਸ਼ਾ ਦੀ ਤਰ੍ਹਾਂ ਲੰਗਰ ਅਸਥਾਨ ਤੇ ਆਪਣੀ ਮੰਜੀ ਤੇ ਸੁਭਾਇਮਾਨ ਸਨ। ਮੈਂ ਤੇ ਮੇਰੇ ਪਤੀ ਨੇ ਉਨ੍ਹਾਂ ਨੂੰ ਵਰਿਆਮ ਜੀ ਦੀ ਸਿਹਤ ਬਾਰੇ ਅਰਜ਼ ਬੇਨਤੀ ਕੀਤੀ ਤਾਂ ਉਨ੍ਹਾਂ ਕਿਹਾ ਕਿ "ਮੈਂ ਤਾਂ ਜਦੋਂ ਵੀ ਹਸਪਤਾਲ ਜਾਂਦੀ ਹਾਂ ਉਨ੍ਹਾਂ ਨੂੰ ਦੇਖ ਕੇ ਆਉਂਦੀ ਹਾਂ। ਮੇਰੇ ਪਾਤਸ਼ਾਹ ਜੀ ਕਿਰਪਾ ਕਰਨਗੇ। ਬੱਸ ਇਹੀ ਮੇਰੀ ਉਨ੍ਹਾਂ ਨਾਲ ਆਖਰੀ ਮੁਲਾਕਾਤ ਤੇ ਆਖਰੀ ਨਮਸਕਾਰ ਸੀ। ਇਹ ਨਹੀਂ ਪਤਾ ਸੀ ਕਿ ਇਹ ਸੋਹਣੀ ਮੂਰਤ ਦਿਖਾਈ ਨਹੀਂ ਦੇਣੀ।

ਇਕ ਕਵੀ ਦੀਆਂ ਸੱਤਰਾਂ ਵਿੱਚ ਉਨ੍ਹਾਂ ਦੇ ਜੀਵਨ ਦੀ ਝਲਕ ਦਿਖਾਈ ਦਿੰਦੀ ਹੈ।

ਇਕ ਮੂਰਤ ਮੈਂ ਐਸੀ ਦੇਖੀ,
ਜਿਸ ਚਾਵਾਂ ਨਾਲ ਸੀ ਤੱਕਿਆ,
ਰਾਤ ਹੋਵੇ ਜਾਂ ਹੋਵੇ ਸਵੇਰਾ,
ਉਸ ਨੂੰ ਨਾ ਕਦੇ ਵੇਖਿਆ ਥੱਕਿਆ।
ਜਿਹੜਾ ਮਰਜੀ ਆ ਦੁੱਖ ਦੱਸਦਾ,
ਉਸ ਦੁੱਖ ਵੰਡਾਉਂਦਿਆਂ ਤੱਕਿਆ।
ਰਾਤ ਦਿਨ ਉਹ ਕਰਦੀ ਸੇਵਾ,
ਨਾ ਕਦੇ ਉਸ ਨੂੰ ਵੇਖਿਆ ਅੱਕਿਆ।
ਇਕ ਸਿੱਖ ਆਏ ਜਾਂ ਆਉਣ ਹਜ਼ਾਰਾਂ,
ਸਭਦਾ ਧਿਆਨ ਰੱਖਦੇ ਤੱਕਿਆ।
ਉਹ ਮਾਂ ਹੀ ਸੀ ਜਿਹੜੀ ਜਾਂਦਿਆਂ ਪੁੱਛਦੀ
ਦੱਸੋ ਤੁਸੀਂ ਪਰਸ਼ਾਦਾ ਛਕਿਆ।
ਰਾਜਬੀਰ, ਕਹੇ ਉਹ ਐਸੀ ਛਾਂ ਸੀ
ਦਿਲ ਜਿਸ ਨੂੰ ਹੁਣ ਲੱਭ ਨਾ ਸਕਿਆ।

ਮਾਤਾ ਚੰਦ ਕੌਰ ਜੀ ਹਮੇਸ਼ਾ ਸਾਡੇ ਦਿਲਾਂ ਵਿੱਚ ਵਸਦੇ ਰਹਿਣਗੇ। ਐਸੀ ਰੂਹਾਨੀ ਸ਼ਖ਼ਸੀਅਤ ਵਿਸ਼ਾਲ ਹਿਰਦੇ ਵਾਲੀ ਮਾਂ ਨੂੰ ਕੋਟੀ ਕੋਟੀ ਪ੍ਰਣਾਮ।

Namdhari Elibrary NamdhariElibrary@gmail.com

ਚਾਨਣ ਮੁਨਾਰਾ
ਮਾਤਾ ਚੰਦ ਕੌਰ ਜੀ

✍ ਪ੍ਰਿੰਸੀਪਲ ਸਤਵੰਤ ਕੌਰ

ਮਾਤਾ ਜੀ ਨੇ ਆਪਣਾ ਜੀਵਨ ਬਹੁਤ ਹੀ ਅਨੁਸਾਸ਼ਨ ਬੱਧ ਰੱਖਿਆ। ਉਹਨਾਂ ਨੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਈਆਂ। ਰੋਜ਼ ਸਵੇਰੇ ਅਮ੍ਰਿਤ ਵੇਲੇ ਉੱਠ ਦੇ ਨਾਮ ਸਿਮਰਨ ਕਰਨਾ, ਆਸਾ ਦੀ ਵਾਰ ਵਿੱਚ ਸਤਿਗੁਰੂ ਜੀ ਦੇ ਅਤੇ ਸਾਧ-ਸੰਗਤ ਦੇ ਦਰਸ਼ਨ ਕਰਨੇ, ਲੰਗਰ ਵਿੱਚ ਸੇਵਾ ਕਰਨੀ, ਤਬੇਲਿਆਂ ਦੀ ਸੇਵਾ ਆਪ ਜੀ ਦਾ ਰੋਜ਼ ਦਾ ਨਿਯਮ ਸੀ।

ਸਰਬ ਕਲਾ ਸਮਰਥ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਲ ਸੇਵਾ, ਸਾਦਗੀ, ਸਿਮਰਨ ਦੀ ਮੂਰਤ, ਅਤਿ ਸੁੰਦਰ, ਅਤਿ ਕੋਮਲ ਪਰ ਇਰਾਦੇ ਦੇ ਪੱਕੇ ਅਨੁਸਾਸ਼ਨ ਬੱਧ, ਦੂਰਦਰਸ਼ੀ ਅਤੇ ਅੰਤਰਯਾਮੀ ਸਾਡੇ ਸਾਰਿਆਂ ਦੇ ਦਿਲਾਂ ਵਿੱਚ ਵਸੇ ਸਾਡੇ ਸਾਰਿਆਂ ਦੇ ਸਾਂਝੇ ਜਗਤ ਮਾਤਾ, ਮਾਤਾ ਚੰਦ ਕੌਰ ਜੀ ਅੱਜ ਦੀ ਪੀੜੀ ਅਤੇ ਆਉਣ ਵਾਲੀਆਂ ਪੀੜੀਆਂ ਲਈ ਇਕ ਅਜਿਹਾ ਚਾਨਣ ਮੁਨਾਰਾ ਸਨ ਜਿਨ੍ਹਾਂ ਨੇ ਸਾਧ ਸੰਗਤ ਨੂੰ ਇੱਕ ਸਾਦਾ, ਸੁੱਚਾ, ਅਨੁਸਾਸ਼ਨ ਬੱਧ, ਸਤਿਗੁਰੂ ਜੀ ਦੇ ਹੁਕਮ ਵਿੱਚ ਰਹਿੰਦੇ ਹੋਏ ਜੀਵਨ ਬਿਤਾਉਣ ਦੀ ਜਾਚ ਦੱਸੀ। ਆਪਜੀ ਦਾ ਜੀਵਨ ਇਕ ਮਿਸਾਲ ਹੈ- ਸੇਵਾ, ਪਿਆਰ, ਤਿਆਗ, ਸਾਦਗੀ ਅਤੇ ਨਾਮ ਸਿਮਰਨ ਦਾ, ਅਨੁਸਾਸ਼ਨ, ਧੀਰਜ, ਦਿੜਤਾ, ਦੂਰਦਰਸ਼ਿਤਾ ਅਤੇ ਅੰਤਯਾਮਤਾ ਦਾ।

ਮਾਤਾ ਜੀ ਦੇ ਚਿਹਰੇ ਤੇ ਇਕ ਮਿੱਠੀ-ਮਿੱਠੀ ਮੁਸਕਾਨ ਸਦਾ ਹੀ ਬਿਖਰੀ ਰਹਿੰਦੀ ਸੀ ਜੋ ਕਿ ਕਮਲ ਦੇ ਇਕ ਖਿੜੇ ਫੁੱਲ ਵਾਂਗੂ ਸੀ। ਆਪ ਜੀ ਦੇ ਚਿਹਰੇ ਦਾ ਨੂਰ ਹਰ ਕਿਸੇ ਨੂੰ ਬੜੀ ਆਸਾਨੀ ਨਾਲ ਆਕਰਸ਼ਿਤ ਕਰ ਲੈਂਦਾ ਸੀ। ਉਸ ਤੋਂ ਇਲਾਵਾ ਸਾਦੇ ਸਫੇਦ ਬਸਤਰ, ਸਿਰ ਦੇ ਸੂਤੀ ਸਾਦਾ ਦੁਪੱਟਾ ਉਹਨਾਂ ਦੀ ਸੁੰਦਰਤਾ ਅਤੇ ਸਖਸ਼ੀਅਤ ਨੂੰ ਚਾਰ ਚੰਦ ਲਾਉਣ ਦਾ ਕੰਮ ਕਰਦਾ ਸੀ। ਬਿਨਾਂ ਕਿਸੇ ਸ਼ਿੰਗਾਰ, ਗਹਿਣੇ ਜਾਂ ਭੜਕੀਲੇ ਕਪੜਿਆਂ ਤੋਂ ਵੀਂ ਕਿਵੇਂ ਕੋਈ ਇਨਾਂ ਸੁੰਦਰ ਦਿਖ ਸਕਦਾ ਹੈ, ਇਹ ਮਾਤਾ ਜੀ ਦੀ ਨੌਜਵਾਨਾਂ ਨੂੰ ਬਹੁਤ ਵੱਡੀ ਪ੍ਰੇਰਨਾ ਸੀ।

ਆਪ ਜੀ ਨੇ ਪਿਆਰ ਦਾ ਅਥਾਹ ਸੋਮਾ ਵੰਡਿਆ। ਜੋ ਵੀ ਮਾਤਾ ਜੀ ਨੂੰ ਇਕ ਵਾਰੀ ਮਿਲਿਆ ਉਹਨਾਂ ਦਾ ਪਿਆਰ ਪਾ ਕੇ ਉਹਨਾਂ ਦਾ ਹੀ ਹੋ ਗਿਆ। ਉਹ ਇਕ ਅਜਿਹਾ ਖਜਾਨਾ ਸੀ ਜਿਸ ਨੂੰ ਮਿਲਿਆ ਉਹ ਸਦਾ ਮਾਂ ਦੇ ਨਿੱਘੇ ਪਰਛਾਵੇਂ ਹੇਠ ਆ ਗਿਆ ਅਤੇ ਅਕਾਲ ਪੁਰਖ ਦੀ ਗੱਲਵਕੜੀ ਦਾ ਅਹਿਸਾਸ ਪਾ ਗਿਆ। ਮਾਤਾ ਜੀ ਨੂੰ ਮੈਂ ਕਦੇ ਵੀ ਕਿਸੇ ਨਾਲ ਗੁੱਸੇ ਚ ਬੋਲਦੇ ਨ ਦੇਖਿਆ ਨ ਸੁਣਿਆ। ਮਾਤਾ ਜੀ ਸਦਾ ਹੀ ਹਰ ਕਿਸੇ ਨਾਲ ਮਿੱਠੇ ਬੋਲ ਬੋਲਦੇ ਕਦੀ ਮੰਦੇ ਬੋਲ ਨਹੀਂ ਬੋਲੇ। ਆਪਣੀ ਗੱਲਵਕੜੀ ਵਿੱਚ ਲੈਣਾ, ਬੱਚਿਆਂ ਨੂੰ ਬੇਹਿਸਾਬ ਪਿਆਰ ਦੇਣਾ, ਆਪਣੇ ਕਰ-ਕਮਲਾਂ ਨਾਲ ਪਰਸ਼ਾਦ ਵਰਤਾਉਣਾ, ਰੋਂਦਿਆਂ ਦੇ ਅੱਥਰੂ ਪੂੰਝਣੇ ਇਹ ਕੇਵਲ ਇਕ ਮਾਂ ਹੀ ਕਰ ਸਕਦੀ ਸੀ। ਮਾਤਾ ਜੀ ਦਾ ਪਿਆਰ ਅੱਜ ਦੀ ਪੀੜੀ ਨੂੰ ਪ੍ਰੇਰਿਤ ਕਰਦਾ ਹੈ ਕਿ ਕਿਵੇਂ ਆਪਸ ਵਿੱਚ ਪਿਆਰ ਨਾਲ ਰਹਿਣਾ ਚਾਹੀਦਾ ਹੈ। ਇੱਕ ਦੂਜੇ ਨਾਲ ਰੱਲ ਮਿਲ ਕੇ ਰਹਿਣ ਨਾਲ ਸਾਰੇ ਝਗੜੇ ਮੁੱਕ ਜਾਣਗੇ। ਚਾਰੇ ਪਾਸੇ ਇਕ ਖੁਸ਼ੀ ਦਾ ਵਾਤਾਵਰਣ ਬਣ ਜਾਵੇਗਾ ਅਤੇ ਅਮਨ ਏਕਤਾ ਦਾ ਜਿਹੜਾ ਪਾਠ ਸਾਨੂੰ ਮਾਤਾ ਜੀ ਨੇ ਪੜ੍ਹਾਇਆ ਉਸ ਨਾਲ ਸਾਡੀਆਂ ਦੁਖ ਤਕਲੀਫਾਂ ਘੱਟ ਹੋ ਜਾਣਗੀਆਂ ਅਤੇ ਅਸੀਂ ਸ਼ਾਂਤਮਈ ਵਾਤਾਵਰਣ ਵਿੱਚ ਜਿੰਦਗੀ ਬਤੀਤ ਕਰਦੇ ਇੱਕ ਦੂੱਜੇ ਦੀ ਤਰੱਕੀ ਦਾ ਜ਼ਰੀਆ ਬਣਾਗੇ।

Namdhari Elibrary NamdhariElibrary@gmail.com

ਮਾਤਾ ਜੀ ਨੇ ਆਪਣਾ ਜੀਵਨ ਬਹੁਤ ਹੀ ਅਨੁਸਾਸ਼ਨ ਬੱਧ ਰੱਖਿਆ। ਉਹਨਾਂ ਨੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਈਆਂ। ਰੋਜ਼ ਸਵੇਰੇ ਅਮ੍ਰਿਤ ਵੇਲੇ ਉੱਠ ਦੇ ਨਾਮ ਸਿਮਰਨ ਕਰਨਾ, ਆਸਾ ਦੀ ਵਾਰ ਵਿੱਚ ਸਤਿਗੁਰੂ ਜੀ ਦੇ ਅਤੇ ਸਾਧ-ਸੰਗਤ ਦੇ ਦਰਸ਼ਨ ਕਰਨੇ, ਲੰਗਰ ਵਿੱਚ ਸੇਵਾ ਕਰਨੀ, ਤਬੇਲਿਆਂ ਦੀ ਸੇਵਾ ਆਪ ਜੀ ਦਾ ਰੋਜ਼ ਦਾ ਨਿਯਮ ਸੀ। ਇਸ ਤੋਂ ਇਲਾਵਾ ਸਾਧ-ਸੰਗਤ ਨੂੰ ਮਿਲਣਾ, ਉਹਨਾਂ ਦੀਆਂ ਅਰਜ਼ਾਂ ਸੁਣਨੀਆਂ, ਡੇਰਿਆਂ ਦੇ ਪ੍ਰਬੰਧ ਅਤੇ ਹੋਰ ਸਾਰੇ ਪ੍ਰਬੰਧ ਕਰਨੇ। ਆਈ ਸਾਧ ਸੰਗਤ ਦਾ ਹਾਲ-ਚਾਲ ਪੁੱਛਣਾ, ਦਿਨ ਰਾਤ ਸਾਧ-ਸੰਗਤ ਦੀ ਸੇਵਾ ਆਪ ਜੀ ਵਿੱਚ ਕੁੱਟ-ਕੁੱਟ ਕੇ ਭਰੀ ਹੋਈ ਸੀ। ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਦੀ ਉਸਾਰੀ ਵਿੱਚ ਮਾਤਾ ਜੀ ਨੇ ਆਪ-ਆਪਣੇ ਕਰ-ਕਮਲਾਂ ਨਾਲ ਬਹੁਤ ਕੰਮ ਕੀਤੇ। ਹਰ ਵੇਲੇ ਕਿਸੇ ਨ ਕਿਸੇ ਕੰਮ ਵਿੱਚ ਰੁੱਝੇ ਰਹਿੰਦੇ ਸੀ। ਜੇ ਕਿਸੇ ਨੇ ਆਪ ਜੀ ਨੂੰ ਆਰਾਮ ਕਰਨ ਲਈ ਅਰਜ ਕਰਨੀ ਆਪ ਜੀ ਨੇ ਹੁਕਮ ਕਰਨਾ ਕਿ ਸੇਵਾ ਨਾਲ ਆਪ ਜੀ ਨੂੰ ਤਾਕਤ ਮਿਲਦੀ ਹੈ। ਆਪ ਜੀ ਨੇ ਆਪ ਵੀ ਸੇਵਾ ਕੀਤੀ ਅਤੇ ਸਾਧ ਸੰਗਤ ਨੂੰ ਵੀ ਸੇਵਾ ਕਰਨ ਲਈ ਪ੍ਰੇਰਿਆ।

ਅੱਜ ਦੀ ਨੌਜਵਾਨ ਪੀੜੀ ਨੂੰ ਮਾਤਾ ਜੀ ਦੇ ਜੀਵਨ ਤੋਂ ਅਨੁਸਾਸ਼ਨ ਦਾ ਇਹ ਨਿਯਮ ਆਪਣੀ ਜ਼ਿੰਦਗੀ ਵਿੱਚ ਢਾਲਣ ਤੇ ਬਹੁਤ ਲਾਭ ਮਿਲੇਗਾ। ਇਸੇ ਅਨੁਸਾਸ਼ਨ ਅਤੇ ਸੇਵਾ ਦੀ ਭਾਵਨਾ ਨਾਲ ਜਿੰਦਗੀ ਖੁਸ਼ਹਾਲ ਹੋਵੇਗੀ। ਅਨੁਸਾਸ਼ਨਮਈ ਜ਼ਿੰਦਗੀ ਸਾਡੇ ਸ਼ਰੀਰ ਨੂੰ ਤੰਦਰੁਸਤੀ ਪ੍ਰਦਾਨ ਕਰਦੀ ਹੈ ਅਤੇ ਇਕ ਸਿਹਤਮੰਦ ਸ਼ਰੀਰ ਵਧੀਆ ਤਰੀਕੇ ਨਾਲ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਨਿਪੁੰਨ ਹੋ ਸਕਦਾ ਹੈ।

ਮਾਤਾ ਜੀ ਅਤਿ ਧੀਰਜਵਾਨ ਅਤੇ ਈਰਾਦੇ ਦੇ ਪੱਕੇ, ਦ੍ਰਿੜਤਾ ਦੀ ਮੂਰਤ ਸਨ। ਇਕ ਅਜਿਹੀ ਵਿਸ਼ੇਸ਼ਤਾ ਜਿਸਨੂੰ ਅਪਨਾਉਣ ਦੀ ਅੱਜ ਦੀ ਪੀੜੀ ਨੂੰ ਬਹੁਤ ਜ਼ਿਆਦਾ ਲੋੜ ਹੈ। ਮਾਤਾ ਜੀ ਨੇ ਧੀਰਜ ਨਾਲ ਸਭ ਦੀ ਗੱਲ ਸੁਣਨੀ, ਕਠੋਰ ਵਚਨ ਕਿਸੇ ਨਾਲ ਨਹੀਂ ਬੋਲਣੇ। ਮਨ ਨੂੰ ਸ਼ਾਂਤ ਰਖਣਾ ਅਤੇ ਕਿਸੇ ਦੀ ਦੁੱਖ-ਤਕਲੀਫ਼ ਨੂੰ ਦੂਰ ਕਰਨ ਲਈ ਇਕ ਮਿੱਠੀ ਬਾਣੀ ਦੀ ਵਰਤੋਂ, ਮਰਿਯਾਦਾ ਵਿੱਚ ਰਹਿੰਦੇ ਹੋਏ ਪਿਆਰ ਨਾਲ ਅਤੇ ਧੀਰਜ ਨਾਲ ਉਸ ਨੂੰ ਸੁਲਝਾਉਣਾ। ਅੱਜ ਕਲ ਧੀਰਜ ਅਤੇ ਦ੍ਰਿੜਤਾ ਨੂੰ ਵਧਾਉਣ ਦੀ ਲੋੜ ਹੈ ਜਿਵੇਂ ਕਿ ਮਾਤਾ ਜੀ ਨੇ ਸਾਨੂੰ ਸਿਖਾਇਆ। ਜਦੋਂ ਅਸੀਂ ਧੀਰਜ ਰਖਾਂਗੇਂ, ਇਕ ਦੂਜੇ ਦੀ ਦੁੱਖ ਤਕਲੀਫ਼ ਸਾਂਝੀ ਹੋਵੇਗੀ ਅਤੇ ਪੱਕੇ ਇਰਾਦੇ ਨਾਲ ਸਹਿਯੋਗੀ ਹੋਣ ਤੇ ਆਪਸੀ ਸਹਿਚਾਰ ਦੀ ਭਾਵਨਾ ਫੈਲੇਗੀ। ਖੁਸ਼ੀਆਂ ਵੱਧਣਗੀਆਂ, ਤਕਲੀਫਾਂ ਆਪੇ ਹੀ ਘੱਟ ਜਾਣਗੀਆਂ।

ਮਾਤਾ ਜੀ ਬੱਚਿਆਂ ਦੇ ਸੰਪੂਰਨ ਵਿਕਾਸ ਵਾਸਤੇ ਹਰ ਵੇਲੇ ਤਤੱਪਰ ਰਹਿੰਦੇ ਸੀ। ਆਪ ਜੀ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ, ਸ੍ਰੀ ਭੈਣੀ ਸਾਹਿਬ ਅਤੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਦਿੱਲੀ ਕਈ ਵਾਰ ਚਰਨ ਪਾਉਣੇ ਅਤੇ ਬੱਚਿਆਂ ਲਈ ਸਕੂਲ ਵਿੱਚ ਹੋ ਰਹੀਆਂ ਗਤੀਵਿਧੀਆਂ ਦਾ ਵੇਰਵਾ ਲੈਂਦੇ। ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ, ਸ੍ਰੀ ਭੈਣੀ ਸਾਹਿਬ ਦੀ ਇਮਾਰਤ ਦੀ ਉਸਾਰੀ ਵਿੱਚ ਮਾਤਾ ਜੀ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਕਿਵੇਂ ਮਾਤਾ ਜੀ ਨੇ ਛੋਟੇ-ਛੋਟੇ ਬੱਚਿਆਂ ਨੂੰ ਗੁਰਮੁਖੀ ਅਖਰ ਪੜ੍ਹਾਉਂਣੇ ਜਿਵੇਂ ਮਾਤਾ ਸਰਸਵਤੀ ਆਪ ਬੱਚਿਆਂ ਨੂੰ ਅਸ਼ੀਰਵਾਦ ਦੇ ਰਹੇ ਹੋਣ। ਆਪ ਜੀ ਕਿਸੇ ਵੀ ਆਰਥਿਕ ਰੂਪ ਵਿੱਚ ਕਮਜ਼ੋਰ ਬੱਚਿਆਂ ਦੀ ਮਦਦ ਲਈ ਤਿਆਰ ਰਹਿੰਦੇ ਸਨ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਨੂੰ ਇਹ ਮਾਨ ਪ੍ਰਾਪਤ ਹੈ ਕਿ ਮਾਤਾ ਜੀ ਨੇ ੨੦੧੧ ਵਿੱਚ ੧੩ਵੇਂ ਸਤਿਗੁਰੂ ਰਾਮ ਸਿੰਘ ਜੀ ਇੰਟਰ ਸਕੂਲ ਗੁਰਬਾਣੀ ਮੁਕਾਬਲੇ ਦਾ ਜੋਤ ਜਗਾ ਕੇ ਅਭਿਸ਼ੇਕ ਕੀਤਾ ਸੀ।

ਅੰਮ੍ਰਿਤ ਵੇਲੇ ਦਾ ਇਸ਼ਨਾਨ ਅਤੇ ਨਾਮ ਸਿਮਰਨ ਤੋਂ ਆਪ ਜੀ ਨੇ ਆਪਣੇ ਆਪ ਨੂੰ ਕਦੀ ਵੀ ਵਾਂਝਾ ਨਹੀਂ ਕੀਤਾ। ਸਿਹਤ ਭਾਵੇਂ ਕਿਸ ਤਰ੍ਹਾਂ ਦੀ ਵੀ ਹੋਵੇ ਅੰਮ੍ਰਿਤ ਵੇਲੇ, ਦੁਪਹਿਰ ਵੇਲੇ ਅਤੇ ਸ਼ਾਮ ਨੂੰ ਨਾਮ ਸਿਮਰਨ ਕਰਨਾ ਆਪ ਜੀ ਦਾ ਨਿੱਤ-ਨੇਮ ਸੀ। ਆਪ ਹਮੇਸ਼ਾ ਸਤਿਗੁਰੂ ਜੀ ਦੇ ਹੁਕਮ ਵਿੱਚ ਰਹੇ ਭਾਵੇਂ ਉਹ ਹੁਕਮ ਨਾਮ-ਸਿਮਰਨ ਲਈ ਹੋਵੇ ਜਾਂ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਬਾਰੇ। ਸਾਧ ਸੰਗਤ ਨੂੰ ਵੀ ਪ੍ਰੇਰਿਤ ਕਰਦੇ ਕਿ ਉਹ ਸਤਿਗੁਰੂ ਜੀ ਦੀ ਰਜ਼ਾ ਵਿੱਚ ਰਹਿਣਾ ਸਿੱਖਣ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਕਾਲ ਵਿੱਚ ਹੋਏ ਸਵਾ ਲੱਖ ਪਾਠ, ਚੰਡੀ ਦੀ ਵਾਰ ਦੇ ਪਾਠਾਂ ਨੂੰ ਸੰਪਨ ਕਰਨ ਵਿੱਚ ਮਾਤਾ ਚੰਦ ਕੌਰ ਜੀ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਆਪ ਜੀ ਨੇ ਖੁਦ ਬੈਠ ਕੇ ਬੱਚਿਆਂ ਨੂੰ ਪੰਜਾਬੀ ਅੱਖਰ ਪੜਾਉਣੇ ਤਾਂਕਿ ਉਹ ਪਾਠ ਕਰਨ ਯੋਗ ਹੋ ਜਾਣ। ਆਪ ਜੀ ਨੇ ਬਹੁਤ ਸਾਰੇ ਦੌਰੇ ਸਿਰਫ ਸਾਧ-ਸੰਗਤ ਨੂੰ ਪਾਠ ਕਰਨ ਦੀ ਪ੍ਰੇਰਣਾ ਦੇਣ ਲਈ ਕੀਤੇ ।

ਸਤਿਗੁਰੂ ਉਦੈ ਸਿੰਘ ਜੀ ਸਵਾ ਲੱਖ ਦੇ ਚੋਥੀ ਵਾਰ ਹੋ ਰਹੇ ਪਾਠਾਂ ਨੂੰ ਹੋਰ ਅੱਗੇ ਤੋਰ ਰਹੇ ਹਨ। ਉਸ ਦੇ ਵਿੱਚ ਤੇਜੀ ਲਿਆਉਣ ਲਈ ਸਤਿਗੁਰੂ ਜੀ ਨੇ ਉਸਨੂੰ ਨਵੀਂ ਤਕਨੀਕ ਨਾਲ ਜੋੜਿਆ ਹੈ ਅਤੇ ਹਰ ਕਿਸੇ ਨੂੰ ਆਪਣਾ ਹਿੱਸਾ ਪਾਉਣ ਦੀ ਪ੍ਰੇਰਣਾ ਦੇਣ ਖਾਤਿਰ ਛੋਟੇ-ਛੋਟੇ ਪੂਰੇ ਪਾਠ ਦੀ ਬਜਾਇ ਇੱਕ-ਇੱਕ ਸ਼ਬਦ ਜਾਂ ਉਸਦੀਆਂ ਕੁਝ ਲਾਈਨਾਂ ਦਾ ਪਾਠ ਸਾਧ-ਸੰਗਤ ਨੂੰ ਦਿੱਤਾ ਗਿਆ ਹੈ। ਮਾਤਾ ਜੀ ਕੋਲੋਂ ਸਿੱਖੇ ਦ੍ਰਿੜ ਵਿਸ਼ਵਾਸ ਨਾਲ ਕੀਤੇ ਇਸ ਕੰਮ ਨੂੰ ਪੂਰਾ ਕਰਨ ਲਈ ਸਾਨੂੰ ਸਭ ਨੂੰ ਆਪਣਾ ਯੋਗਦਾਨ ਦੇਕੇ ਆਉਣ ਵਾਲੇ ਬਸੰਤ ਮੇਲੇ ਤਕ ਇਹਨਾਂ ਪਾਠਾਂ ਨੂੰ ਪੂਰਾ ਕਰਨਾ ਚਾਹੀਦਾ ਹੈ ।

Namdhari Elibrary NamdhariElibrary@gmail.com

ਵਰਤਮਾਨ ਭੈਣੀ ਸਾਹਿਬ ਦੇ ਅੱਜ ਦੇ ਆਧੁਨਿਕ ਰੂਪ ਦੀ ਉਸਾਰੀ ਵਿੱਚ ਮਾਤਾ ਜੀ ਦਾ ਯੋਗਦਾਨ ਸਦਾ ਯਾਦ ਕੀਤਾ ਜਾਵੇਗਾ। ਡੇਰਾ, ਲੰਗਰ, ਬਿਸਤਰੇ, ਠੰਡਾ ਗਰਮ ਪਾਣੀ ਜਾਂ ਦੁੱਧ ਕਦੀ ਵੀ ਭੈਣੀ ਸਾਹਿਬ ਵਿੱਚ ਮਾਤਾ ਜੀ ਨੇ ਕਮੀ ਨਹੀਂ ਹੋਣ ਦਿੱਤੀ । ਆਪ ਜੀ ਸਾਧ ਸੰਗਤ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਹਰ ਵੇਲੇ ਤਿਆਰ ਰਹਿੰਦੇ। ਕਿੰਨਾਂ ਹੀ ਵੱਡਾ ਸਾਧ-ਸੰਗਤ ਦਾ ਇਕੱਠ ਹੋਵੇ, ਭੈਣੀ ਸਾਹਿਬ ਵਿੱਚ ਸਾਰੇ ਆਧੁਨਿਕ ਪ੍ਰਬੰਧ ਮੋਜੂਦ ਹਨ। ਭੈਣੀ ਸਾਹਿਬ ਨੂੰ ਨੈਸ਼ਨਲ ਹੈਰੀਟੇਜ ਦਾ ਦਰਜਾ ਮਿਲ ਚੁੱਕਿਆ ਹੈ ਉਸਦਾ ਇਹ ਨਵਾਂ ਰੂਪ ਮਨ-ਮੋਹਕ ਹੈ। ਦੇਸ਼ਾਂ-ਵਿਦੇਸ਼ਾਂ ਤੋਂ ਆਏ ਮਹਿਮਾਨਾਂ ਲਈ ਇੱਕ ਆਕਰਸ਼ਨ ਕੇਂਦਰ ਬਣ ਚੁੱਕਿਆ ਹੈ ।ਪ੍ਰਤਾਪ ਮੰਦਿਰ ਇਕ ਅਜਿਹਾ ਕਲਾ ਦਾ ਨਮੂਨਾ ਹੈ ਜੋ ਏਸ਼ੀਆ ਵਿੱਚ ਬਿਨਾਂ ਖੰਭਿਆਂ ਤੋਂ ਸਭ ਤੋਂ ਵੱਡਾ ਹਾਲ ਹੈ, ਇਸ ਦੀਆਂ ਨੀਹਾਂ ਅਤੇ ਕੰਧਾ ਮਾਤਾ ਚੰਦ ਕੌਰ ਜੀ ਨੇ ਆਪਣੇ ਕਰ-ਕਮਲਾਂ ਨਾਲ ਸਜਾਈਆਂ ਸਨ । ਭੈਣੀ ਸਾਹਿਬ ਦਾ ਗੇਟ, ਮਿਨਿਏਚਰ ਪਾਰਕ ਸਾਧ-ਸੰਗਤ ਨੂੰ ਬਹੁਤ ਲੁਭਾਉਂਦੇ ਹਨ। ਇਥੇ ਦੀ ਲਾਇਬ੍ਰੇਰੀ, ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ, ਰਾਮ ਸਰੋਵਰ ਮਾਤਾ ਜੀ ਦੀ ਦੂਰਅੰਦੇਸ਼ੀ ਨੂੰ ਦਰਸਾਉਂਦੇ ਹਨ । ਪੁਰਾਤਨ ਚੀਜਾਂ ਦੀ ਦੇਖਭਾਲ ਵੀ ਬਖੂਬੀ ਕੀਤੀ ਗਈ ਹੈ । ਰਾਮ ਮੰਦਰ, ਗੋਲ ਮੰਦਰ, ਅਕਾਲ ਬੁੰਗਾ ਅਤੇ ਪਿੰਡ ਰਾਈਆਂ ਦਾ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਸਥਾਨ ਪੁਰਾਣੇ ਸਲੀਕੇ ਨਾਲ ਹੀ ਸੰਭਾਲਿਆ।

ਸਾਨੂੰ ਇਹ ਚਾਹੀਦਾ ਹੈ ਕਿ ਮਾਤਾ ਜੀ ਦੀ ਅਨਥੱਕ ਮਿਹਨਤ, ਅੰਤਰਯਾਮਤਾ ਅਤੇ ਦੂਰਅੰਦੇਸ਼ੀ ਸਦਕਾ ਭੈਣੀ ਸਾਹਿਬ ਵਿੱਚ ਮਿਲ ਰਹੀਆਂ ਆਧੁਨਿਕ ਸਹੂਲਤਾਂ ਨੂੰ ਅਸੀਂ ਵਧੀਆ ਤਰੀਕੇ ਨਾਲ ਵਰਤੀਏ । ਗੰਦਗੀ ਨਾ ਫੈਲਾਈਏ ਅਤੇ ਸਫ਼ਾਈ ਸੰਭਾਲ ਰਖਦੇ ਹੋਏ ਉਸ ਦੀ ਵਰਤੋਂ ਕਰੀਏ, ਭਾਵ ਜੋ ਅੱਗੇ ਆਉਣ ਵਾਲੀਆਂ ਪੀੜੀਆਂ ਹਨ ਉਹਨਾਂ ਨੂੰ ਇਕ ਸੁੰਦਰ, ਸਾਫ਼ ਅਤੇ ਜੀਵਨਵਰਧਕ ਭੈਣੀ ਸਾਹਿਬ ਮਿਲ ਸਕੇ ।

ਜਗਤ ਮਾਤਾ ਚੰਦ ਕੌਰ ਜੀ ਸਾਧ-ਸੰਗਤ ਦੇ ਦਿਲਾਂ ਦੀ ਧੜਕਣ ਬਣ ਚੁਕੇ ਹਨ, ਉਹਨਾਂ ਦੀ ਯਾਦ ਸਦੀਵੀ ਰਹੇਗੀ। ਭੈਣੀ ਸਾਹਿਬ ਦੇ ਜ਼ੱਰੇ-ਜ਼ੱਰੇ ਵਿੱਚ ਮਾਤਾ ਜੀ ਸਨ ਤੇ ਸਦਾ ਰਹਿਣਗੇ । ਨਾਮਧਾਰੀ ਪੰਥ ਦੀ ਇਸ ਮਹਾਨ ਮਾਤਾ ਨੂੰ ਮੇਰਾ ਸ਼ਤ-ਸ਼ਤ ਪ੍ਰਣਾਮ। ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹੁੰਦੇ ਸਨ ਕਿ "ਤੂਸੀਂ ਡਾਕਟਰ ਬਣੋ, ਇੰਜੀਨਿਅਰ ਬਣੋ, ਵਕੀਲ ਬਣੋ ਕੁਝ ਵੀ ਬਣੋ ਪਰ ਸਿੱਖ ਜ਼ਰੂਰ ਬਣੋ, ਸਿੱਖੀ ਬਹੁਤ ਉੱਚੀ ਚੀਜ਼ ਹੈ'। ਮਾਤਾ ਜੀ ਦੇ ਜੀਵਨ ਤੋਂ ਅਸੀਂ ਸਿੱਖਿਆ ਲਈਏ ਅਤੇ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਵਿਚੋਂ ਇਕ ਵੀ ਜੇ ਆਪਣੀ ਜ਼ਿੰਦਗੀ ਵਿੱਚ ਅਪਨਾ ਲਈਏ ਤੇਂ ਅਸੀਂ ਚੰਗੇ ਸਿੱਖ ਬਣ ਸਕਦੇ ਹਾਂ, ਤਾਂ ਹੀ ਇਹ ਅਨਮੋਲ ਜੀਵਨ ਸਫਲ ਕਰ ਸਕਦੇ ਹਾਂ। ■

ਬੱਚਿਆਂ ਲਈ

ਮਾਤਾ ਜੀ ਦੀ ਅਮਰ ਕਹਾਣੀ

✍ ਪ੍ਰੋ. ਤਾਰਾ ਸਿੰਘ ਅਨਜਾਣ

ਮੈਂ ਬਾਲਕ, ਉਮਰਾ ਨਾਦਾਨੀ।
ਅਕੱਥ ਕਥਾ, ਮੈਂ ਇੱਕ ਸੁਣਾਨੀ।
ਮਾਂ ਚੰਦ ਕੌਰ ਦੀ, ਅਮਰ ਕਹਾਣੀ।
ਪਿਉ-ਦਾਦੇ ਦੀ, ਸੁਣੀ ਜ਼ਬਾਨੀ।

ਮਾਂ ਲੱਛਮੀ, ਸਰਵਣ ਘਰ ਜਾਈ।
ਭੈਣੀ ਮਿੱਠਤ, ਨੀਵੀਂ ਲਿਆਈ।
ਸੇਵਾ ਦੀ ਸੀ, ਭਰੀ ਭਰਾਈ।
ਸਿਮਰਨ ਦੀ ਸੀ, ਪੁੱਠ ਚੜ੍ਹਾਈ।

ਭਾਂਡੇ ਮਾਂਜੇ ਝਾੜੂ ਲਾਵੇ।
ਲੰਗਰ ਸੰਗਤਾਂ ਲਈ ਪਕਾਵੇ।
ਮਾਂ ਉਸਾਰੀ ਨੂੰ ਹੱਥ ਪਾਇਆ।
ਕੱਚਾ ਢਹਿ ਕੇ ਚਰਨੀਂ ਆਇਆ।

ਦਾਤ ਗੁਰੂ ਕੁਝ ਖੁਦ ਵਰਤਾਈ।
ਕੁਝ ਮਾਂ ਨੇ ਮੰਗ ਝੋਲੀ ਪਾਈ।
ਪਾਲੇ, ਮਾਤਾ ਗੁਰ ਪਰਵਾਰਾ।
ਬਖਸ਼ਾਏ, ਗੁਰ ਬਖਸ਼ਣਹਾਰਾ।

ਟਹਿਕਣ ਫੁੱਲ ਫਲਾਂ ਦੇ ਬਾਗ਼।
ਬੀਬੀਆਂ ਗਾਏ ਪੱਕੇ ਰਾਗ।

ਸਤਿਗੁਰੂ ਦਾ, ਹੁਕਮ ਸੁਣਾਇਆ।
ਸੂਰਜ ਹੁੰਦਾ, ਉਦੈ ਦਿਖਾਇਆ।
ਪੰਥ ਜੁ ਦਿਸਦਾ ਸੀ, ਮੁਰਝਾਇਆ।
ਧੰਨ ਕਹਿ ਕੇ ਉਸ, ਮੰਗਲ ਗਾਇਆ।

ਦੁਸ਼ਟ-ਦੈਂਤ, ਪਾਪੀ ਹਤਿਆਰੇ।
ਡੰਗ ਮਾਰਨ, ਸੱਪ, 'ਠੂੰਹੇਂ ਸਾਰੇ।
ਮਾਂ, ਮੂਰਤ ਮਮਤਾ ਦੀ ਮੁਹਣੀ।
ਦਈ ਮਾਰ ਗੋਲੀਆਂ ਸੁਹਣੀ।

ਅੱਜ ਵੀ ਜੇ ਅਨਜਾਣ ਰਹਾਂਗੇ!
ਕਿੰਜ ਮਾਤਾ ਨੂੰ ਧੰਨ ਕਹਾਂਗੇ!

Namdhari Elibrary NamdhariElibrary@gmail.com

ਤੁਝ ਬਿਨ ਅਵਰ ਨਾ ਕੋਇ



ਸੇਵਕ ਸਿਖ ਸਭੈ ਕਰਤਾਰਾ

ਮੇਰੇ ਮਨ ਸਤਿਗੁਰ ਕੀ ਸੇਵਾ ਲਾਗੁ







ਸਫਲ ਮੂਰਤਿ ਦਰਸਨ ਬਲਿਹਾਰੀ



ਗੁਰ ਸੇਵਾ ਤੇ ਅੰਮ੍ਰਿਤ ਫਲ

Namdhari Elibrary NamdhariElibrary@gmail.com

ਸਿਧਾ ਪੁਰਖਾ ਕੀਆ ਵਡਿਆਈਆ



Namdhari Elibrary NamdhariElibrary@gmail.com

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ





ਸੇਵਾ ਸੁਰਤਿ ਏਕ ਲਿਵ ਲਾਇ

Namdhari Elibrary NamdhariElibrary@gmail.com

ਸੇਵਾ ਸੁਰਤਿ ਨ ਜਾਣੀਆ



Namdhari Elibrary NamdhariElibrary@gmail.com

ਸੇਵਾ ਸਾਚੀ ਨਾਮ ਸਮਾਣੀ



Namdhari Elibrary NamdhariElibrary@gmail.com

ਸੇਵਾ ਸੁਰਤਿ ਸਬਦਿ ਚਿਤੁ ਲਾਇ

ਸੇਵਕ ਕਉ ਸੇਵਾ ਬਨਿ ਆਈ



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਗਊ ਬਾਛ ਕਉ ਸੰਚੈ ਖੀਰੁ





Namdhari Elibrary NamdhariElibrary@gmail.com

ਸਿਖ ਸੰਗਤਿ ਕਰਮਿ ਮਿਲਾਏ



ਗੁਰਮੁਖਿ ਸਬਦੁ ਸਚੁ ਕਰਣੀ ਸਾਰੁ



Namdhari Elibrary NamdhariElibrary@gmail.com


ਸੇਵਕ ਕੀਨੋ ਸਦਾ ਨਿਹਾਲਿ
DLX 2014
SWA

ਸਚੁ ਸੰਜਮੁ ਕਰਣੀ ਸਭੁ ਸਾਚੀ





Namdhari Elibrary NamdhariElibrary@gmail.com

ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ

ਸੇਵਕ ਸਚੇ ਸਾਹ ਕੇ ਸੇਈ ਪਰਵਾਣੂ

Namdhari Elibrary NamdhariElibrary@gmail.com



ਪੂਤਾ ਮਾਤਾ ਕੀ ਆਸੀਸ

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ

ਮਿਹਰ ਕਰੇ ਜੇ ਆਪਣੀ

ਸੇਵਕ ਸਚੇ ਸਾਹ ਕੇ ਸੇਈ ਪਰਵਾਣੂ



Namdhari Elibrary NamdhariElibrary@gmail.com

ਸੇਵਕੁ ਸੇਵਹਿ ਕਰਹਿ ਅਰਦਾਸਿ

ਉਤਮ ਸਲੋਕ ਸਾਧ ਕੇ ਬਚਨ

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ

ਸੁਖੀ ਵਸੈ ਮੋਰੋ ਪਰਿਵਾਰਾ



Namdhari Elibrary NamdhariElibrary@gmail.com

ਕਰਿ ਕਿਰਪਾ ਮੇਰੇ ਦੀਨ ਦਇਆਲਾ

ਮਾਈ ਸਤਿ ਸਤਿ ਸਤਿ

Namdhari Elibrary NamdhariElibrary@gmail.com

ਦਇਆਲੁ ਹੋਵਹਿ ਜਿਸੁ ਊਪਰਿ



Namdhari Elibrary NamdhariElibrary@gmail.com

ਘਣਛਾਂਵਾ ਬੂਟਾ - ਮਾਂ



Namdhari Elibrary NamdhariElibrary@gmail.com

ਪੂਜਯ ਮਾਤਾ ਚੰਦ ਕੌਰ ਜੀ ਦੀ ਸੇਵਾ ਭਾਵਨਾ

✍ ਸੰਤ ਸਰਦਾਰ ਸਿੰਘ ਅਮਰਾਸਰ ਕਲਾਂ

ਜ਼ਮੀਨ ਤੋਂ ਪੱਧਰ ਕਰਨ ਤੋਂ ਲੈ ਕੇ ਸੜਕਾਂ ਬਣਾਉਣ, ਕੋਠੀ ਪਾਉਣ, ਫਸਲ ਸੰਭਾਲਣ, ਲੰਗਰ ਦੀ ਸੇਵਾ ਕਰਨ ਦੇ ਨਾਲ ਨਾਲ ਮਾਤਾ ਜੀ ਕਦੇ ਵੀ ਨਾਮ-ਸਿਮਰਨ ਤੋਂ ਨਾਗਾ ਨਹੀਂ ਸਨ ਪੈਣ ਦੇਂਦੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਦੋਂ ਮਸਤਾਨਗੜ੍ਹ ਆਬਾਦ ਕੀਤਾ 1969 ਈ. ਵਿੱਚ। ਸਭ ਤੋਂ ਪਹਿਲਾਂ ਅਮਰਾਸਰ ਕਲਾਂ ਜੋ ਪਿੰਡ ਮਸਤਾਨਗੜ੍ਹ ਦੇ ਨਜ਼ਦੀਕ ਘੱਗਰ ਨਾਲੀ ਦੇ ਦੂਸਰੇ ਕੰਢੇ ਤੇ ਦੱਖਣ ਵੱਲ ਸਥਿਤ ਹੈ ਉਸ ਪਿੰਡ ਦੇ ਵਸਨੀਕ ਸੰਤ ਗੁਰਦਿਆਲ ਸਿੰਘ ਜੀ ਨੇ ਸੇਵਾ ਸੰਭਾਲੀ। ਉਸ ਤੋਂ ਬਾਅਦ ਸੰਤ ਪੂਰਨ ਸਿੰਘ ਜੀ ਰਾਣੀਆਂ ਵਾਲੇ ਸਤਿਗੁਰੂ ਜੀ ਦੇ ਹੁਕਮ ਨਾਲ ਮਸਤਾਨਗੜ੍ਹ ਆਏ। ਉਦੋਂ ਤੀਕ ਮਸਤਾਨਗੜ੍ਹ ਦੀ ਜ਼ਮੀਨ ਸਮਤਲ ਹੋ ਚੁੱਕੀ ਸੀ ਅਤੇ ਉਸ ਵਿੱਚ ਫਸਲ ਬੀਜਣੀ ਸ਼ੁਰੂ ਕਰ ਦਿੱਤੀ ਗਈ ਸੀ। ਇਹਨਾਂ ਸੇਵਕਾਂ ਤੋਂ ਇਲਾਵਾ ਸੰਤ ਕੇਹਰ ਸਿੰਘ ਮਨਸੂਰ ਵਾਲੀਏ, ਸੰਤ ਬਲਦੇਵ ਸਿੰਘ ਵੜ੍ਹੈਚ ਅਮਰਾਸਰ ਕਲਾਂ, ਸ. ਸੁਰਜਨ ਸਿੰਘ ਜੀਵਨ ਨਗਰ ਅਤੇ ਸੰਤ ਗੁਰਚਰਨ ਸਿੰਘ ਰੰਧਾਵਾ ਹਾਰਨੀ ਵਾਲਿਆਂ ਨੇ ਵੀ ਉਥੇ ਰਹਿ ਕੇ ਕਾਫੀ ਚਿਰ ਸੇਵਾ ਨਿਭਾਈ। ਇਹਨਾਂ ਦੇ ਨਾਲ ਹੋਰ ਵੀ ਬਹੁਤ ਸਾਰੇ ਸਰੀਰ ਸੇਵਾ ਨਿਭਾਉਂਦੇ ਰਹੇ।

ਸਾਡਾ ਸਾਰਿਆਂ ਦਾ ਉਸ ਵਕਤ ਜਥੇਦਾਰ ਸੰਤ ਗੁਰਦੇਵ ਸਿੰਘ ਮਦਾਰ ਪਿੰਡ ਅਮਰਾਸਰ ਸੀ। ਜਿਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਸਨੇਹ ਪਾਤਰ ਹੋਣ ਦਾ ਮਾਣ ਹਾਸਲ ਸੀ। ਇੱਕ ਵੇਰ ਮਸਤਾਨਗੜ੍ਹ ਮਿੱਟੀ ਪਾਉਂਦਿਆਂ ਸ਼ਾਮ ਹੋ ਗਈ ਅਤੇ ਬਹੁਤ ਸਾਰੇ ਸੇਵਾਦਾਰ ਚਲੇ ਗਏ। ਸੰਤ ਗੁਰਦੇਵ ਸਿੰਘ ਮਦਾਰ, ਉਸ ਦੇ ਭਾਈ ਅਤੇ ਅਸੀਂ ਭਾਵ ਸਾਰੇ ਭਰਾ ਰਹਿ ਗਏ ਤਾਂ ਉਧਰੋ ਸ੍ਰੀ ਸਤਿਗੁਰੂ ਜੀ ਦੀ ਗੱਡੀ ਆ ਗਈ। ਸਤਿਗੁਰੂ ਜੀ ਗੱਡੀ ਚੋਂ ਉੱਤਰੇ ਅਤੇ ਖ਼ੁਸ਼ੀਆਂ ਦੀ ਬਖ਼ਸ਼ਿਸ਼ ਕਰਦਿਆਂ ਜੱਫੀ ਵਿੱਚ ਲੈ ਕੇ ਸਭ ਨੂੰ ਬਚਨ ਕੀਤਾ ਕਿ ਸਾਡੇ ਬੰਦੇ ਰਹਿ ਗਏ ਹਨ ਬਾਕੀ ਚਲੇ ਗਏ।

ਇੱਕ ਵੇਰ ਮਾਤਾ ਚੰਦ ਕੌਰ ਜੀ ਨੇ ਸਾਨੂੰ ਹੁਕਮ ਭੇਜਿਆ ਕਿ ਮਸਤਾਨਗੜ੍ਹ ਆਓਂ ਜਦੋਂ ਅਸੀਂ ਆਏ ਤਾਂ ਮਾਤਾ ਜੀ ਬਚਨ ਕੀਤਾ, "ਮੈਨੂੰ ਪਤਾ ਸੀ ਤੁਸੀਂ ਹੀ ਏਨੀ ਜਲਦੀ ਆਉਂਣਾ ਹੈ ਤਾਂ ਹੀ ਤੁਹਾਨੂੰ ਸੁਨੇਹਾਂ ਭੇਜਿਆ ਸੀ।'

ਇੱਕ ਵੇਰ ਮਾਤਾ ਜੀ ਨੇ ਕਣਕ ਦੀ ਕਟਾਈ ਵਾਸਤੇ ਸੰਤ ਪੂਰਨ ਸਿੰਘ ਅਮਰਾਸਰ ਕਲਾਂ ਅਤੇ ਸੰਤ ਹੀਰਾ ਸਿੰਘ ਭਿੰਡਰ ਸੰਤ ਨਗਰ ਨੂੰ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਹੁਕਮ ਕੀਤਾ ਕਿ ਦੋ ਮਸ਼ੀਨਾਂ ਚਲਾਉਣੀਆਂ ਹਨ। ਇੱਕ ਮਸ਼ੀਨ ਸ. ਹੀਰਾ ਦੇ ਲੜਕੇ ਅਤੇ ਇੱਕ ਮਸ਼ੀਨ ਸੰਤ ਪੂਰਨ ਸਿੰਘ ਦੇ ਲੜਕੇ ਚਲਾਉਣਗੇ। ਅਸੀਂ ਸਾਰੀ ਰਾਤ ਕਣਕ ਵੱਢਦੇ ਰਹੇ। ਅਗਲੇ ਦਿਨ ਹੋਰ ਥ੍ਰੈਸ਼ਰ ਵੀ ਆ ਗਏ। ਮਾਤਾ ਜੀ ਸਭ ਦੀ ਆਪ ਸੇਵਾ ਸੰਭਾਲ ਕਰਦੇ ਰਹੇ। ਬਿਨ੍ਹਾਂ ਅਰਾਮ ਕੀਤੇ ਸੇਵਾਦਾਰਾਂ ਦੀ ਹਰ ਲੋੜ ਦਾ ਖਿਆਲ ਰੱਖਦੇ। ਰਾਤ ਨੂੰ ਵੀ ਆਪ ਉਠ ਕੇ ਲੋੜ ਅਨੁਸਾਰ ਅੰਨ, ਜਲ, ਚਾਹਟਾ ਛਕਾਉਂਦੇ।

1970 ਈ. ਵਿੱਚ ਮਸਤਾਨਗੜ੍ਹ ਕਮਾਦ ਲਾਇਆ ਗਿਆ। ਇਥੇ ਕਮਾਦ ਲਾਉਣ ਦਾ ਹੁਕਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਰ ਗਏ ਸਨ ਕਿ ਏਥੇ ਕਮਾਦ ਲਾਉਣਾ ਹੈ। ਉਹਨਾਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਮਾਦ ਲਵਾਇਆ ਸੀ। ਮਾਤਾ ਜੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ

Namdhari Elibrary NamdhariElibrary@gmail.com

ਸੇਵਾਦਾਰਾਂ ਤੋਂ ਕਾਰਜ ਕਰਵਾਉਂਦੇ। ਆਪ ਜੀ ਨੇ ਸੰਤ ਪੂਰਨ ਸਿੰਘ ਨੂੰ ਹੁਕਮ ਕੀਤਾ ਕਿ ਸਾਰਾ ਕਮਾਦ ਤੁਸੀਂ ਪੀੜਨਾ ਹੈ। ਸਾਰਾ ਕਮਾਦ ਪੀੜਦੇ ਵਕਤ ਮਾਤਾ ਜੀ ਹਮੇਸ਼ਾਂ ਹਾਜ਼ਰ ਰਹਿੰਦੇ' ਆਪ ਜੀ ਆਪਣੇ ਹੱਥਾਂ ਨਾਲ ਗੁੜ ਦੀਆਂ ਪੇਸੀਆਂ ਪਾਉਂਦੇ ਤੇ ਗੁੜ ਦੀ ਸੰਭਾਲ ਕਰਦੇ ਨਾਲ ਹੀ ਸੇਵਾਦਾਰਾਂ ਦੀ ਹਰ ਲੋੜ ਦਾ ਧਿਆਨ ਰੱਖਦੇ। ਮਾਤਾ ਜੀ ਦੇ ਹੁਕਮ ਅਨੁਸਾਰ ਅਸੀਂ ਸਾਰਾ ਕਮਾਦ ਪੀੜਨ ਦੀ ਸੇਵਾ ਨਿਭਾਈ।

1970 ਵਿੱਚ ਹੀ ਅੱਸੂ ਦਾ ਮੇਲਾ ਸ੍ਰੀ ਮਸਤਾਨਗੜ੍ਹ ਵਿੱਖੇ ਰੱਖਿਆ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮੇਲੇ ਨੂੰ ਮਾਈਆਂ ਦੇ ਮੇਲੇ ਦਾ ਨਾਮ ਦਿੱਤਾ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਕਿ ਮਾਈਆਂ ਮੇਲਾ ਕਰਵਾਉਣ। ਮਾਤਾ ਜੀ ਮਾਈਆਂ ਨੂੰ ਨਾਲ ਲੈਕੇ ਉਗਰਾਹੀ ਕਰਦੇ। ਉਹਨਾਂ ਦੇ ਨਾਲ ਸੰਤ ਪੂਰਨ ਸਿੰਘ ਹੁੰਦੇ। ਪਿੰਡਾਂ ਵਿੱਚੋਂ ਉਗਰਾਹੀ ਕਰ ਕੇ ਸ਼ਾਮ ਨੂੰ ਮਾਤਾ ਜੀ ਬੀਬੀਆਂ ਸਮੇਤ ਮਸਤਾਨਗੜ੍ਹ ਆ ਜਾਂਦੇ। ਇੱਕ ਦਿਨ ਅਮਰਾਸਰ ਵਾਲੇ ਪਾਸੇ ਉਗਰਾਹੀ ਕਰ ਸ਼ਾਮ ਨੂੰ ਜਦੋਂ ਵਾਪਸ ਪਰਤੇ ਤਾਂ ਅਗੇ ਘੱਗਰ ਨਾਲੀ ਵਿੱਚ ਹੜ੍ਹ ਆਇਆ ਹੋਇਆ ਸੀ। ਵੱਡਾ ਪੁਲ ਉਦੋਂ ਨਹੀਂ ਸੀ, ਛੋਟਾ ਪੁੱਲ ਡੁੱਬ ਗਿਆ ਸੀ। ਇਸ ਲਈ ਮਸਤਾਨਗੜ੍ਹ ਨਹੀਂ ਸੀ ਜਾਇਆ ਜਾ ਸਕਦਾ ਸੋ ਮਾਤਾ ਜੀ ਸਮੇਂ ਦੀ ਨਜ਼ਾਕਤ ਨੂੰ ਪਛਾਣ ਸੰਤ ਪੂਰਨ ਸਿੰਘ ਦੇ ਘਰ ਹੀ ਰਾਤ ਨੂੰ ਠਹਿਰ ਗਏ। ਸਾਨੂੰ ਇਸ ਗੱਲ ਦਾ ਸੰਸਾ ਸੀ ਕਿ ਮਾਤਾ ਜੀ ਸਾਡੇ ਸਧਾਰਨ ਜਿਹੇ ਸਹੂਲਤਾਂ ਤੋਂ ਵਾਂਝੇ ਘਰ ਵਿੱਚ ਕਿਵੇਂ ਬਿਰਾਜਣਗੇ। ਪਰ ਮਾਤਾ ਜੀ ਤਾਂ ਇਸ ਤਰ੍ਹਾਂ ਰਹੇ ਜਿਵੇਂ ਉਹ ਕਿਸੇ ਵੀ ਚੰਗੀ ਸਹੂਲਤ ਤੋਂ ਬਿਨ੍ਹਾਂ ਰਹਿਣ ਦੇ ਆਦੀ ਹੋਣ। ਉਹਨਾਂ ਦੇ ਚਿਹਰੇ ਤੇ ਪ੍ਰੇਸ਼ਾਨੀ ਦਾ ਇੱਕ ਚਿੰਨ ਨਹੀਂ ਸੀ।

ਮਸਤਾਨਗੜ੍ਹ ਵਾਲੇ ਸੂਏ ਤੇ ਪੁੱਲ ਨਹੀਂ ਸੀ। ਸਤਿਗੁਰੂ ਜੀ ਨੇ ਸਾਨੂੰ ਹੁਕਮ ਕੀਤਾ ਕਿ ਆਵਾਜ਼ਾਈ ਬਹਾਲ ਕਰਨ ਲਈ ਤੁਸੀਂ ਆਰਜ਼ੀ ਤੌਰ ਤੇ ਪਾਈਪਾਂ ਸੁੱਟ ਕੇ ਪੁਲ ਬਣਵਾ ਦਿਓ, ਜੋ ਜਲਦੀ ਹੀ ਬਣ ਗਿਆ।

ਅੱਸੂ ਦੇ ਮੇਲੇ ਦੇ ਵਿੱਚ ਹੀ ਬਹੁਤ ਬਾਰਸ ਹੋਈ ਮਸਤਾਨਗੜ੍ਹ ਦੇ ਰਕਬੇ ਵਿੱਚ ਬੀਜਿਆ ਝੋਨਾ ਜੋ ਵੱਢਿਆ ਹੋਇਆ ਸੀ ਉਸ ਵਿੱਚ ਕਾਫੀ ਪਾਣੀ ਹੋ ਜਾਣ ਕਾਰਨ ਝਾੜਿਆ ਨਹੀਂ ਸੀ ਜਾ ਸਕਦਾ। ਉਸ ਵਕਤ ਝੋਨਾ ਹੱਥ ਨਾਲ ਵੱਢ ਕੇ ਝਾੜਿਆ ਜਾਂਦਾ ਸੀ ਕੰਬਾਈਨਾ ਅਜੇ ਨਹੀਂ ਆਈਆਂ ਸਨ। ਮਾਤਾ ਜੀ ਨੇ ਸਾਨੂੰ ਹੁਕਮ ਕੀਤਾ। ਸਾਡਾ ਆਗੂ ਗੁਰਦੇਵ ਸਿੰਘ ਮਦਾਰ ਸੀ। ਝੋਨਾ ਪਾਣੀ ਵਿੱਚੋਂ ਬਾਹਰ ਕੱਢਣਾ। ਤਕਰੀਬਨ ਦੱਸ ਕਿੱਲੇ ਪੈਲੀ ਵਿੱਚੋਂ ਵੱਢਿਆ ਹੋਇਆ ਝੋਨਾ ਬਾਹਰ ਕੱਢਿਆ ਗਿਆ ਅਤੇ ਫੇਰ ਟਰੈਕਟਰ ਨਾਲ ਗਾਹ ਕੇ ਕੱਢਿਆ ਗਿਆ। ਮਾਤਾ ਜੀ ਇਸ ਸਾਰੇ ਵਕਤ ਨਾਲ ਹਾਜ਼ਰ ਰਹੇ।

1970 ਤੋਂ ਹੀ ਸੰਤ ਪੂਰਨ ਸਿੰਘ ਨੂੰ ਹੱਟੀ ਦੀ ਸੇਵਾ ਬਖ਼ਸ਼ੀ ਗਈ ਜੋ ਉਹਨਾਂ ਨੇ 1982 ਤੱਕ ਨਿਭਾਈ ਅਤੇ ਧਰਮ ਪਤਨੀ ਸਮੇਤ ਮਸਤਾਨਗੜ੍ਹ ਹੀ ਨਿਵਾਸ ਰੱਖਿਆ। ਜਿਥੇ ਸੰਤ ਪੂਰਨ ਸਿੰਘ ਹੱਟੀ ਦੀ ਸੇਵਾ ਨਿਭਾਉਂਦੇ ਉਥੇ ਪ੍ਰਸਿੰਨ ਕੌਰ ਲੰਗਰ ਦੀ ਸੇਵਾ ਕਰਦੇ ਰਹੇ ਮਾਤਾ ਜੀ ਦੇ ਹੁਕਮ ਅਨੁਸਾਰ ਹਰ ਵੇਲੇ ਹਾਜ਼ਰ ਰਹਿੰਦੇ। ਵੇਲੇ ਕੁਵੇਲੇ ਚਾਹਟਾ ਆਦਿ ਬਣਾ ਸੇਵਾਦਾਰਾਂ ਨੂੰ ਛਕਾਉਂਦੇ।

ਉਦੋਂ ਮਸਤਾਨਗੜ੍ਹ ਕੋਠੀ ਪੈ ਰਹੀ ਸੀ। ਇੱਕ ਦਿਨ ਕੋਠੀ ਦਾ ਲੈਂਟਰ ਪੈਣ ਵੇਲੇ ਕਾਫੀ ਰਾਤ ਹੋ ਗਈ। ਸਾਰੀ ਰਾਤ ਲੈਂਟਰ ਪੈਂਦਾ ਰਿਹਾ। ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਸਾਰੀ ਰਾਤ ਆਪ ਬੈਟਰੀਆਂ ਫੜ ਕੇ ਲੈਂਟਰ ਪਵਾਉਂਦੇ ਰਹੇ। ਉਸ ਵਕਤ ਸੰਤ ਗੁਰਦੇਵ ਸਿੰਘ ਮਦਾਰ ਉਸ ਦੇ ਸਾਰੇ ਭਾਈ ਅਸੀਂ ਸਾਰੇ ਭਰਾ (ਸੰਤ ਪੂਰਨ ਸਿੰਘ ਦੇ ਲੜਕੇ ਸਰਦਾਰ ਸਿੰਘ, ਅਵਤਾਰ ਸਿੰਘ, ਦਰਸ਼ਨ ਸਿੰਘ, ਹਰਦਿਆਲ ਸਿੰਘ) ਸੰਤ ਗੁਰਦਿਆਲ ਸਿੰਘ ਮਸਾਇਕੇ ਵਾਲੀਏ ਸੰਤ ਦਰਸ਼ਨ ਸਿੰਘ ਚੌਕ ਵਾਲੇ ਅਮਰਾਸਰ ਕਲਾਂ ਦੇ ਹੋਰ ਬਹੁਤ ਸਾਰੇ ਸਿੱਖ ਸੇਵਕ ਸਾਰੀ ਰਾਤ ਲੈਂਟਰ ਪਾਉਂਣ ਦੀ ਸੇਵਾ ਕਰਦੇ ਰਹੇ। ਸ੍ਰੀ ਸਤਿਗੁਰੂ ਜੀ ਤੇ ਮਾਤਾ ਜੀ ਬਿਨ੍ਹਾਂ ਇੱਕ ਪਲ ਅਰਾਮ ਕੀਤੇ ਸਾਰੀ ਰਾਤ ਸਾਡੇ ਨਾਲ ਰਹੇ।

ਮਾਤਾ ਜੀ ਦੀ ਸੇਵਾ ਬਾਰੇ ਦਸਣਾ ਤਾਂ ਸੂਰਜ ਨੂੰ ਦੀਵਾ ਵਿਖਾਉਣ ਦੇ ਬਰਾਬਰ ਹੈ। ਮਾਤਾ ਜੀ ਸਾਰਾ ਦਿਨ ਬੀਬੀਆਂ ਦੇ ਨਾਲ ਨਰਮਾ ਚੁਗਾਉਂਦੇ। ਫਿਰ ਰਾਤ ਨੂੰ ਆਪ ਕੋਲ ਖਲੋ ਕੇ ਟਰੱਕ ਭਰਾਉਂਦੇ। ਉਸ ਵਕਤ ਕੇਵਲ ਦੋ-ਤਿੰਨ ਕਮਰੇ ਹੀ ਸਨ ਅਤੇ ਕੁਝ ਸਿੱਖ ਸੇਵਕ ਤੰਬੂਆਂ ਵਿੱਚ ਹੀ ਵਿਸ਼ਰਾਮ ਕਰਦੇ ਸਨ। ਸਭ ਤੋਂ ਪਹਿਲਾਂ ਇੱਕ ਕੱਚਾ ਕੋਠਾ ਪਾ ਕੇ ਵਰਨੀਆਂ ਤੋਰੀਆਂ ਗਈਆਂ ਸਨ।

ਜ਼ਮੀਨ ਤੋਂ ਪੱਧਰ ਕਰਨ ਤੋਂ ਲੈ ਕੇ ਸੜਕਾਂ ਬਣਾਉਣ, ਕੋਠੀ ਪਾਉਣ, ਫਸਲ ਸੰਭਾਲਣ, ਲੰਗਰ ਦੀ ਸੇਵਾ ਕਰਨ ਦੇ ਨਾਲ ਨਾਲ ਆਪ ਜੀ ਕਦੇ ਵੀ ਨਾਮ-ਸਿਮਰਨ ਤੋਂ ਨਾਗਾ ਨਹੀਂ ਸਨ ਪੈਣ ਦੇਂਦੇ। ਹਾਲ ਦੀ ਮਸਤਾਨਗੜ੍ਹ ਦੇ ਹਰ ਜ਼ਰਰੇ-ਜ਼ਰਰੇ ਨੂੰ ਸ੍ਰੀ ਸਤਿਗੁਰੂ ਜੀ ਅਤੇ ਪੂਜਯ ਮਾਤਾ ਚੰਦ ਕੌਰ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਏਨੀ ਸੇਵਾ ਕਰਦਿਆਂ ਜਿਥੇ ਰੋਜ਼ ਕ੍ਰਿਸਾਨੀ ਦੇ ਸਖ਼ਤ ਕਾਰਜ ਕਰਨ ਵਾਲੇ ਅੱਕ ਥੱਕ ਜਾਂਦੇ ਸਨ। ਉਥੇ ਕਦੇ ਕਿਸੇ ਨੇ ਮਾਤਾ ਜੀ ਨੂੰ ਥੱਕਿਆਂ ਜਾਂ ਅੱਕਿਆਂ ਨਹੀਂ ਸੀ ਵੇਖਿਆ। ਮਾਤਾ ਜੀ ਨੂੰ ਸੇਵਾ ਕਰਦੇ ਵੇਖ ਕੋਈ ਧੰਨ ਕਹਿਣ ਤੋਂ ਬਿੰਨ੍ਹਾਂ ਨਹੀਂ ਸੀ ਰਹਿ ਸਕਦਾ। ਉਹਨਾਂ ਦੀ ਸੇਵਾ ਦੀਆਂ ਤਾਂ ਬੇਅੰਤ ਸਾਖੀਆਂ ਹਨ ਜੋ ਸਤ ਸਮੁੰਦਰ ਦੀ ਸ਼ਾਹੀ ਨਾਲ ਵੀ ਨਾ ਲਿਖੀਆਂ ਜਾ ਸਕੱਣ, ਏਨੇ ਸ਼ਬਦਾਂ ਦੇ ਨਾਲ ਹੀ ਮਾਤਾ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਪ੍ਰਣਾਮ ਕਰਦਾ ਹਾਂ।■

Namdhari Elibrary NamdhariElibrary@gmail.com

ਬੀਤੇ ਪਲ – ਅੰਤਿਮ ਪਲ

✍ ਕਵੀਸ਼ਰ ਗੁਰਸੇਵਕ ਸਿੰਘ

ਮਾਂਖਿਓ ਮਿੱਠੜੇ ਬੋਲ, ਬੋਲਾਂ ਵਿੱਚ ਰਵਾਨਗੀ, ਨੈਣਾਂ ਵਿੱਚ ਨੂਰੀ ਕਸ਼ਿਸ਼, ਹੰਸੂ-ਹੰਸੂ ਕਰਦਾ ਚਿਹਰਾ, ਮਮਤਾ ਦੀ ਮੂਰਤ, ਕੋਮਲ ਚਰਨ, ਹਸਤ ਕੰਵਲਾਂ ਵਿੱਚ ਕੋਮਲਤਾ, ਲਛਮੀ, ਪਾਰਬਤੀ ਦੀ ਯਾਦ ਦਿਵਾਉਂਦੀ ਸੂਰਤ, ਸਾਦਗੀ, ਤਿਆਗ, ਪਿਆਰ ਸਤਿਕਾਰ ਦੀ ਦੇਵੀ?

ਦੁਖੀਆਂ ਦੇ ਦਿਲਾਂ ਦੀ ਵੇਦਨ ਸਮਝਣ ਵਾਲੀ ਮਾਂ, ਭੁੱਖਿਆਂ ਨੂੰ ਰਜਾਉਣ ਵਾਲੀ ਮਾਂ, ਰੋਦਿਆਂ ਨੂੰ ਹਸਾਉਣ ਵਾਲੀ ਮਾਂ, ਮਾਂ ਚੰਦ ਕੌਰ ਜੀ ਦੀ ਸਖਸ਼ੀਅਤ ਦੇ ਗੁਣਾਂ ਦਾ ਵਰਨਣ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੈ, ਕੋਈ ਥੱਕਿਆ ਟੁੱਟਿਆ ਸਫਰ ਦਾ ਮਾਰਿਆ ਰਾਹਗੀਰ ਜਾਂਦਾ ਜਾਂਦਾ ਕੁੱਝ ਪਲ ਸ੍ਰੀ ਭੈਣੀ ਸਾਹਿਬ ਰੁਕਿਆ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਕੇ ਥਕੇਵਾਂ ਲਹਿ ਗਿਆ। ਦੋ ਘੜੀਆਂ ਸ੍ਰੀ ਮਾਤਾ ਚੰਦ ਕੌਰ ਜੀ ਕੌਲ ਬੈਠਿਆ ਤਾਂ ਬਚਨ ਬਿਲਾਸ ਕਰਕੇ ਭੁੱਖ ਪਿਆਸ ਮਿਟ ਗਈ। ਦਰ ਤੇ ਆਈ ਸੰਗਤ ਦੇ ਸਵਾਗਤ ਲਈ ਮਾਤਾ ਜੀ ਦੇ ਬੋਲ "ਆਓ ਜੀ, ਜੀ ਆਇਆਂ ਨੂੰ ਹੋਰ ਸੁਣਾਓ ਤੁਹਾਡਾ ਕੀ ਹਾਲ ਹੈ, ਬੜੀ ਕਿਰਪਾ ਕੀਤੀ ਜੇ ਤੁਸੀਂ ਮੇਰੇ ਕੋਲ ਆਏ ਹੋ, ਇਸ ਤਰ੍ਹਾਂ ਦੇ ਪ੍ਰੇਮ ਵਿੱਚ ਲਬਰੇਜ਼ ਲਫ਼ਜ਼ ਸੰਗਤ ਦਾ ਮਨ ਮੋਹ ਲਿਆ ਕਰਦੇ ਸਨ ਤੇ ਸੰਗਤ ਸੋਚਦੀ ਜਿਵੇਂ ਸਾਡਾ ਸ੍ਰੀ ਭੈਣੀ ਸਾਹਿਬ ਆਉਣਾ ਸਫਲ ਹੋ ਗਿਆ ਹੋਵੇ। ਤਕਰੀਬਨ 72 ਕੁ ਸਾਲ ਸੇਵਾ ਦਾ ਸਫਰ ਗੁਰੂ ਘਰ ਵਿੱਚ ਸਫਲਤਾ ਪੂਰਵਕ ਸੰਪੂਰਨ ਕੀਤਾ। ਸੇਵਾ ਵੀ ਉਹ ਕੀਤੀ,

ਜਿਤੁ ਸਤਿਗੁਰ ਕਾ ਮਨੁ ਮੰਨੇ-

ਅਤਿ ਊਚਾ ਤਾ ਕਾ ਦਰਬਾਰਾ, ਗੁਰਬਾਣੀ ਸਿਧਾਂਤ ਅਨੁਸਾਰ ਗੁਰੂ ਘਰ ਦੀ ਸ਼ਾਨ ਨੂੰ ਉੱਚਿਆਂ ਕੀਤਾ। ਇਨਸਾਨੀਅਤ ਦੇ ਦੁਸ਼ਮਣ ਗੁਰੂ ਘਰ ਦੀ ਵਧਦੀ ਹੋਈ ਸ਼ੋਭਾ ਨੂੰ ਸਹਾਰ ਨਾ ਸਕੇ। 4 ਅਪ੍ਰੈਲ ਦਾ ਮਨਹੂਸ ਦਿਨ, "ਤੱਤੀਆਂ ਹਵਾਵਾਂ, ਤਪਤੀ ਧਰਤੀ, ਤਪਦੇ ਹੋਏ ਵਿਰੋਧੀਆਂ ਦੇ ਦਿਲ, "ਪਰ ਮਾਤਾ ਜੀ ਠੰਢੇ ਅਤਿ ਠੰਢੇ, ਖੈਰ? ਮਾਤਾ ਜੀ ਦਾ ਕੋਠੀ ਚੋਂ ਬਾਹਰ ਆਉਣਾ, ਅਕਾਦਮੀ ਵੱਲ ਜਾਣਾ, ਧਾਰਮਿਕ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨੀ, ਵਾਪਸ ਅਕਾਦਮੀ ਦੇ ਗੇਟ ਕੋਲ ਆਉਣਾ? ਪੱਥਰ ਦਿਲ, ਖ਼ੂਨੀ ਦਰਿੰਦਿਆਂ, ਘਾਤ ਲਾਉਣੀ, ਮਾਂ ਤੋਂ ਅਸ਼ੀਰਵਾਦ ਲੈਣ ਵਾਸਤੇ ਮੱਥਾ ਟੇਕਣਾ, ਮਾਂ ਨੇ ਆਸ਼ੀਰਵਾਦ ਦੇਣਾ, ਆਸ਼ੀਰਵਾਦ ਲੈ ਕੇ ਵਿਸ਼ਵਾਸਘਾਤੀ ਵਾਰ ਕਰਨਾ, ਬਹਾਦਰੀ ਨਹੀਂ ਬੁਜ਼ਦਿਲੀ ਹੈ। ਜਾਂਦੀ-ਜਾਂਦੀ ਮਾਂ ਨੇ ਹਤਿਆਰਿਆਂ ਨੂੰ ਵੀ ਦੁਆ ਦੇਣੀ, ਨਿਮਰਤਾ ਪ੍ਰੇਮ;, ਇਤਫਾਕ, ਦਇਆ ਦਾ ਪ੍ਰਤੱਖ ਸਬੂਤ ਸੀ। ਸੋਅ ਸੁਣਦਿਆਂ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ, ਅੱਖਾਂ ਚੋਂ ਹੰਝੂਆਂ ਦੀਆਂ ਬਰਸਾਤਾਂ, ਖਾਣਾ-ਪੀਣਾ ਛੁੱਟਣਾ, ਬਜ਼ੁਰਗਾਂ, ਮਾਈਆਂ, ਭਾਈਆਂ ਨੌਜਵਾਨਾਂ ਵਿੱਚ ਕੁਰਲਾਹਟ, "ਹਾਏ ਮਾਂ, "ਹਏ ਮਾਂ, ਦੀਆਂ ਦਰਦ ਭਰੀਆਂ ਅਵਾਜ਼ਾਂ? ਤੂੰ ਕਿੱਥੇ ਗਈ, ਕਿਉਂ ਗਈ, ਨਾ ਜਾਂਦੀ ਇਤਿਆਦਕ ਸਵਾਲ ਜਵਾਬ ਸੰਗਤਾਂ ਦੇ ਮੁੱਖੋਂ ਗੂੰਜਦੇ ਸਨ।

ਗਾਈਆਂ ਵੱਛੀਆਂ ਦਾ ਉਦਾਸ ਹੋਣਾ, ਨੈਣਾਂ ਚੋਂ ਨੀਰ ਵਹਾਉਣਾ ਤੇ ਸੋਚਣਾ ਮਾਂ ਬਾਝੋ ਹੁਣ ਸਾਨੂੰ ਗੁੜ ਕੌਣ ਚਟਾਊਗਾ, ਮੋਰਾਂ ਚੁੱਪ ਧਾਰਨੀ, ਰੁੱਖਾਂ ਤੇ ਬੈਠੇ ਪੰਛੀਆਂ ਦਾ ਸੁੰਨ ਹੋਣਾ, ਦੁੱਖਦਾਈ ਘਟਨਾ ਦਾ ਪ੍ਰਤੀਕ ਸੀ। ਐਪਰ ਗੁਣੀ ਗਿਆਨੀਆਂ ਦਾ ਕਿਆਸ ਮਾਂ ਅਮਰ ਹੈ, ਪਾਕ ਰੂਹ ਕਦੇ ਜੰਮਦੀ ਮਰਦੀ ਨਹੀਂ, ਸੱਚੀ ਰੂਹ ਸਦੈਵ ਹੀ ਜੀਵਤ ਹੈ।

ਜੰਮਣ ਮਰਣੁ ਨ ਤਿਨ ਕਉ ਜੋ ਹਰਿ ਲੜਿ ਲਾਗੀ
ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ।।

ਗੁਰਬਾਣੀ ਸਿਧਾਂਤ ਅਨੁਸਾਰ ਮਾਤਾ ਚੰਦ ਕੌਰ ਜੀ ਸਦਾ ਹੀ ਜੀਵਤ ਹਨ। ਐਪਰ ਵਿਸ਼ਵਾਸਘਾਤੀ ਵਾਰ ਕਰਨ ਵਾਲੇ ਸੁੱਖ ਪ੍ਰਾਪਤ ਨਹੀਂ ਕਰਨਗੇ। ਪਾਪੀ ਨੂੰ ਆਪਣੇ ਕੀਤੇ ਪਾਪ ਦਾ ਡਰ ਹੁੰਦਾ ਹੈ। ਉਹ ਅੰਦਰੋਂ ਡਰਦੇ ਰਹਿਣਗੇ, ਕਦੇ ਸੁੱਖ ਦੀ ਨੀਂਦ ਨਹੀਂ ਸਾਉਣਗੇ, ਉਹ ਘੜੀ-ਘੜੀ ਪਲ-ਪਲ ਮਰਦੇ ਰਹਿਣਗੇ। ਉਨ੍ਹਾਂ ਦੀ ਜ਼ਮੀਰ ਉਹਨਾਂ ਨੂੰ ਧਿਰਕਾਰਦੀ ਰਹੇਗੀ। ਮਨੁੱਖੀ ਮਨਾਂ ਵਿੱਚੋਂ ਇਕ ਆਵਾਜ਼ ਉੱਠੇਗੀ, ਮਾਂ ਦੇ ਹਤਿਆਰਿਆਂ ਦਾ "ਸਰਵਨਾਸ਼, "ਸਰਵਨਾਸ਼, "ਪਾਪੀ ਕੈ ਮਾਰਨੇ ਕਉ ਪਾਪ ਮਹਾਂਬਲੀ ਹੈ।" ■

Namdhari Elibrary NamdhariElibrary@gmail.com

ਮਾਤਾ ਜੀ ਦੀ ਸੇਵਾ

✍ ਬੀਬੀ ਹਰਭਜਨ ਕੌਰ ਚਾਨਾ ਯੂ. ਕੇ.

ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਸਦਾ ਵਰਤ ਵਿੱਚ ਮਾਤਾ ਜੀਵਨ ਕੌਰ ਜੀ ਦੇ ਸਮੇਂ ਤੋਂ ਜਿਸ ਤਰ੍ਹਾਂ ਗੁਰੂ ਘਰ ਦੀ ਮਰਯਾਦਾ ਚਲਦੀ ਸੀ ਉਸ ਦੇ ਅਨੁਸਾਰ ਪਹਿਲਾਂ ਤੋਂ ਲੰਗਰ ਵੀ ਸ੍ਰੀ ਭੈਣੀ ਸਾਹਿਬ ਵਿੱਚ ਰਾਤ ਦਿਨ ਚੱਲਦਾ ਸੀ। ਉਸ ਵੱਲ ਵੀ ਮਾਤਾ ਚੰਦ ਕੌਰ ਜੀ ਨੇ ਪੂਰੀ ਸ਼ਰਧਾ ਨਾਲ ਧਿਆਨ ਦਿਤਾ। 1947 ਈ. ਵਿੱਚ ਜਦ ਅਜ਼ਾਦੀ ਮਿਲੀ ਤਾਂ ਦੇਸ਼ ਦੀ ਵੰਡ ਵੀ ਹੋਈ। ਪੱਛਮੀ ਪੰਜਾਬ ਤੋਂ ਉੱਜੜ ਕੇ ਹਿੰਦੂ ਸਿੱਖ ਏਧਰ ਆਏ ਅਤੇ ਮੁਸਲਮਾਨਾਂ ਨੂੰ ਪਾਕਿਸਤਾਨ ਜਾਣ ਸਮੇਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਲੰਗਰ ਸਭ ਲਈ ਤਿਆਰ ਮਾਤਾ ਚੰਦ ਕੌਰ ਜੀ ਕਰਦੇ ਸਨ। ਚਾਹੇ ਉਧਰੋਂ ਆਉਣ ਵਾਲੇ ਹੋਣ ਜਾਂ ਇਧਰੋਂ ਜਾਣ ਵਾਲੇ ਹੋਣ ਸਭ ਨੂੰ ਲੰਗਰ ਛਕਾਇਆ ਜਾਂਦਾ ਸੀ। ਇਹ ਸੇਵਾ ਕਰਨ ਵੇਲੇ ਮਾਤਾ ਜੀ ਕਿਸੇ ਨੂੰ ਉਡੀਕਦੇ ਨਹੀਂ ਸਨ। ਆਪ ਦਾਲਾ ਪ੍ਰਸ਼ਾਦ ਤਿਆਰ ਕਰਦੇ ਸਨ ਅਤੇ ਖੁੱਲ੍ਹੇ ਗੱਫੇ ਵੰਡਦੇ ਥੱਕਦੇ ਨਹੀਂ ਸਨ। ਜਿਹੜੇ ਉਧਰੋਂ ਉੱਜੜ ਕੇ ਆਏ ਉਨ੍ਹਾਂ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਵੀਂ ਆਬਾਦੀ ਵਸਾਉਣ ਲਈ ਜ਼ਮੀਨ ਸ੍ਰੀ ਜੀਵਨ ਨਗਰ ਵਿੱਚ ਪਹਿਲਾਂ ਹੀ ਖਰੀਦ ਰੱਖੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਉਸ ਵਕਤ ਵੱਡੇ ਬਾਬਾ ਜੀ ਦੇ ਨਾਮ ਨਾਲ ਸੇਵਾ ਕਰਦੇ ਸਨ। ਇਹ ਸੇਵਾ ਸੰਭਾਲ ਉਨ੍ਹਾਂ ਦੇ ਹਵਾਲੇ ਕਰ ਦਿੱਤੀ, ਜਿਸ ਨਾਲ ਮਾਤਾ ਚੰਦ ਕੌਰ ਜੀ ਉਥੇ ਦੀ ਸੇਵਾ ਵਿੱਚ ਜ਼ਿਆਦਾ ਰੁੱਝ ਗਏ ਕਿਉਂਕਿ ਨਵੀਂ ਆਬਾਦੀ ਹੋਣ ਕਾਰਨ ਕੋਈ ਪ੍ਰਬੰਧ ਨਹੀਂ ਸੀ। ਦੂਰ ਖੂਹਾਂ ਤੋਂ ਪਾਣੀ ਦਾ ਪ੍ਰਬੰਧ ਕਰਕੇ ਦਾਲਾਂ ਆਪ ਛੱਟਣੀਆਂ, ਪ੍ਰਸ਼ਾਦੇ ਤਿਆਰ ਕਰਕੇ ਲੰਗਰ ਤਿਆਰ ਕਰਨਾ ਇਹ ਸਭ ਮਾਤਾ ਜੀ ਦੀ ਸੇਵਾ ਸੀ। ਜਿਥੇ ਰਾਹ ਜਾਣ ਲਈ ਵੀ ਨਹੀਂ ਸੀ ਦਿਸਦਾ ਉਥੇ ਉਹਨਾਂ ਹਰ ਤਰ੍ਹਾਂ ਦੀ ਸੇਵਾ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸੇਵਾ ਹੱਥੀਂ ਕਰਕੇ ਜੰਗਲ ਵਿੱਚ ਮੰਗਲ ਲਾਏ ਹੋਏ ਸਨ। ਮਾਤਾ ਚੰਦ ਕੌਰ ਜੀ ਲੋੜ ਅਨੁਸਾਰ ਕਦੀ ਸੇਵਾ ਲਈ ਸ੍ਰੀ ਭੈਣੀ ਸਾਹਿਬ ਤੇ ਕਦੀ ਸ੍ਰੀ ਜੀਵਨ ਨਗਰ ਹੁੰਦੇ ਸਨ। ਆਪਣਾ ਕੋਈ ਫਿਕਰ ਨਹੀਂ ਸੀ ਹੁੰਦਾ ਪਰ ਸੰਗਤਾਂ ਦਾ ਹੀ ਖਿਆਲ ਰੱਖਦੇ ਸਨ।

ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ ਅਤੇ ਨਾਮਧਾਰੀ ਪੰਥ ਦਾ ਭਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੂੰ ਸੌਂਪਿਆ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਗੱਦੀ ਤੇ ਬਿਰਾਜਮਾਨ ਹੋਏ ਉਸ ਸਮੇਂ ਮਾਤਾ ਜੀ ਹੋਰ ਵੀ ਜ਼ਿੰਮੇਵਾਰੀਆਂ ਸੰਭਾਲ ਕੇ ਸੇਵਾ ਵਿੱਚ ਜੁੱਟ ਗਏ।

ਆਪ ਤਾਂ ਸੇਵਾ ਕਰਦੇ ਸੀ, ਸਗੋਂ ਹੋਰ ਸਾਰਿਆਂ ਦੇ ਭਲੇ ਲਈ ਸਭ ਨੂੰ ਸੇਵਾ ਦੀ ਪ੍ਰੇਰਨਾ ਦੇਣੀ ਸ਼ੁਰੂ ਕਰਕੇ ਸਭ ਦਾ ਭਲਾ ਕੀਤਾ ਅਤੇ ਸਿੱਧਾ ਰਾਹ ਦੱਸਿਆ। ਨਾਮ ਜਪਣ ਲਈ ਸਮੇਂ ਸਿਰ ਉਠੋ ਅਤੇ ਸੇਵਾ ਕਰੋ ਇਸ ਵਿੱਚ ਹੀ ਭਲਾ ਹੁੰਦਾ ਹੈ। ਇਹ ਹੀ ਪ੍ਰੇਰਣਾ ਸਭ ਨੂੰ ਦਿੱਤੀ। ਮਾਤਾ ਜੀ ਦੀ ਸੇਵਾ ਦਾ ਤਾਂ ਅੰਤ ਹੀ ਨਹੀਂ ਜੋ ਸਤਿਗੁਰੂ ਜੀ ਹੁਕਮ ਕਰਦੇ ਉਹ ਉਸੇ ਸਮੇਂ ਕਰਨ ਲਈ ਤਿਆਰ ਰਹਿੰਦੇ ਸਨ।

Namdhari Elibrary NamdhariElibrary@gmail.com

ਸੇਵਾ ਦੀ ਮਿਸਾਲ
ਮਾਤਾ ਚੰਦ ਕੌਰ ਜੀ

✍ ਸ. ਬਲਦੇਵ ਸਿੰਘ ਵੜੈਚ



ਸੰਨ 1968-69 ਦੀ ਗੱਲ ਹੈ, ਮਸਤਾਨਗੜ੍ਹ ਦੀ ਧਰਤੀ ਨੂੰ ਵਾਹਿਆ ਸਵਾਰਿਆ ਜਾ ਰਿਹਾ ਸੀ। ਸਿੱਖਾਂ ਸੇਵਕਾਂ ਦੇ ਟਰੈਕਟਰ ਸੇਵਾ ਵਾਸਤੇ ਆਉਂਦੇ ਰਹਿੰਦੇ ਸਨ। ਜੋ ਕਦੀ ਪੈਲੀ ਵਾਹੁੰਦੇ ਕਦੇ ਕਰਾਹ ਫੇਰਦੇ।

ਇਸ ਤਰ੍ਹਾਂ ਹੀ ਇੱਕ ਦਿਨ ਕਾਫੀ ਟਰੈਕਟਰ ਚਲ ਰਹੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਸੀ ਕਿ ਦਿਨੇ ਕਰਾਹ ਫੇਰਿਆ ਕਰੋ ਅਤੇ ਰਾਤ ਨੂੰ ਪੈਲੀ ਵਾਹਿਆ ਕਰੋ। ਦਿਨੇ ਤਾਂ ਬਾਹਰੋਂ ਸੇਵਕਾਂ ਦੇ ਆਏ ਟਰੈਕਟਰਾਂ ਨਾਲ ਕਰਾਹ ਮਾਰਿਆਂ ਜਾਂਦਾ ਸੀ। ਅਤੇ ਰਾਤ ਨੂੰ ਡੇਰੇ ਦੇ ਟਰੈਕਟਰਾਂ ਨਾਲ ਪੈਲੀ ਵਾਹੀ ਜਾਂਦੀ ਸੀ।

ਹੁਣ ਡੇਰੇ ਦੇ ਟਰੈਕਟਰ ਡਰਾਈਵਰਾਂ ਦੀ ਇਹ ਸਮਸਿਆਂ ਸੀ ਕਿ ਉਹਨਾਂ ਨੂੰ ਦਿਨੇ ਸੇਵਾ ਵਾਲੇ ਟਰੈਕਟਰਾਂ ਨਾਲ ਰਲ ਕੇ ਕਰਾਹ ਮਾਰਨਾ ਪੈਂਦਾ ਸੀ। ਫੇਰ ਦੇਰ ਰਾਤ ਤੱਕ ਪੈਲੀ ਵਾਹੁੰਦੇ ਰਹਿਣਾ ਸੀ। ਕਿਉਂਕਿ ਰਾਤ ਨੂੰ ਸੇਵਾ ਵਾਲੇ ਟਰੈਕਟਰ ਚਲੇ ਜਾਂਦੇ ਸਨ।

ਇੱਕ ਦਿਨ ਇਸੇ ਤਰ੍ਹਾਂ ਰਾਤ ਨੂੰ ਪੈਲੀ ਵਾਹੀ ਜਾ ਰਹੀ ਸੀ। ਦਿਨ ਦੇ ਥੱਕੇ ਹੋਏ ਡਰਾਇਵਰਾਂ ਨੂੰ ਰਾਤ ਨੀਂਦ ਵੀ ਕੋਈ ਜ਼ਿਆਦਾ ਹੀ ਤੰਗ ਕਰ ਰਹੀ ਸੀ। ਪਰ ਹੁਕਮ ਸੀ ਤੇ ਮੰਨਣਾ ਹੀ ਸੀ। ਸਾਰੇ ਪੈਲੀ ਤਾਂ ਵਾਹ ਰਹੇ ਸਨ ਅਤੇ ਨਾਲ ਆਪਣੀ ਸਾਰੀ ਵਾਹ ਨੀਂਦ ਨੂੰ ਰੋਕਣ ਵਾਸਤੇ ਲਾ ਰਹੇ ਸਨ। ਇੱਕ ਦੂਜੇ ਵੱਲ ਆਸ ਭਰੀਆਂ ਨਜ਼ਰਾਂ ਨਾਲ ਵੇਖ ਵੀ ਲੈਂਦੇ ਸਨ ਕਿ ਸ਼ਾਇਦ ਕੋਈ ਆਖ ਦੇਵੇ ਕਿ ਹੁਕਮ ਆਇਆ ਹੈ ਹੁਣ ਕੰਮ ਬੰਦ ਕਰ ਦਿਓ। ਪਰ ਉਡੀਕਾਂ ਵਾਲੀ ਰਾਤ ਅਕਸਰ ਲੰਮੀ ਹੋ ਜਾਇਆ ਕਰਦੀ ਹੈ।

ਪਰ ਇਹ ਕੀ - ਏਨੇ ਚਿਰ ਨੂੰ ਟਰੈਕਟਰ ਦੂਜੇ ਪਾਸੇ ਮੁੜੇ ਤਾਂ ਲਾਈਟਾਂ ਵਿੱਚ ਕੁਝ ਸਰੀਰ ਆਉਂਦੇ ਨਜ਼ਰੀ ਪਏ। ਨੇੜੇ ਆਉਣ ਤੇ ਪਤਾ ਲੱਗਾ ਕਿ ਮਾਤਾ ਜੀ ਹਨ। ਤੇ ਉਹਨਾਂ ਦੇ ਨਾਲ ਉਹਨਾਂ ਦੀ ਸੇਵਿਕਾ ਬੀਬੀ ਗੁਰਨਾਮ ਕੌਰ ਅਤੇ ਸੰਤ ਕ੍ਰਿਪਾਲ ਸਿੰਘ ਝੱਬਰ ਸਨ। ਜਿੰਨ੍ਹਾਂ ਨੇ ਸਿਰ ਉੱਤੇ ਕੁਝ ਚੁੱਕਿਆ ਹੋਇਆ ਹੈ। ਮਾਤਾ ਜੀ ਨੇ ਆਉਂਦੇ ਸਾਰ ਟਰੈਕਟਰਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ। ਕ੍ਰਿਪਾਲ ਸਿੰਘ ਨੇ ਸਿਰ ਤੋਂ ਦਹੀਂ ਵਾਲਾ ਦੋਹਨਾ ਲਾਹਿਆ। ਮਾਤਾ ਜੀ ਨੇ ਸਭ ਨੂੰ ਰਾਤ ਦੇ ਤਿੰਨ ਵਜੇ ਦਹੀਂ ਛਕਾਇਆ। ਰਾਤ ਪੈਦਲ ਵਾਹਣਾ (ਜੰਗਲ ਇਲਾਕਾ) ਵਿਚੋਂ ਦੀ ਜਾ ਕੇ ਮਸਤਾਨਗੜ੍ਹ ਡੇਰੇ ਤੋਂ ਕਾਫੀ ਦੂਰ ਸੂਏ ਦੇ ਕੋਲ ਪਹੁੰਚਣਾ। ਦਹੀਂ ਛਕਾਉਣ ਤੋਂ ਬਾਅਦ ਹੁਕਮ ਕਰਨਾ ਕਿ ਹੁਣ ਤੁਸੀਂ ਜਾ ਕੇ ਆਰਾਮ ਕਰੋ ਤੁਹਾਨੂੰ ਨੀਂਦ ਆ ਰਹੀ ਹੋਵੇਗੀ। ਤਾਂ ਸਾਰਿਆਂ ਦੇ ਮੂੰਹੋ ਨਿਕਲਿਆ ਮਾਤਾ ਬਿਨ੍ਹਾਂ ਹੋਰ ਕੌਣ ਪੁੱਤਰਾਂ ਦਾ ਧਿਆਨ ਰੱਖ ਸਕਦਾ ਹੈ। ਧੰਨ ਮਾਤਾ ਚੰਦ ਕੌਰ ਜੀ।

Namdhari Elibrary NamdhariElibrary@gmail.com

ਜਿੱਦਾਂ ਮਾਤਾ ਜੀ ਸਾਨੂੰ ਪਿਆਰ ਦਿੱਤਾ

✍ ਜਥੇਦਾਰ ਕਮਾਲ ਸਿੰਘ "ਕਮਾਲ

ਅੱਖੀਂ ਵੇਖ ਕੇ ਨਹੀਂ ਯਕੀਨ ਆਉਂਦਾ, ਸਾਡੇ ਮਾਤਾ ਜੀ ਸਾਥੋ ਦੂਰ ਹੋ ਗਏ।
ਕਿੰਨ੍ਹਾਂ ਕਰਮਾਂ ਦੀ ਦਿੱਤੀ ਸਜਾ ਰੱਬਾ, ਐਡੇ ਕਿਹੜੇ ਸੀ ਸਾਥੋਂ ਕਸੂਰ ਹੋ ਗਏ।
ਇਕ ਬੱਚੇ ਦੀ ਮਾਂ ਨਹੀਂ ਜਗਤ ਮਾਤਾ, ਸਾਰਾ ਜੱਗ ਹੀ ਸੀਸ ਝੁਕਾਂਵਦਾ ਸੀ।
ਵਾਂਗਰ ਬੱਚਿਆਂ ਹਰ ਕੋਈ ਆਣ ਆਪਣਾਂ, ਮਾਤਾ ਜੀ ਨੂੰ ਦਰਦ ਸੁਣਾਂਵਦਾ ਸੀ।
ਰੋਂਦੇ ਹੋਏ ਜੇ ਕਿਸੇ ਨੇ ਅਰਜ਼ ਕਰਨੀਂ, ਬਣਕੇ ਮਾਂ ਹੀ ਸੀਨੇ ਲਗਾ ਲੈਣਾਂ।
ਦਰ ਆਏ ਨੂੰ ਤੋਰਨਾ ਸੁੱਖ ਦੇ ਕੇ, ਉਹਦੇ ਦੁੱਖਾਂ ਨੂੰ ਝੋਲੀ ਪੁਆ ਲੈਣਾਂ।
ਠੀਕ ਠਾਕ ਹੈ ਘਰ ਪਰਿਵਾਰ ਤੇਰਾ, ਕਾਰੋਬਾਰ ਕਿਸ ਤਰ੍ਹਾਂ ਚੱਲਦਾ ਏ।
ਕੀਤੇ ਬਚਨ ਓਹ ਜਦੋਂ ਨੇ ਯਾਦ ਆਉਂਦੇ, ਸੇਲਾ ਬਿਰਹੋਂ ਦਾ ਦਿਲ ਨੂੰ ਸੱਲਦਾ ਹੈ।
ਕੀ ਕਰੀਏ ਕਿਧਰ ਨੂੰ ਚਲੇ ਜਾਈਏ, ਛੱਡ ਕਿਸਮਤ ਨੇ ਅੱਧ ਵਿਚਕਾਰ ਦਿੱਤਾ।
ਕੋਈ ਮਾਂ ਨਹੀਂ ਇਸ ਤਰ੍ਹਾਂ ਕਰ ਸਕਦੀ, ਜਿੱਦਾਂ ਮਾਤਾ ਜੀ ਸਾਨੂੰ ਹੈ ਪਿਆਰ ਦਿੱਤਾ।

ਕਿਰਤ ਕਰੀ ਦੀ ਕਿਸ ਤਰ੍ਹਾਂ ਆਪ ਹੱਥੀਂ, ਸੇਵਾ ਕਰਕੇ ਖੁਦ ਸਮਝਾ ਗਏ ਉਹ।
ਬਿਨਾਂ ਸੇਵਾ ਦੇ ਜੀਵਨ ਨਹੀਂ ਸਫਲ ਹੁੰਦਾ, ਜੀਵਨ ਜਾਂਚ ਇਹ ਸਾਨੂੰ ਸਿਖਾ ਗਏ ਉਹ।
ਸਾਧ ਸੰਗਤ ਦੇ ਜੂਠੇ ਬਰਤਨਾਂ ਨੂੰ, ਆਪ ਆਣ ਕੇ ਹੱਥੀਂ ਜੋ ਮਾਂਜਦੇ ਸੀ।
ਲੰਗਰ ਵਾਸਤੇ ਖਾਸ ਧਿਆਨ ਦੇਂਦੇ, ਨਿੱਕੀ-ਨਿੱਕੀ ਵਸਤੂ ਨੂੰ ਸਾਂਭਦੇ ਸੀ।
ਪਰਸ਼ਾਦੇ ਵੇਲਣੇ ਥੱਲਣੇ ਲੋਹ ਉੱਤੋਂ, ਮਾਈਆਂ ਰੋਂਦੀਆਂ ਆਣ ਦੀਦਾਰ ਦੇਜੋ।
ਇਕ ਵਾਰ ਹੀ ਆਂਣ ਕੇ ਬੈਠ, ਜਾਵੋ, ਜਿਹੜਾ ਦੇਂਦੇ ਸੀ ਉਹੋ ਪਿਆਰ ਦੇਜੋ।
ਓਸੇ ਤਰ੍ਹਾਂ ਹੀ ਰੌਣਕਾਂ ਲੱਖ ਭਾਂਵੇ, ਤੁਹਾਡੇ ਬਿਨਾਂ ਨਾ ਭੋਰਾ ਸੋਂਹਦੀਆਂ ਨੇ।
ਜਿੰਨਾਂ ਥਾਵਾਂ ਤੇ ਆਪ ਜੀ ਬੈਠਦੇ ਸੀ, ਚੇਤੇ ਕਰ-ਕਰ ਥਾਂਵਾਂ ਰੋਂਦੀਆਂ ਨੇ।
ਲੱਡੂ ਕਦੇ ਜਲੇਬੀਆਂ ਮਾਲ ਪੂੜੇ, ਕਦੇ ਬੈਠ ਕੇ ਦੁੱਧ ਵਰਤਾਂਵਦੇ ਸੀ
ਸ਼ਰਧਾਵਾਨ ਜੋ ਆਂਵਦੇ ਤ੍ਰਿਪਤ ਹੋ ਕੇ, ਗੁਣ ਆਪ ਜੀ ਦੇ ਉਹ ਗਾਂਵਦੇ ਸੀ।
ਬੈਠ ਲੰਗਰ ਦੀ ਡਿਓੜੀ ਦਿਦਾਰ ਦਿੰਦੇ, ਸਿੱਖ ਆਣਕੇ ਸੀਸ ਝੁਕਾਂਵਦੇ ਸੀ।
ਲੈ ਕੇ ਪ੍ਰੇਮ ਅੰਮ੍ਰਿਤ ਸੱਚੀ ਮਾਂ ਪਾਸੋਂ, ਲੱਗੀ ਚਿਰਾਂ ਦੀ ਪਿਆਸ ਬੁਝਾਂਵਦੇ ਸੀ।
ਸਾਡੀ ਹੱਸਦੀ ਵੱਸਦੀ ਦੁਨੀਆਂ ਨੂੰ, ਕਾਹਤੋਂ ਕਿਸਮਤੇ ਆਣ ਉਜਾੜ ਦਿੱਤਾ।
ਕੋਈ ਮਾਂ ਨਹੀਂ ਇਸ ਤਰ੍ਹਾਂ ਕਰ ਸਕਦੀ, ਜਿੱਦਾਂ ਮਾਤਾ ਜੀ ਸਾਨੂੰ ਹੈ ਪਿਆਰ ਦਿੱਤਾ।

ਮਾਤਾ ਸੀਤਾ ਤੇ ਮਾਤਾ ਰੁਕਮਣੀ ਨੂੰ, ਮਾਤਾ ਲਛਮੀ ਨੂੰ ਜਿਹੜਾ ਮਾਣ ਮਿਲਿਆ।
ਮਹਿਲ ਬਣੇ ਜਦ ਗੁਰੂ ਜਗਜੀਤ ਸਿੰਘ ਦੇ, ਉਹੋ ਉੱਚ ਸ਼ਰੇਸ਼ਟ ਅਸਥਾਨ ਮਿਲਿਆ
ਮਾਣ ਕੀਤਾ ਨਹੀਂ ਫੇਰ ਵੀ ਉਮਰ ਸਾਰੀ, ਮਨ ਨੀਵਾਂ ਹੀ ਸਦਾ ਬਣਾਈ ਰੱਖਿਆ
ਪ੍ਰਭੂਪਤੀ ਨੂੰ ਨਿਮ੍ਰਤਾ ਭਾਂਵਦੀ ਹੈ, ਗੁਰ ਚਰਨਾਂ ਤੇ ਸੀਸ ਝੁਕਾਈ ਰੱਖਿਆ
ਰਿਸ਼ਤਾ ਰੱਖਿਆ ਗੁਰੂ ਤੇ ਸਿੱਖ ਵਾਲਾ, ਸੇਵਕ ਬਣਕੇ ਸੇਵਾ ਕਮਾਂਵਦੇ ਰਹੇ
ਸਤਿ ਬਚਨ ਕਹਿ ਸੀਸ ਝੁਕਾ ਦਿੱਤਾ, ਜੋ ਜੋ ਸਤਿਗੁਰੂ ਹੁਕਮ ਸੁਣਾਵਦੇ ਰਹੇ
ਖੁਸ਼ੀ ਗੁਰਾਂ ਦੀ ਆਪਣੀ ਖੁਸ਼ੀ ਜਾਣੀਂ, ਆਪਾ ਗੁਰੂ ਚਰਨਾਂ ਤੋਂ ਵਾਰ ਦਿੱਤਾ
ਬਾਜ਼ੀ ਜ਼ਿੰਦਗੀ ਦੀ ਉਹੋ ਜਿੱਤਦੇ ਨੇ, ਪਹਿਲੋਂ ਮਨ ਨੂੰ ਜਿਨ੍ਹਾਂ ਨੇ ਹਾਰ ਦਿੱਤਾ
ਦੁੱਖ ਛੁਪਾ ਕਮਾਲ, ਨੂੰ ਸੁੱਖ ਦਿੱਤੇ, ਐਡਾ ਜੱਗ ਤੇ ਹੌਸਲਾ ਕਿਸ ਦਾ ਹੈ।
ਧੰਨ ਧੰਨ ਹੋ ਮਾਤਾ ਜੀ ਤੁਸੀਂ, ਤੁਹਾਡੇ ਜਿਹਾ ਨਾ ਜੱਗ ਤੇ ਦਿਸਦਾ ਹੈ।

Namdhari Elibrary NamdhariElibrary@gmail.com

ਇਲਾਕਾ ਜੀਵਨ ਨਗਰ ਵਸਾਉਣ ਵਿੱਚ ਸਤਿਗੁਰੂ ਸਾਹਿਬਾਨਾਂ ਦੀ ਕਿਰਪਾ ਬਖਸ਼ਿਸ਼

ਸ. ਲਖਵਿੰਦਰ ਸਿੰਘ ਬਾਜਵਾ

ਆਰੀ ਫਿਰਕਾਪ੍ਰਸਤੀ ਦੀ ਰੱਖ ਸੀਨੇ, ਕਰ ਚੀਰ ਪੰਜਾਬ ਦੋਫਾੜ ਦਿੱਤਾ।
ਕਪਰੇ ਮੇਘ ਅੰਗਰੇਜ਼ ਦੇ ਜਦੋਂ ਛਿਟਕੇ, ਸੁੱਟ ਬਿਜਲੀਆਂ ਬਾਗ ਉਜਾੜ ਦਿੱਤਾ।
ਐਸੀ ਅੱਗ ਲੱਗੀ ਪੰਜਾਂ ਪਾਣੀਆਂ ਨੂੰ, ਨੇਮ ਧਰਮ ਇਖਲਾਕ ਸਭ ਸਾੜ ਦਿੱਤਾ।
ਨੰਗਾ ਨਾਚ ਕੀਤਾ ਮਜ਼ਹਬੀ ਪਹਿਨ ਬਾਣਾ, ਜਾਮਾ ਏਕਾ ਸ਼ੈਤਾਨ ਨੇ ਸਾੜ ਦਿੱਤਾ।
ਕੈਸਾ ਤੋਹਫਾ ਆਜ਼ਾਦੀ ਦਾ ਦੇ ਗਿਆ ਉਹ, ਜ਼ਹਿਰ ਲੱਡੂਆਂ ਵਿੱਚ ਲਪੇਟ ਦਿੱਤਾ।
ਸਾਡੇ ਲਈ ਸਵਤੰਤਰਤਾ ਨਿੱਜ ਜੰਮੀ, ਚੀਰ ਸੋਹਣੇ ਪੰਜਾਬ ਦਾ ਪੇਟ ਦਿੱਤਾ।

ਜਾਣੀ ਜਾਣ ਮਹਾਨ ਪ੍ਰਤਾਪ ਸਤਿਗੁਰ, ਜਾਣੀ ਜਦੋਂ ਭਵਿੱਖ ਦੀ ਬਾਤ ਸਾਰੀ।
ਉਹਨਾਂ ਦੇ ਹੋਕਾ ਪੱਲੂ ਫੇਰ ਦਿੱਤਾ, ਕਿਹਾ ਆਉਣੀ ਮੁਸੀਬਤ ਹੈ ਬੜੀ ਭਾਰੀ।
ਖਰੀਦੀ ਪਹਿਲਾਂ ਜ਼ਮੀਨ ਆ ਕੇ, ਜੀਵਨ ਨਗਰ ਇਲਾਕੇ ਦੀ ਮੱਲ ਮਾਰੀ।
ਕਿਹਾ ਲੂ ਤੱਤੀ ਲੱਗੇ ਨਾ ਸਿੱਖਾਂ ਨੂੰ, ਰਾਵੀ ਪਾਰ ਹੋ ਜਾਓ ਬਚਨ ਕਰ ਦਿੱਤਾ।
ਜਿੰਨਾਂ ਮੰਨਿਆਂ ਬਚਨ ਨਿਹਾਲ ਹੋਏ, ਉੱਕਾ, ਔਕੜਾਂ ਨਹੀਂ ਸਹਾਰੀਆਂ ਉਨ੍ਹਾਂ।
ਛੱਡ ਤਖਤ ਹਜ਼ਾਰਾ ਆ ਜੱਗ ਮੱਲੀ, ਆਣ ਏਥੇ ਨਾਮਧਾਰੀਆਂ ਨੇ।

ਫੇਰ ਸਾਂਭ ਕਮਾਨ ਜਗਜੀਤ ਸਤਿਗੁਰ, ਬਾਗ ਪੰਥ ਦਾ ਆਣ ਸੰਭਾਲਿਆ ਏ।
ਉੜਾਂ ਥੁੜਾਂ ਉਜਾੜੇ ਦੇ ਦੌਰ ਅੰਦਰ, ਪੰਥ ਪੁੱਤਰਾਂ ਵਾਂਗਰਾ ਪਾਲਿਆ ਏ।
ਕਿਰਪਾ ਕੀਤੀ ਵਸਾਏ ਉਸ ਲੋਕ ਉੱਜੜੇ, ਲੋੜਵੰਦਾਂ ਲਈ ਲਹੂ ਵੀ ਬਾਲਿਆ ਏ।
ਲੰਗਰ ਪਾਣੀ ਤਿਹਾਇਆਂ ਨੂੰ ਵੀ ਦਿੱਤਾ, ਜਿਹਨਾਂ ਘ੍ਰਿਤ ਸਮੁੰਦਰ ਉਛਾਲਿਆ ਏ।
